ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 46 | 25 November 2020 to 01 December 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



**7** ਖ਼ਬਰਸਾਰ
ਪੰਜਾਬ ਲਈ ਆਸ ਦੀ ਕਿਰਨ ਬਣਿਆ: ਸ਼ੰਭੂ ਮੋਰਚਾ





**16** ਵਿਸ਼ੇਸ਼ ਰਿਪੋਰਟ
ਹਰਿਆਣਾ ਸਰਕਾਰ ਭਜਨ ਲਾਲ ਦੇ ਰਾਹ, ਕਿਸਾਨੀ ਅੰਦੋਲਨ ਨੂੰ ਕੁਚਲਣ ਦੇ ਰਾਹ





**23** ਕਵਰ ਸਟੋਰੀ
ਚੰਬਲ ਤੋਂ ਸੰਸਦ ਜਾਣ ਵਾਲੀ ਫੂਲਨ ਦੇਵੀ





**29** ਫਿਲਮੀ ਦੁਨੀਆ
ਪੁਰਾਤਨ ਪੰਜਾਬੀ ਗਾਇਕੀ ਉੱਤਮ ਕਲਾ ਦਾ ਨਮੂਨਾ ਸੀ




# ਦਿੱਲੀ ਖਿਲਾਫ ਪੰਜਾਬ ਦਾ ਇਤਿਹਾਸਕ ਕੂਚ ਸ਼ੁਰੂ ਹੋਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਪੰਜਾਬ ਦੇ ਅਣਖੀਲੇ ਲੋਕਾਂ ਨੇ ਇਕ ਵਾਰ ਫੇਰ ਦਿੱਲੀ ਦੀ ਹਕੂਮਤ ਨੂੰ ਝੁਕਾਉਣ ਲਈ ਪੰਜਾਬ ਤੋਂ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ ਹਨ। ਪੰਜਾਬ ਵਿਚੋਂ ਬਜ਼ੁਰਗ, ਨੌਜਵਾਨ, ਮਰਦ, ਔਰਤਾਂ, ਬੱਚੇ ਇਸ ਸੰਘਰਸ਼ੀ ਕਾਫਲੇ ਦਾ ਹਿੱਸਾ ਬਣ ਕੇ ਦਿੱਲੀ ਵੱਲ ਨੂੰ ਤੁਰੇ ਹਨ। ਇਹਨਾਂ ਪੰਜਾਬੀਆਂ ਦੇ ਹੱਥਾਂ ਵਿਚ ਫੜ੍ਹੇ ਝੰਡੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਹੋ ਸਕਦੇ ਹਨ ਪਰ ਇਹਨਾਂ ਦੇ ਦਿਲ ਵਿਚ ਇਕ ਨਿਸ਼ਾਨਾ ਪੱਕਾ ਘਰ ਕਰ ਗਿਆ ਹੈ ਕਿ ਦਿੱਲੀ ਦੇ ਤਖਤ 'ਤੇ ਕਾਬਜ਼ ਮੋਦੀ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਦੇ ਹੰਕਾਰ ਨੂੰ ਜੁੱਤੀ ਥੱਲੇ ਲੈ ਕੇ ਆਉਣਾ ਹੈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਦੇ ਕਿਸਾਨ ਅਤੇ ਹੋਰ ਵਰਗ ਸ਼ਾਂਤਮਈ ਸੰਘਰਸ਼ ਕਰ ਰਹੇ ਸਨ ਪਰ ਭਾਰਤ ਸਰਕਾਰ ਨੇ ਕਿਸਾਨਾਂ ਦੀ ਅਵਾਜ਼ ਨਹੀਂ ਸੁਣੀ। ਇਸ ਲਈ ਕਿਸਾਨਾਂ ਨੇ ਭਾਰਤ ਸਰਕਾਰ ਖਿਲਾਫ ਇਸ ਫੈਂਸਲਾਕੁੰਨ ਲੜਾਈ ਵਿਚ ਦਿੱਲੀ ਵੱਲ ਨੂੰ ਕੂਚ ਕੀਤਾ ਹੈ। ਕਿਸਾਨਾਂ ਦੀ ਮੰਗ ਹੈ ਕਿ ਭਾਰਤ ਸਰਕਾਰ ਇਹਨਾਂ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰੇ, ਬਿਜਲੀ ਬਿਲ ਲਿਆਉਣ ਦੇ ਫੈਂਸਲੇ ਨੂੰ ਰੱਦ ਕਰੇ ਅਤੇ ਐਮਐਸਪੀ ਨੂੰ ਕਾਨੂੰਨੀ ਬਣਾਵੇ।

**ਲੱਖਾਂ ਦੀ ਗਿਣਤੀ ਵਿਚ ਤੁਰੇ ਕਿਸਾਨ**

ਪੰਜਾਬ ਦੇ ਲੱਖਾਂ ਦੀ ਗਿਣਤੀ ਵਿਚ ਕਿਸਾਨ ਦਿੱਲੀ ਵੱਲ ਨੂੰ ਤੁਰ ਪਏ ਹਨ। ਪੰਜਾਬ ਦੇ ਸਾਰੇ ਖਿੱਤਿਆਂ ਵਿਚੋਂ ਕਿਸਾਨਾਂ ਨੇ ਚਾਲਾ ਮਾਰ ਦਿੱਤਾ ਹੈ। ਕਿਸਾਨਾਂ ਨੇ ਆਪਣੇ ਨਾਲ ਕਈ ਮਹੀਨਿਆਂ ਦੇ ਲੰਗਰ ਦਾ ਰਾਸ਼ਨ ਵੀ ਚੁੱਕ ਲਿਆ ਹੈ। ਕਿਸਾਨ ਆਪਣੇ ਹੱਕਾਂ ਲਈ ਦਿੱਲੀ ਦੇ ਤਖਤ ਖਿਲਾਫ ਲੰਬੀ ਲੜਾਈ ਲੜਨ ਲਈ ਤਿਆਰੀ ਕਰਕੇ ਚੱਲੇ ਹਨ। ਭਾਵੇਂ ਕਿ ਕਿਸਾਨਾਂ ਨੇ ਦਿੱਲੀ 26 ਤਰੀਕ ਨੂੰ ਪਹੁੰਚਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਕਿਸਾਨਾਂ ਨੂੰ ਪੰਜਾਬ-ਹਰਿਆਣਾ ਦੀਆਂ ਹੱਦਾਂ 'ਤੇ ਹੀ ਰੋਕ ਲਿਆ ਗਿਆ। ਕਿਸਾਨਾਂ ਦੀਆਂ ਕਈ ਥਾਵਾਂ 'ਤੇ ਹਰਿਆਣਾ ਪੁਲਿਸ ਨਾਲ ਝੜਪਾਂ ਵੀ ਹੋਈਆਂ ਹਨ। ਕਿਸਾਨਾਂ ਨੇ ਐਲਾਨ ਕੀਤਾ ਹੋਇਆ ਹੈ ਕਿ ਉਹ ਇਹ ਕਾਨੂੰਨ ਰੱਦ ਹੋਏ ਬਿਨ੍ਹਾਂ ਘਰਾਂ ਨੂੰ ਨਹੀਂ ਮੁੜਨਗੇ।

**ਹਰਿਆਣਾ ਨੇ ਪੰਜਾਬੀਆਂ ਨੂੰ ਦਿੱਲੀ ਵੱਲ ਵਧਣੋਂ ਰੋਕਣ ਦਾ ਪ੍ਰਬੰਧ ਕੀਤਾ**

ਹਰਿਆਣਾ ਦੇ ਭਾਜਪਾਈ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਹੁਕਮਾਂ 'ਤੇ ਹਰਿਆਣਾ ਪੁਲਸ ਨੇ ਪੰਜਾਬ ਨਾਲ ਲਗਦੀਆਂ ਸਾਰੀਆਂ ਹੱਦਾਂ ਨੂੰ ਸੀਲ ਕਰ ਦਿੱਤਾ ਹੈ। ਹਰਿਆਣਾ ਪੁਲਸ ਨੇ ਬੈਰੀਕੇਡਾਂ ਦੇ ਨਾਲ-ਨਾਲ ਸੜਕ 'ਤੇ ਵੱਡੇ ਵੱਡੇ ਪਿੱਲਰ ਵੀ ਸੁੱਟ ਦਿੱਤੇ ਹਨ ਅਤੇ ਬੈਰੀਕੇਡਾਂ 'ਤੇ ਕੰਡਿਆਲੀ ਤਾਰ ਲਾ ਦਿੱਤੀ ਹੈ। ਕਿਸਾਨਾਂ ਨੂੰ ਜਿੱਥੇ ਜਿੱਥੇ ਪੁਲਸ ਵੱਲੋਂ ਰੋਕਿਆ ਜਾ ਰਿਹਾ ਹੈ ਕਿਸਾਨਾਂ ਨੇ ਉੱਥੇ ਹੀ ਸੜਕਾਂ 'ਤੇ




ਮੋਰਚੇ ਲਾ ਦਿੱਤੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਵਿੱਚ ਅੜਿੱਕਾ ਪਾ ਕੇ ਕਿਸਾਨਾਂ ਦੇ ਲੋਕਤੰਤਰ ਹੱਕਾਂ ਦਾ ਘਾਣ ਕਰ ਰਹੀ ਹੈ। ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਦੀ ਭਾਜਪਾ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੇ ਇਕੱਠ ਨੂੰ ਰੋਕਣ ਲਈ ਸੀਆਰਪੀਸੀ ਦੀ ਧਾਰਾ 144 ਲਾਗੂ ਕੀਤੀ ਹੈ।ਪੁਲੀਸ ਨੇ ਰਾਜ ਵਿੱਚ ਤਕਰੀਬਨ 100 ਕਿਸਾਨ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪੁਲੀਸ ਅਨੁਸਾਰ 26 ਨਵੰਬਰ ਤੋਂ 'ਦਿੱਲੀ ਚਲੋ' ਅੰਦੋਲਨ ਦੇ ਹਿੱਸੇ ਵਜੋਂ ਪੰਜਾਬ ਤੋਂ ਤਕਰੀਬਨ 200000 ਕਿਸਾਨ ਦਿੱਲੀ ਲਈ ਰਵਾਨਾ ਹੋਏ ਹਨ।

**ਕਿਸਾਨ ਮੋਰਚੇ ਵਿੱਚ ਸ਼ਾਮਲ ਪਿੰਡ ਧਨੇਰ ਦੇ ਕਿਸਾਨ ਦੀ ਸੜਕ ਹਾਦਸੇ 'ਚ ਮੌਤ**

ਬਰਨਾਲਾ ਲੁਧਿਆਣਾ ਮੁੱਖ ਮਾਰਗ 'ਤੇ ਟੋਲ ਪਲਾਜ਼ਾ ਅੱਗੇ ਚੱਲ ਰਹੇ ਕਿਸਾਨ ਮੋਰਚੇ ਨੇੜੇ ਮੋਰਚੇ ਵਿੱਚ ਸ਼ਾਮਲ ਪਿੰਡ ਧਨੇਰ ਦੇ ਕਿਸਾਨ ਦੀ ਸ਼ਾਮ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ।ਮਿਲੀ ਜਾਣਕਾਰੀ ਅਨੁਸਾਰ ਪੱਕੇ ਮੋਰਚੇ ਵਿੱਚ ਸ਼ਾਮਲ ਪਿੰਡ ਧਨੇਰ ਦਾ ਸਰਗਰਮ ਵਰਕਰ ਕਾਹਨ ਸਿੰਘ ਖਰਾਬ ਮੌਸਮ ਕਾਰਨ ਧਰਨੇ 'ਤੇ ਬੈਠੇ ਕਿਸਾਨਾਂ ਲਈ ਨੇੜਲੇ ਇੱਕ ਗੁਦਾਮ ਤੋਂ ਤਰਪਾਲ ਲੈਣ ਗਿਆ ਸੀ ਅਤੇ ਵਾਪਸ ਆਉਂਦੇ ਸਮੇਂ ਮੋਰਚੇ ਨੇੜੇ ਹੀ ਇੱਕ ਕਾਰ ਦੀ ਲਪੇਟ ਵਿੱਚ ਆਉਣ ਕਾਰਨ ਉਸਦੀ ਮੌਤ ਹੋ ਗਈ। ਕਿਸਾਨ ਆਗੂਆਂ ਨੇ ਮ੍ਰਿਤਕ ਕਿਸਾਨ ਦੇ ਇੱਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ,5 ਲੱਖ ਰੁਪਏ ਦਾ ਮੁਆਵਜ਼ਾ ਅਤੇ ਪਰਿਵਾਰ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਮੰਗ ਕੀਤੀ।

**ਕਿਸਾਨ ਮਾਰਚ ਦੀ ਹਮਾਇਤ ਕਰੇਗਾ ਅਕਾਲੀ ਦਲ: ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਦੇਸ਼ ਦੇ ਅੰਨਦਾਤਾ ਨੂੰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕਿਸਾਨ ਵਿਰੋਧੀ ਕਾਨੂੰਨਾਂ ਖ਼ਿਲਾਫ਼ ਰੋਸ ਪ੍ਰਗਟ ਕਰਨ ਦੇ ਲੋਕਤੰਤਰੀ ਅਧਿਕਾਰ ਨਾ ਦੇਣ ਦੀ ਜ਼ੋਰਦਾਰ ਨਿਖੇਧੀ ਕੀਤੀ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਕਿਸਾਨਾਂ ਨੂੰ ਆਖ ਰਹੀ ਹੈ ਕਿ ਉਨ੍ਹਾਂ ਲਈ ਬੂਹੇ ਖੁੱਲ੍ਹੇ ਹਨ ਤੇ ਦੂਜੇ ਪਾਸੇ ਉਨ੍ਹਾਂ ਨੂੰ ਜਮਹੂਰੀ ਢੰਗ ਨਾਲ ਰੋਸ ਮੁਜ਼ਾਹਰਾ ਕਰਨ ਦੀ ਆਗਿਆ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 26 ਨਵੰਬਰ ਨੂੰ ਦਿੱਲੀ ਵਿਚ ਕਿਸਾਨ ਮਾਰਚ ਦੀ ਖੁੱਲ੍ਹੀ ਹਮਾਇਤ ਕਰੇਗਾ ਅਤੇ ਇਸ ਨੂੰ ਸਫ਼ਲ ਬਣਾਏਗਾ। ਉਨ੍ਹਾਂ ਆਖਿਆ ਕਿ ਇਨ੍ਹਾਂ ਰੋਸ ਧਰਨਿਆਂ ਮਗਰੋਂ ਉਨ੍ਹਾਂ ਦੀ ਪਾਰਟੀ ਨੇ ਕਿਸਾਨਾਂ ਵੱਲੋਂ ਦਿੱਤੇ ਪ੍ਰੋਗਰਾਮਾਂ ਅਨੁਸਾਰ ਚੱਲਣ ਦਾ ਫੈਸਲਾ ਕੀਤਾ ਹੈ।

**ਸੀਟੀਊ ਨੇ ਹਰਿਆਣੇ ਦੀਆਂ ਸਾਰੀਆਂ ਬੱਸਾਂ ਬੰਦ ਕੀਤੀਆਂ**

ਦਿੱਲੀ ਵੱਲ ਵਧ ਰਹੇ ਕਿਸਾਨਾਂ ਦੇ ਸੰਘਰਸ਼ ਦੇ ਮੱਦੇਨਜ਼ਰ ਸੀਟੀਯੂ ਨੇ 26 ਅਤੇ 27 ਨਵੰਬਰ ਨੂੰ ਚੰਡੀਗੜ੍ਹ ਤੋਂ ਹਰਿਆਣੇ-ਦਿੱਲੀ ਵੱਲ ਜਾਣ ਵਾਲੀਆਂ ਸਾਰੀਆਂ ਬੱਸਾਂ ਰੱਦ ਕਰ ਦਿੱਤੀਆਂ ਹਨ। ਸੀਟੀਯੂ ਨੇ ਕਿਹਾ ਹੈ ਕਿ ਕਿਸਾਨ ਸੰਘਰਸ਼ ਦੇ ਚਲਦਿਆਂ ਪੰਜਾਬ ਅਤੇ ਹਿਮਾਚਲ ਵਿਚ ਜਾਂਦੀਆਂ ਬੱਸਾਂ ਵੀ ਪ੍ਰਭਾਵਤ ਹੋ ਸਕਦੀਆਂ ਹਨ।

**ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਖ਼ੁਦਮੁਖ਼ਤਿਆਰੀ ਦੀ ਲੋੜ: ਦੀਪ ਸਿੱਧੂ**

ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਪੰਜਾਬ ਨੂੰ ਖ਼ੁਦਮੁਖਤਿਆਰੀ ਦੀ ਇਸ ਸਮੇਂ ਵੱਡੀ ਲੋੜ ਹੈ। ਇਹ ਪ੍ਰਗਟਾਵਾ ਢਾਹਾਂ ਵਿਖੇ ਚਾਰ ਜ਼ਿਲ੍ਹਿਆਂ ਦੇ ਕਿਸਾਨਾਂ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਸ਼ੰਭੂ ਵਿਖੇ ਕਿਸਾਨੀ ਹੱਕਾਂ ਲਈ ਮੋਰਚਾ ਲਾਉਣ ਵਾਲੇ ਅਦਾਕਾਰ ਦੀਪ ਸਿੱਧੂ ਨੇ ਪ੍ਰਗਟਾਏ। ਉਨ੍ਹਾਂ ਕਿਹਾ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਕਿਸੇ ਵੀ ਕੇਂਦਰ ਸਰਕਾਰ ਨੇ ਸਾਰਥਕ ਯਤਨ ਨਹੀਂ ਕੀਤੇ ਸਗੋਂ ਪੰਜਾਬ ਨਾਲ ਧੱਕਾ ਹੀ ਕੀਤਾ । ਹੰਢਣਸਾਰ ਖੇਤੀਬਾੜੀ ਦੇ ਪੰਜਾਬ ਕੇਂਦਰਤ ਮਾਡਲ ਵਿਸ਼ੇ 'ਤੇ ਬੋਲਦਿਆਂ ਉਨ੍ਹਾਂ ਆਖਿਆ ਕਿ ਇਸ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਸੰਘਰਸ਼ ਕਰਕੇ ਆਪਣੀ ਕਿਸਮਤ ਦੇ ਘਾੜੇ ਘੜਨੇ ਪੈਣਗੇ। ਉਨ੍ਹਾਂ ਕਿਹਾ ਕਿ ਸਿਆਸੀ ਜਮੂਰੀਆ ਤੋਂ ਕੋਈ ਵੀ ਆਸ ਨਹੀਂ ਰੱਖੀ ਜਾ ਸਕਦੀ। ਸਮਾਗਮ ਨੂੰ ਪ੍ਰਸਿੱਧ ਖੇਤੀਬਾੜੀ ਮਾਹਰ ਮਹਿੰਦਰ ਸਿੰਘ ਦੋਸਾਂਝ, ਹਰਬੰਤ ਸਿੰਘ ਸੰਘਾ, ਅਵਤਾਰ ਸਿੰਘ ਫਗਵਾੜਾ ,ਮਨਧੀਰ ਸਿੰਘ ਗੜ੍ਹੀ ਨੇ ਸੰਬੋਧਨ ਕੀਤਾ।

**ਦਿੱਲੀ ਪੁਲੀਸ ਨੇ ਕਿਸਾਨਾਂ ਨੂੰ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ**

ਦਿੱਲੀ ਪੁਲੀਸ ਨੇ ਬੁੱਧਵਾਰ ਨੂੰ ਕਿਹਾ ਕਿ ਉਸ ਨੇ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਰਾਸ਼ਟਰੀ ਰਾਜਧਾਨੀ ਵਿੱਚ ਪ੍ਰਦਰਸ਼ਨ ਕਰਨ ਲਈ ਵੱਖ-ਵੱਖ ਕਿਸਾਨ ਸੰਗਠਨਾਂ ਦੀਆਂ ਸਾਰੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਪੁਲੀਸ (ਨਵੀਂ ਦਿੱਲੀ) ਨੇ ਟਵੀਟ ਕੀਤਾ, '26 ਅਤੇ 27 ਨਵੰਬਰ ਨੂੰ ਦਿੱਲੀ ਆਉਣ ਵਾਲੀਆਂ ਕਿਸਾਨ ਜਥੇਬੰਦੀਆਂ ਲਈ ਸੂਚਨਾ 26 ਅਤੇ 27 ਨਵੰਬਰ ਨੂੰ ਦਿੱਲੀ ਵਿੱਚ ਪ੍ਰਦਰਸ਼ਨਾਂ ਲਈ ਵੱਖ-ਵੱਖ ਕਿਸਾਨ ਸੰਗਠਨਾਂ ਦੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਆਗੂਆਂ ਨੂੰ ਇਸ ਬਾਰੇ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਗਿਆ ਹੈ। ਕ੍ਰਿਪਾ ਕਰਕੇ ਦਿੱਲੀ ਪੁਲੀਸ ਨੂੰ ਸਹਿਯੋਗ ਦਿਓ ਅਤੇ ਕਰੋਨਾ ਮਹਾਮਾਰੀ ਦੌਰਾਨ ਦਿੱਲੀ ਵਿੱਚ ਇਕੱਠੇ ਨਾ ਹੋਵੋ। ਪੁਲੀਸ ਦੀ ਅਪੀਲ ਨਾ ਮੰਨਣ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।'



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's Roady's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE BAYS. EXPERTISE. SOLUTIONS.

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਚੁਣੇ ਗਏ ਰਾਸ਼ਟਰਪਤੀ ਬਾਈਡਨ ਨੇ ਵਾਈਟ ਹਾਊਸ ਟੀਮ ਦਾ ਐਲਾਨ ਕੀਤਾ

**ਵਾਸ਼ਿੰਗਟਨ ਡੀਸੀ/ਸੁਰਿੰਦਰ ਗਿੱਲ:** ਚੁਣੇ ਗਏ ਰਾਸ਼ਟਰਪਤੀ ਜੋ- ਬਾਈਡਨ ਨੇ ਆਪਣੀ ਆਉਣ ਵਾਲੀ ਵਾਈਟ ਹਾਊਸ ਦੀ ਸੀਨੀਅਰ ਟੀਮ ਲਈ ਮੈਂਬਰਾਂ ਦੀ ਘੋਸ਼ਣਾ ਕੀਤੀ ਹੈ।

ਮੈਨੂੰ ਆਪਣੀ ਸੀਨੀਅਰ ਟੀਮ ਦੇ ਵਾਧੂ ਮੈਂਬਰਾਂ ਦੀ ਘੋਸ਼ਣਾ ਕਰਨ ਤੇ ਮਾਣ ਹੈ ਜੋ ਪਹਿਲਾਂ ਨਾਲੋਂ ਬਿਹਤਰ ਬਣਾਉਣ ਵਿਚ ਸਾਡੀ ਮਦਦ ਕਰਨਗੇ। ਅਮਰੀਕਾ ਨੂੰ ਵੱਡੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਉਹ ਇਨਾਂ ਚੁਨੌਤੀਆਂ ਨਾਲ ਨਜਿੱਠਣ ਲਈ ਵੱਖੋ ਵੱਖਰੇ ਦ੍ਰਿਸ਼ਟੀਕੋਣ ਅਤੇ ਸਾਂਝੀ ਵਚਨਬੱਧਤਾ ਲਿਆਉਂਦੇ ਹਨ ਅਤੇ ਦੂਜੇ ਪਾਸੇ ਇਕ ਮਜ਼ਬੂਤ ਤੇ ਵਧੇਰੇ ਏਕਤਾ ਵਾਲਾ ਦੇਸ਼ ਉੱਭਰ ਕੇ ਸਾਹਮਣੇ ਆਵੇ। ਨਵੀਆਂ ਨਿਯੁਕਤੀਆਂ ਵਿੱਚ ਜੇਨ ਓਮੈਲੀ ਡਿਲਨ ਡਿਪਟੀ ਚੀਫ਼ ਆਫ਼ ਸਟਾਫ, ਸੇਡ੍ਰਿਕ ਰਿਚਮੰਡ ਰਾਸ਼ਟਰਪਤੀ ਦੇ ਸੀਨੀਅਰ ਸਲਾਹਕਾਰ ਅਤੇ ਵਾਈਟ ਹਾਊਸ ਆਫਿਸ ਆਫ ਪਬਲਿਕ ਐਂਗਜਮੈਂਟ ਦੇ ਡਾਇਰੈਕਟਰ, ਜੂਲੀ ਰਾਡਰਿਗਜ਼, ਅੰਤਰ-ਸਰਕਾਰੀ ਮਾਮਲਿਆਂ ਦੇ ਵਾਈਟ ਹਾਊਸ ਦਫ਼ਤਰ ਦੀ ਡਾਇਰੈਕਟਰ ਐਨੀ ਟੋਮਾਸਿਨੀ, ਓਵਲ ਦਫ਼ਤਰ ਦੇ ਸੰਚਾਲਨ ਦੇ ਨਿਰਦੇਸ਼ਕ ਮਾਈਕ ਡੋਨਿਲਨ, ਰਾਸ਼ਟਰਪਤੀ ਦੇ ਸੀਨੀਅਰ ਸਲਾਹਕਾਰ ਡਾਨਾ ਰੀਮਸ, ਰਾਸ਼ਟਰਪਤੀ ਦੀ



ਸਲਾਹ ਸਟੀਵ ਰਿਚੇਟੀ, ਰਾਸ਼ਟਰਪਤੀ ਦੇ ਸਲਾਹਕਾਰ ਜੂਲੀਸਾ ਰੇਨੋਸੋ ਪੈਂਟੇਲੀਅਨ, ਚੀਫ਼ ਆਫ਼ ਸਟਾਫ਼ ਡਾ: ਜਿਲ ਬਿਡੇਨ, ਐਂਥਨੀ ਬਰਨਾਲ, ਜਿਲ ਬਿਡੇਨ ਦੇ ਸੀਨੀਅਰ ਸਲਾਹਕਾਰ ਚੁਣੇ ਗਏ ਰਾਸ਼ਟਰਪਤੀ ਬਾਈਡਨ ਅਤੇ ਉਪ-ਰਾਸ਼ਟਰਪਤੀ ਚੁਣੀ ਗਈ ਹੈਰਿਸ ਕਾਰਜ ਕਰਨ ਲਈ ਇੱਕ ਉਤਸ਼ਾਹੀ ਅਤੇ ਜ਼ਰੂਰੀ ਏਜੰਡਾ ਰੱਖਦੇ ਹਨ। ਜਿਹੜੀ ਟੀਮ ਅਸੀਂ ਪਹਿਲਾਂ ਹੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ, ਉਹ ਸਾਨੂੰ ਪਹਿਲੇ ਦਿਨ ਆਪਣੇ ਦੇਸ਼ ਨੂੰ ਦਰਪੇਸ਼ ਚੁਨੌਤੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਕਰੇਗੀ, ਵਾਈਟ ਹਾਊਸ ਦੇ ਚੀਫ਼ ਆਫ਼ ਸਟਾਫ ਰੌਨ ਕਲੇਨ ਨੇ ਕਿਹਾ ਹੈ।

ਪਿਛਲੇ ਹਫ਼ਤੇ ਦੇ ਸ਼ੁਰੂ ਵਿੱਚ, ਬਾਈਡਨ ਨੇ ਆਪਣੇ ਲੰਮੇ ਸਮੇਂ ਦੇ ਸਹਾਇਕ ਰੋਨ ਕਲੇਨ ਨੂੰ ਵਾਈਟ ਹਾਊਸ ਦਾ ਸਟਾਫ ਚੀਫ਼ ਬਣਾਉਣ ਲਈ ਨਾਮਜ਼ਦ ਕੀਤਾ ਸੀ। ਓਬਾਮਾ-ਬਿਡੇਨ ਪ੍ਰਸ਼ਾਸਨ ਦਾ ਸਾਬਕਾ ਵਿਦਿਆਰਥੀ, ਕਲਾਇਨ ਇਸ ਤੋਂ ਪਹਿਲਾਂ ਉਪ-ਰਾਸ਼ਟਰਪਤੀ ਹੋਣ ਸਮੇਂ ਬਿਡੇਨ ਦੇ ਮੁੱਖ ਸਟਾਫ ਵਜੋਂ ਸੇਵਾ ਨਿਭਾਅ ਰਿਹਾ ਸੀ।

ਬਿਡੇਨ ਨੇ ਕਿਹਾ, ਰੋਨ ਪਿਛਲੇ ਕਈ ਸਾਲਾਂ ਤੋਂ ਮੇਰੇ ਲਈ ਅਨਮੋਲ ਰਿਹਾ ਹੈ, ਜਿਸ ਨਾਲ ਅਸੀਂ ਮਿਲ ਕੇ ਕੰਮ ਕੀਤਾ ਹੈ, ਜਿਸ ਵਿੱਚ ਅਸੀਂ 2009 ਦੇ ਆਪਣੇ ਇਤਿਹਾਸ ਦੀ ਸਭ ਤੋਂ ਮਾੜੀ ਮੰਦੀ ਸਥਿਤੀ ਤੋਂ ਅਮਰੀਕੀ ਆਰਥਿਕਤਾ ਨੂੰ ਬਚਾਇਆ ਸੀ ਅਤੇ ਬਾਅਦ ਵਿੱਚ 2014 ਵਿੱਚ ਜਨਤਕ ਸਿਹਤ ਐਮਰਜੈਂਸੀ ਦੀ ਇੱਕ ਪ੍ਰੇਸ਼ਾਨੀ ਨੂੰ ਪਛਾੜ ਦਿੱਤਾ ਸੀ।

# ਕਮਲਜੀਤ ਸਿੰਘ ਅਟਵਾਲ ਅਤੇ ਪਰਿਵਾਰ ਨੂੰ ਅਸਹਿ ਸਦਮਾ

**ਫਰੀਮਾਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਦੀ ਕਮੇਟੀ ਮੈਂਬਰ ਭਾਈ ਕਮਲਜੀਤ ਸਿੰਘ ਅਟਵਾਲ ਦੇ ਪਿਤਾ ਭਾਈ ਜੋਗਿੰਦਰ ਸਿੰਘ 23 ਨਵੰਬਰ ਨੂੰ ਸੜਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਏ।

ਭਾਈ ਜੋਗਿੰਦਰ ਸਿੰਘ ਅਟਵਾਲ ਪਿੰਡ ਉਟਾਲ ਨੇੜੇ ਜਾਡਲਾ ਜ਼ਿਲ੍ਹਾ ਨਵਾਸ਼ਹਿਰ ਪੰਜਾਬ ਨਿਵਾਸੀ ਸਨ, ਜਿਨ੍ਹਾ ਦੀ ਉਮਰ ਲਗਭਗ 84 ਸਾਲ ਸੀ ਆਪਣੇ ਪਰਿਵਾਰ ਕੋਲ ਅਮਰੀਕਾ ਆਉਦੇ ਜਾਦੇ ਰਹਿੰਦੇ ਸਨ। ਉਹ ਅਜੇ ਪਿਛਲੇ ਦਿਨੀਂ 11 ਸਤੰਬਰ ਨੂੰ ਹੀ ਸਾਨਫਰਾਸਿਸਕੋ, ਕੈਲੀਫੋਰਨੀਆ ਏਅਰਪੋਰਟ ਤੋਂ ਪਿੰਡ ਉਟਾਲ ਜ਼ਿਲ੍ਹਾ ਨਵਾਸ਼ਹਿਰ ਪੰਜਾਬ ਗਏ ਸਨ।

ਉਨ੍ਹਾ ਦਾ ਸੰਸਕਾਰ ਪਿੰਡ ਉਟਾਲ ਵਿਖੇ 24 ਨਵੰਬਰ, 2020 ਨੂੰ ਕੀਤਾ ਗਿਆ। ਉਨ੍ਹਾ ਦੀ ਅੰਤਿਮ ਅਰਦਾਸ ਲਈ ਰੱਖੇ ਸਹਿਜ ਪਾਠ ਦਾ ਭੋਗ 12 ਦਸੰਬਰ, 2020 ਨੂੰ ਬਾਅਦ ਦੁਪਹਿਰ ਪਿੰਡ ਉਟਾਲ ਦੇ ਗੁਰਦੁਆਰਾ ਸਾਹਿਬ ਵਿਖੇ ਪਵੇਗਾ।

ਉਹ ਆਪਣੇ ਪਿੱਛੇ ਦੋ ਭਰਾ ਜਿਨ੍ਹਾ ਵਿਚ



ਸ. ਦਰਸ਼ਨ ਸਿੰਘ ਸਾਬਕਾ ਸਰਪੰਚ, ਪਿਆਰਾ ਸਿੰਘ ਅਟਵਾਲ, ਇੰਗਲੈਂਡ ਵਿਚ ਦੋ ਭੈਣਾ, ਤਿੰਨ ਪੁੱਤਰ, ਨੂੰਹਾ, ਧੀ, ਭਤੀਜੇ, ਭਤੀਜੀਆ, ਪੋਤਰੇ, ਪੋਤਰੀਆ, ਦੋਹਤੇ ਦੋਹਤੀਆ, ਵੱਡਾ ਪਰਿਵਾਰ ਛੱਡ ਗਏ ਹਨ। ਪਰਿਵਾਰ ਨਾਲ ਸੰਪਰਕ ਲਈ ਫੋਨ : ਕਮਲਜੀਤ ਸਿੰਘ 510-750-4303, ਦਿਲਾਵਰ ਸਿੰਘ 510-461-0730, ਅਮਰੀਕ ਸਿੰਘ 360-383-7427, ਸਤਨਾਮ ਸਿੰਘ 510-861-0937

# ਜੋਅ ਬਾਇਡੇਨ ਦੀ ਟੀਮ ਵੱਲੋਂ ਸੱਤਾ ਤਬਦੀਲੀ ਲਈ ਤਿਆਰੀਆਂ ਸ਼ੁਰੂ, ਸੰਘੀ ਏਜੰਸੀਆਂ ਨਾਲ ਕੀਤਾ ਰਾਬਤਾ ਕਾਇਮ

## ਬਾਇਡੇਨ ਤੇ ਹੈਰਿਸ ਜੋੜੀ ਨੂੰ ਤਕਰਬੀਨ 4% ਵਧ ਵੋਟਾਂ ਮਿਲੀਆਂ

**ਕੈਲੀਫੋਰਨੀਆ 25 ਨਵੰਬਰ (ਹੁਸਨ ਲੜੋਆ ਬੰਗਾ):** ਟਰੰਪ ਪ੍ਰਸ਼ਾਸਨ ਵੱਲੋਂ ਰਸਮੀ ਤੌਰ ’ਤੇ ਸੱਤਾ ਤਬਦੀਲੀ ਲਈ ਰਾਹ ਪੱਧਰਾ ਕਰਨ ਦੇ ਇਕ ਦਿਨ ਬਾਅਦ ਰਾਸ਼ਟਰਪਤੀ ਚੋਣ ਜਿੱਤੇ ਡੈਮੋਕਰੇਟਿਕ ਉਮੀਦਵਾਰ ਜੋਅ ਬਾਇਡੇਨ ਨੇ ਕਿਹਾ ਹੈ ਕਿ ਉਸ ਨੇ ਅੱਜੇ ਖੁਫ਼ੀਆ ਜਾਣਕਾਰੀ ਲੈਣੀ ਸ਼ੁਰੂ ਨਹੀਂ ਕੀਤੀ ਪਰ ਉਹ ਛੇਤੀ ਇਕ ਰਾਸ਼ਟਰਪਤੀ ਵਜੋਂ ਇਹ ਜਾਣਕਾਰੀ ਸਾਂਝੀ ਕਰਨੀ ਸ਼ੁਰੂ ਕਰ ਦੇਣਗੇ। ਬੀਤੇ ਦਿਨ ਟਰੰਪ ਪ੍ਰਸ਼ਾਸਨ ਦੀ ਮੁੱਖੀ ਐਮਿਲੀ ਮਰਫੀ ਨੇ ਐਲਾਨ ਕੀਤਾ ਸੀ ਕਿ ਉਹ ਸਰਕਾਰੀ ਪੱਧਰ ’ਤੇ ਜੋਅ ਬਾਇਡੇਨ ਲਈ ਸੱਤਾ ਤਬਦੀਲੀ ਕਰਨ ਵਾਸਤੇ ਤਿਆਰ ਹਨ ਤੇ ਇਸ ਸਬੰਧੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਇਸ ਤੋਂ ਬਾਅਦ ਬਾਇਡੇਨ ਦੀ “ਟਰਾਂਜੀਸ਼ਨ ਟੀਮ“ ਨੇ ਸੰਘੀ ਏਜੰਸੀਆਂ ਨਾਲ ਰਾਬਤਾ ਕਾਇਮ ਕਰ ਲਿਆ ਹੈ ਤੇ ਸੱਤਾ ਤਬਦੀਲੀ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਐਮਿਲੀ ਮਰਫੀ ਨੇ ਸੱਤਾ ਤਬਦੀਲੀ ਦਾ ਐਲਾਨ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਮਿਲੀ ਹਰੀ ਝੰਡੀ ਤੋਂ ਬਾਅਦ ਹੀ ਕੀਤਾ ਸੀ। ਇਸ ਤਰਾਂ ਟਰੰਪ ਵੀ ਜ਼ਹਿਨੀ ਤੌਰ ’ਤੇ ਹਾਰ ਸਵਿਕਾਰ ਕਰ ਚੁੱਕੇ ਹਨ।

**ਬਾਇਡੇਨ ਤੇ ਹੈਰਿਸ ਜੋੜੀ ਨੂੰ ਰਿਕਾਰਡ ਵੋਟਾਂ ਮਿਲੀਆਂ**

ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਹੁਣ ਤੱਕ ਦੇ ਅਮਰੀਕੀ ਇਤਿਹਾਸ ਵਿਚ ਸਭ ਤੋਂ ਵਧ ਵੋਟਾਂ ਲਿਜਾਣ ਵਾਲੇ ਉਮੀਦਵਾਰ ਬਣ ਗਏ ਹਨ। 2008 ਵਿਚ ਰਾਸ਼ਟਰਪਤੀ ਚੋਣ ਜਿੱਤੇ ਡੈਮੋਕਰੇਟਿਕ ਉਮੀਦਵਾਰ ਬਰਾਕ ਉਬਾਮਾ ਨਾਲੋਂ ਉਨਾਂ ਨੂੰ ਇਕ ਕਰੋੜ ਵਧ ਵੋਟਾਂ ਮਿਲੀਆਂ ਹਨ। ਉਸ ਸਮੇਂ ਉਬਾਮਾ 7 ਕਰੋੜ ਤੋਂ ਵਧ ਵੋਟਾਂ ਲੈ ਗਏ ਸਨ ਜਦ ਕਿ ਜੋਅ ਬਾਇਡੇਨ 8 ਕਰੋੜ ਤੋਂ ਵਧ ਵੋਟਾਂ ਨਾਲ ਜਿੱਤੇ ਹਨ। 2012 ਵਿਚ ਨਾ ਹੀ ਉਬਾਮਾ , ਉਸ ਤੋਂ ਬਾਅਦ ਡੋਨਾਲਡ ਟਰੰਪ ਤੇ ਡੈਮੋਕਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਏਨੀਆਂ ਵੋਟਾਂ ਮਿਲੀਆਂ ਸਨ। “ਨਾਨਪਾਰਸ਼ੀਅਨ ਕੁੱਕ ਪੋਲੀਟੀਕਲ“ ਰਿਪੋਰਟ ਅਨੁਸਾਰ ਬਾਇਡੇਨ-ਹੈਰਿਸ ਜੋੜੀ ਨੂੰ ਕੁਲ ਭੁਗਤੀਆਂ ਵੋਟਾਂ ਵਿਚੋਂ ਤਕਰੀਬਨ 51% (8,00,70,466) ਵੋਟਾਂ ਮਿਲੀਆਂ ਹਨ ਜਦ ਕਿ ਟਰੰਪ -ਪੈਨਸ ਜੋੜੀ ਨੂੰ 47.1% (7,38,90,413) ਵੋਟਾਂ ਮਿਲੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਡੋਨਾਲਡ ਟਰੰਪ ਤੇ ਜੋਏ ਬਾਇਡੇਨ ਵਿਚਾਲੇ ਬਣੀ ਜਬਰਦਸਤ ਟੱਕਰ ਦੇ ਮੱਦੇਨਜਰ ਮੱਤਦਾਤਾ ਨੇ ਵਧ ਚੜ ਕੇ ਹਿੱਸਾ ਲਿਆ ਹੈ। ਖਾਸ ਕਰਕੇ ਡੈਮੋਕਰੇਟਿਕ ਉਮੀਦਵਾਰ ਦੇ ਸਮਰਥਨ ਵਿਚ ਵੱਡੀ ਗਿਣਤੀ ਵਿਚ ਲੋਕ ਵੋਟਾਂ ਪਾਉਣ ਆਏ। ਇਸ ਵਾਰ ਵੋਟਾਂ ਪਾਉਣ ਵਾਲਿਆਂ ਵਿਚ ਨੌਜਵਾਨਾਂ ਦੀ ਗਿਣਤੀ ਵੀ ਪਹਿਲਾਂ ਦੀ ਤੁਲਨਾ ਵਿਚ ਵਧ ਸੀ। ਨਤੀਜ਼ੇ ਤੋਂ ਸੰਕੇਤ ਮਿਲਿਆ ਹੈ ਕਿ ਉਹ ਵੀ ਬਹੁ ਗਿਣਤੀ ਵਿਚ ਡੈਮੋਕਰੇਟਿਕ ਉਮੀਦਵਾਰ ਦੇ ਹੱਕ ਵਿਚ ਭੁੱਗਤੇ ਹਨ। ਨੌਜਵਾਨਾਂ ਉਪਰ ਵੀ ਟਰੰਪ ਦਾ “ਅਮਰੀਕੀ ਫਸਟ“ ਦਾ ਪੱਤਾ ਰੰਗ ਨਹੀਂ ਵਿਖਾ ਸਕਿਆ। ਕੁਝ ਮਿਊਂਸਪੈਲਟੀਆਂ ਵਿਚ ਅਜੇ ਵੀ ਵੋਟਾਂ ਦੀ ਗਿਣਤੀ ਚੱਲ ਰਹੀ ਹੈ ਜਿਸ ਨਾਲ ਬਾਇਡੇਨ ਦੀਆਂ ਵੋਟਾਂ ਦੀ ਗਿਣਤੀ ਹੋਰ ਵਧ ਸਕਦੀ ਹੈ। ਮੈਨੀ ਨੇ ਹੁਣੇ ਹੀ ਮਿਲਟਰੀ ਤੇ ਵਿਦੇਸ਼ਾਂ ਵਿਚੋਂ ਪਈਆਂ ਵੋਟਾਂ ਦੀ ਗਿਣਤੀ ਦੀ ਰਿਪੋਰਟ ਦਿੱਤੀ ਹੈ ਜਿਸ ਅਨੁਸਾਰ ਬਾਈਡੇਨ ਤਕਰੀਬਨ 80% ਵੋਟਾਂ ਲੈ ਗਏ ਹਨ। ਨਿਊਯਾਰਕ ਤੇ ਕੈਲੀਫੋਰਨੀਆ ਦੀਆਂ ਕੁਝ ਮਿਊਂਸਪੈਲਟੀਆਂ ਵਿਚ ਵੀ ਕੁੱਝ ਵੋਟਾਂ ਦੀ ਗਿਣਤੀ ਦਾ ਨਤੀਜ਼ਾ ਆਉਣਾ ਅਜੇ ਰਹਿੰਦਾ ਹੈ।

# ਡੋਨਾਲਡ ਟਰੰਪ ਦੇ ਪੁੱਤਰ ਜੂਨੀਅਰ ਟਰੰਪ ਕੋਰੋਨਾ ਦੀ ਲਪੇਟ ’ਚ

**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁੱਤਰ ਡੋਨਾਲਡ ਟਰੰਪ ਜੂਨੀਅਰ ਦੀ ਕੋਰੋਨਾ ਰਿਪੋਰਟ ਪਾਜ਼ਟਿਵ ਆਈ ਹੈ ਜਿਸ ਤੋਂ ਬਾਅਦ ਉਹ ਏਕਾਂਤਵਾਸ ਵਿਚ ਚਲੇ ਗਏ ਹਨ ਜਿੱਥੇ ਉਨਾਂ ਦਾ ਇਲਾਜ ਹੋ ਰਿਹਾ ਹੈ। ਜੂਨੀਅਰ ਟਰੰਪ ਦੇ ਦਫ਼ਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ‘ਡੋਨ ਜੂਨੀਅਰ ਦੀ ਇਸ ਹਫ਼ਤੇ ਦੇ ਸ਼ੁਰੂ ਵਿਚ ਕੋਰੋਨਾ ਟੈਸਟ ਦੀ ਰਿਪੋਰਟ ਪਾਜ਼ਟਿਵ ਆਈ ਹੈ। ਇਸ ਸਮੇਂ ਖੰਘ ਤੇ ਬੁਖ਼ਾਰ ਆਦਿ ਦੇ ਕੋਈ ਲੱਛਣ ਨਜ਼ਰ ਨਹੀਂ ਆ ਰਹੇ ਪਰ ਉਹ ਕੋਵਿਡ-19 ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰ ਰਹੇ ਹਨ।’






# ਕਿਸਾਨਾਂ ਦੇ ਸੰਘਰਸ਼ ਵਿਚਾਲੇ ਪੰਜਾਬ ਦੇ ਮੁੱਖ ਮੰਤਰੀ ਨੇ ਲਾਇਆ ਰਾਤ ਦਾ ਕਰਫਿਊ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜੱਥੇ ਇਕ ਪਾਸੇ ਪੰਜਾਬ ਵਿਚ ਭਾਰਤ ਦੇ ਕਿਸਾਨੀ ਵਿਰੋਧੀ ਬਿੱਲਾਂ ਖਿਲਾਫ ਕਿਸਾਨ ਭਾਰਤ ਸਰਕਾਰ ਖਿਲਾਫ ਆਪਣੇ ਹੱਕਾਂ ਲਈ ਫੈਂਸਲਾਕੁੰਨ ਸੰਘਰਸ਼ ਦੇ ਰਾਹ ਤੁਰ ਪਏ ਹਨ, ਐਨ ਇਸ ਸਮੇਂ ਅੱਜ ਪੰਜਾਬ ਦੇ ਮੁੱਖ ਮੰਤਰੀ ਨੇ ਕੋਰੋਨਾਵਾਇਰਸ ਦਾ ਹਵਾਲਾ ਦਿੰਦਿਆਂ ਪੰਜਾਬ ਵਿਚ ਰਾਤ ਦੇ ਕਰਫਿਊ ਦਾ ਐਲਾਨ ਕਰ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ 1 ਦਸੰਬਰ ਤੋਂ ਇਹ ਰਾਤ ਦਾ ਕਰਫਿਊ ਸ਼ੁਰੂ ਹੋਵੇਗਾ। ਰਾਤ ਦਾ ਕਰਫਿਊ ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਰਹੇਗਾ। ਰਾਜ ਵਿੱਚ ਸਾਰੇ ਹੋਟਲ, ਰੈਸਟੋਰੈਂਟਾਂ ਅਤੇ ਮੈਰਿਜ ਪੈਲੇਸਾਂ ਦੇ ਖੁੱਲਣ ਦੇ ਸਮੇਂ ਨੂੰ ਰਾਤ 9.30 ਵਜੇ ਤੱਕ ਸੀਮਤ ਕਰ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪੰਜਾਬ ਵਿੱਚ ਕਈ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਹੈ ਜਿਨ੍ਹਾਂ ਵਿੱਚ ਮਾਸਕ ਨਾ ਪਹਿਨਣ ਜਾਂ ਸਮਾਜਕ ਦੂਰੀ ਦੇ ਨਿਯਮਾਂ ਦੀ ਪਾਲਣਾ ਨਾ ਕਰਨ ’ਤੇ ਜੁਰਮਾਨਾ ਦੁਗਣਾ ਕਰ ਦਿੱਤਾ ਗਿਆ ਹੈ।

ਸਰਕਾਰੀ ਬੁਲਾਰੇ ਨੇ ਕਿਹਾ ਕਿ ਕੋਵਿਡ ਨਿਯਮਾਂ ਦੀ ਪਾਲਣ ਨਾ ਕਰਨ ’ਤੇ ਜ਼ੁਰਮਾਨਾ ਮੌਜੂਦਾ 500 ਰੁਪਏ ਤੋਂ ਵਧਾ ਕੇ 1000 ਰੁਪਏ ਕਰ ਦਿੱਤਾ ਗਿਆ ਹੈ।

# ਆਖ਼ਰ ਟਰੰਪ ਜੋਅ ਬਾਇਡਨ ਨੂੰ ਸੱਤਾ ਸੌਂਪਣ ਲਈ ਹੋਏ ਰਾਜ਼ੀ

## ✪ ਜਨਰਲ ਸਰਵਿਸਿਜ਼ ਐਡਮਨਿਸਟ੍ਰੇਸ਼ਨ ਨੇ ਜੋਅ ਬਾਇਡਨ ਨੂੰ 'ਸਪੱਸ਼ਟ ਵਿਜੇਤਾ' ਮੰਨਿਆ ✪ ਟਰੰਪ ਨੇ ਚੋਣ ਨਤੀਜਿਆਂ ਨੂੰ ਚੁਣੌਤੀ ਦੇਣ ਦੀ ਗੱਲ ਬਰਕਰਾਰ ਰੱਖੀ ✪ ਬਾਇਡਨ ਖ਼ਿਲਾਫ਼ ਦਾਇਰ ਵਧੇਰੇ ਕੇਸਾਂ ਵਿੱਚ ਟਰੰਪ ਹਾਰੇ

**ਨਿਊਯਾਰਕ /ਏ.ਟੀ.ਨਿਊਜ਼:** ਟਰੰਪ ਨੇ ਆਖ਼ਰਕਾਰ ਸਵੀਕਾਰ ਕੀਤਾ ਹੈ ਕਿ ਨਵੇਂ ਰਾਸ਼ਟਰਪਤੀ ਚੁਣੇ ਗਏ ਬਾਇਡਨ ਵੱਲੋਂ ਅਹੁਦਾ ਸੰਭਾਲਣ ਲਈ ਅਮਰੀਕੀ ਸਰਕਾਰ ਦੀ ਰਸਮੀ ਟ੍ਰਾਂਜ਼ੀਸ਼ਨ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਸਰਕਾਰ ਸੌਂਪਣ ਦੀ ਨਿਗਰਾਨੀ ਕਰ ਰਹੀ ਫੈਡਰਲ ਏਜੰਸੀ 'ਉਹ ਕਰੇ ਜੋ ਉਸ ਨੂੰ ਕਰਨਾ ਚਾਹੀਦਾ ਹੈ,' ਹਾਲਾਂਕਿ ਉਨਾਂ ਨੇ ਚੋਣ ਨਤੀਜਿਆਂ ਨੂੰ ਚੁਣੌਤੀ ਦੇਣ ਦੀ ਗੱਲ ਬਰਕਰਾਰ ਰੱਖੀ । ਜਨਰਲ ਸਰਵਿਸਿਜ਼ ਐਡਮਿਨਿਸਟ੍ਰੇਸ਼ਨ ਨੇ ਕਿਹਾ ਕਿ ਉਨਾਂ ਨੇ ਬਾਇਡਨ ਨੂੰ 'ਸਪੱਸ਼ਟ ਵਿਜੇਤਾ' ਮੰਨਿਆ ਹੈ। ਇਹ ਉਦੋਂ ਆਇਆ ਜਦੋਂ ਮਿਸ਼ੀਗਨ ਰਾਜ ਵਿੱਚ ਬਾਇਡਨ ਦੀ ਜਿੱਤ ਨੂੰ ਅਧਿਕਾਰਤ ਤੌਰ 'ਤੇ ਪ੍ਰਮਾਣਿਤ ਕੀਤਾ ਗਿਆ ਜੋ ਕਿ ਟਰੰਪ ਲਈ ਇੱਕ ਵੱਡਾ ਝਟਕਾ ਹੈ। ਬਾਇਡਨ ਟੀਮ ਨੇ ਟ੍ਰਾਂਜ਼ੀਸ਼ਨ ਪ੍ਰਕਿਰਿਆ ਦੀ ਸ਼ੁਰੂਆਤ ਦਾ ਸਵਾਗਤ ਕੀਤਾ ਹੈ। ਬਾਇਡਨ ਨੇ ਕਿਹਾ ਕਿ ਇਹ ਅੰਤਮ ਫ਼ੈਸਲਾ ਫੈਡਰਲ ਏਜੰਸੀਆਂ ਨਾਲ ਸੰਚਾਰ ਪ੍ਰਕਿਰਿਆ ਨੂੰ ਰਸਮੀ ਤੌਰ 'ਤੇ ਸ਼ੁਰੂ ਕਰਨ ਲਈ ਇੱਕ ਨਿਸ਼ਚਤ ਪ੍ਰਬੰਧਕੀ ਕਾਰਵਾਈ ਹੈ।'

ਬਾਇਡਨ ਟੀਮ ਨੇ ਟ੍ਰਾਂਜ਼ੀਸ਼ਨ ਪ੍ਰਕਿਰਿਆ ਦੀ ਸ਼ੁਰੂਆਤ ਦਾ ਸਵਾਗਤ ਕੀਤਾ ਹੈ

**ਟਰੰਪ ਨੇ ਕੀ ਕਿਹਾ ?**

ਟਰੰਪ ਨੇ ਟਵੀਟ ਕੀਤਾ ਜਦੋਂ ਜੀਐਸਏ, ਜਿਸ ਦੀ ਜ਼ਿੰਮੇਵਾਰੀ ਰਾਸ਼ਟਰਪਤੀ ਟ੍ਰਾਂਜ਼ੀਸ਼ਨ ਦੀ ਰਸਮੀ ਸ਼ੁਰੂਆਤ ਕਰਨ ਲਈ ਬਾਇਡਨ ਕੈਂਪ ਨੂੰ ਦੱਸਿਆ ਕਿ ਹੁਣ ਇਹ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਚੰਗੀ ਲੜਾਈ ਜਾਰੀ ਰੱਖਣ ਦਾ ਵਾਅਦਾ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ, 'ਫਿਰ ਵੀ, ਸਾਡੇ ਦੇਸ਼ ਦੇ ਹਿਤ ਵਿੱਚ, ਮੈਂ ਸਿਫ਼ਾਰਸ਼ ਕਰ ਰਿਹਾ ਹਾਂ ਕਿ ਐਮੀਲੀ ਤੇ ਉਸਦੀ ਟੀਮ ਸ਼ੁਰੂਆਤੀ ਪ੍ਰੋਟੋਕੋਲ ਦੇ ਸੰਬੰਧ ਵਿੱਚ ਜੋ ਕੁਝ ਕਰਨਾ ਚਾਹੁੰਦੀ ਹੈ, ਉਹ ਕਰੇ। ਅਜਿਹਾ ਕਰਨ ਲਈ ਮੈਂ ਆਪਣੀ ਟੀਮ ਨੂੰ ਵੀ ਕਿਹਾ ਹੈ।'

ਪ੍ਰਸ਼ਾਸਕ ਮਰਫ਼ੀ ਨੇ ਕਿਹਾ ਕਿ ਉਹ ਰਾਸ਼ਟਰਪਤੀ ਚੁਣੇ ਜਾਣ ਵਾਲੇ ਅਹੁਦੇਦਾਰ ਲਈ 6.3 ਮਿਲੀਅਨ ਡਾਲਰ ਫ਼ੰਡ ਮੁਹੱਈਆ ਕਰਵਾਏਗੀ।

ਟਰੰਪ ਵੱਲੋਂ ਨਿਯੁਕਤ ਕੀਤੀ ਗਈ ਮਰਫ਼ੀ ਨੇ ਪੱਤਰ ਭੇਜਣ ਦੇ ਆਪਣੇ ਫ਼ੈਸਲੇ ਵਿੱਚ 'ਕਾਨੂੰਨੀ ਚੁਣੌਤੀਆਂ ਅਤੇ ਚੋਣ



ਨਤੀਜਿਆਂ ਦੇ ਪ੍ਰਮਾਣ ਪੱਤਰਾਂ ਨਾਲ ਜੁੜੀਆਂ ਤਾਜ਼ਾ ਘਟਨਾਵਾਂ' ਦਾ ਹਵਾਲਾ ਦਿੱਤਾ।

ਉਨਾਂ ਨੇ ਕਿਹਾ ਕਿ ਉਨਾਂ 'ਤੇ ਫ਼ੈਸਲੇ ਲੈਣ ਬਾਰੇ ਵਾਈਟ ਹਾਊਸ ਵੱਲੋਂ ਕੋਈ ਦਬਾਅ ਨਹੀਂ ਪਾਇਆ ਗਿਆ।

ਮਰਫੀ ਨੇ ਬਾਇਡਨ ਨੂੰ ਲਿਖੀ ਚਿੱਠੀ ਵਿੱਚ ਕਿਹਾ, 'ਇਸ ਫ਼ੈਸਲੇ ਵਿੱਚ ਦੇਰੀ ਕਰਨ ਲਈ ਮੇਰੇ 'ਤੇ ਕੋਈ ਦਬਾਅ ਨਹੀਂ ਸੀ।' ਉਨਾਂ ਕਿਹਾ, 'ਹਾਲਾਂਕਿ ਮੇਰੇ ਪਰਿਵਾਰ, ਸਟਾਫ਼ ਅਤੇ ਇੱਥੋਂ ਤਕ ਕਿ ਮੇਰੇ ਪਾਲਤੂ ਜਾਨਵਰਾਂ ਨੂੰ ਆਨਲਾਈਨ, ਫ਼ੋਨ ਰਾਹੀਂ ਜਾਂ ਮੇਲ ਰਾਹੀਂ ਧਮਕੀਆਂ ਜ਼ਰੂਰ ਮਿਲ ਰਹੀਆਂ ਹਨ ਤਾਂਕਿ ਮੈਂ ਸਮੇਂ ਤੋਂ ਪਹਿਲਾਂ ਇਸ ਫ਼ੈਸਲੇ ਨੂੰ ਲਵਾਂ। ਹਜ਼ਾਰਾਂ ਧਮਕੀਆਂ ਦੇ ਬਾਵਜੂਦ ਵੀ ਮੈਂ ਕਾਨੂੰਨ ਦੀ ਪਾਲਣਾ ਕਰਨ ਲਈ ਵਚਨਬੱਧ ਰਹੀ ਹਾਂ।'

ਟ੍ਰਾਂਜ਼ੀਸ਼ਨ ਪ੍ਰਕਿਰਿਆ ਜਲਦੀ ਆਰੰਭ ਕਰਨ ਵਿੱਚ ਅਸਫਲ ਰਹਿਣ ਲਈ ਉਨਾਂ ਨੂੰ ਦੋਵਾਂ ਰਾਜਨੀਤਿਕ ਪੱਖਾਂ ਦੀ ਅਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।ਕਾਰੋਬਾਰੀ ਨੇਤਾਵਾਂ ਨੇ ਅਪੀਲ ਕੀਤੀ ਸੀ ਕਿ ਜੋਅ ਬਾਇਡਨ ਨੂੰ ਤੁਰੰਤ ਪ੍ਰੇਜ਼ੀਡੇਂਟ-ਇਲੈਕਟ ਦੇ ਤੌਰ 'ਤੇ ਮਾਨਤਾ ਦਿੱਤੀ ਜਾਵੇ

**ਕੀ ਰਿਪਬਲਿਕਨ ਨੇ ਕਿਸੀ ਤਰਾਂ ਦਾ ਕੋਈ ਦਬਾਅ ਪਾਇਆ ?**

ਟਰੰਪ ਦੇ ਸਾਥੀ ਰਿਪਬਲੀਕਨ ਟ੍ਰਾਂਜ਼ੀਸ਼ਨ ਨੂੰ ਲੈ ਕੇ ਤੇਜ਼ੀ ਨਾਲ ਆਪਣਾ ਪੱਖ ਰੱਖ ਰਹੇ ਹਨ, ਜਿਨਾਂ ਵਿੱਚੋਂ ਕਈ ਇਸ ਉੱਤੇ ਬੋਲੇ।

ਟੈਨੇਸੀ ਦੇ ਸੈਨੇਟਰ ਲਾਮਰ ਅਲੈਗਜ਼ੈਂਡਰ, ਜੋ ਸੇਵਾਮੁਕਤ ਹੋ ਰਹੇ ਹਨ, ਨੇ ਕਿਹਾ ਕਿ ਟਰੰਪ ਨੂੰ 'ਦੇਸ਼ ਨੂੰ ਪਹਿਲਾਂ' ਰੱਖਣਾ ਚਾਹੀਦਾ ਹੈ ਅਤੇ ਬਾਇਡਨ ਨੂੰ ਸਫਲ ਹੋਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ।

ਵੈਸਟ ਵਰਜੀਨੀਆ ਦੇ ਸੈਨੇਟਰ ਸ਼ੈਲੀ ਮੂਰ ਕੈਪੀਟੋ ਨੇ ਕਿਹਾ, '2020 ਦੀਆਂ ਚੋਣਾਂ ਹੁਣ ਖ਼ਤਮ ਹੋਣੀਆਂ ਚਾਹੀਦੀਆਂ ਹਨ।' ਓਹੀਓ ਦੇ ਸੈਨੇਟਰ ਰੌਬ ਪੋਰਟਮੈਨ ਨੇ ਬਾਇਡਨ ਨੂੰ ਰਾਸ਼ਟਰੀ ਸੁਰੱਖਿਆ ਬਾਰੇ ਸੀਕਰੇਟ ਬ੍ਰੀਫਿੰਗ ਪ੍ਰਾਪਤ ਕਰਨ ਤੇ ਟਰੰਪ ਪ੍ਰਸ਼ਾਸਨ ਦੁਆਰਾ ਕੋਰੋਨਾਵਾਇਰਸ ਟੀਕਾ ਵੰਡਣ ਦੀਆਂ ਯੋਜਨਾਵਾਂ ਬਾਰੇ ਅਪਡੇਟ ਕਰਨ ਦੀ ਦਲੀਲ ਦਿੱਤੀ ਹੈ।

ਬਾਇਡਨ ਦੀ ਜਿੱਤ ਨੂੰ ਯੂਐਸ ਇਲੈਕਟੋਰਲ ਕਾਲਜ ਦੁਆਰਾ ਮਨਜ਼ੂਰੀ ਮਿਲਣੀ ਤੈਅ

ਮਿਸ਼ੀਗਨ ਸਟੇਟ ਬੋਰਡ ਕੈਨਵਸਸਰਜ਼ ਵਿਖੇ ਦੋ ਰਿਪਬਲੀਕਨ ਵਿੱਚੋਂ ਇਕ ਸ਼ਖ਼ਸ ਨਤੀਜੇ ਨੂੰ ਅੰਤਮ ਰੂਪ ਦੇਣ ਲਈ ਦੋ ਡੈਮੋਕਰੇਟਸ ਵਿਚ ਸ਼ਾਮਲ ਹੋਇਆ। ਦੂਸਰੇ ਰਿਪਬਲੀਕਨ ਨੇ ਇਸ ਤੋਂ ਦੂਰੀ ਬਣਾਈ ਰੱਖੀ। ਬਾਇਡਨ ਨੇ 1,50,000 ਤੋਂ ਵੱਧ ਵੋਟਾਂ ਨਾਲ ਜਿੱਤ ਹਾਸਲ ਕੀਤੀ। ਰਿਪਬਲੀਕਨ ਬੋਰਡ ਦੇ ਮੈਂਬਰ ਨਾਰਮਨ ਸ਼ਿੰਕਲੇ ਨੇ ਇਕ ਕਾਉਂਟੀ ਵਿਚ ਕੁਝ ਸੌ ਵੋਟਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਬੇਨਿਯਮੀਆਂ ਕਾਰਨ ਪ੍ਰਮਾਣੀਕਰਣ ਵਿਚ ਦੇਰੀ ਕਰਨ ਦਾ ਸੁਝਾਅ ਦਿੱਤਾ ਸੀ।

ਪਰ ਉਨਾਂ ਦੇ ਸਹਿਯੋਗੀ, ਰਿਪਬਲੀਕਨ ਐਰੋਨ ਵੈਨ ਲੈਂਗੇਵੇਲਡ ਨੇ ਕਿਹਾ ਕਿ ਉਨਾਂ ਦੀ ਡਿਊਟੀ 'ਸਾਧਾਰਣ' ਸੀ ਅਤੇ ਉਨਾਂ ਕੋਲ ਪ੍ਰਮਾਣੀਕਰਣ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਸੀ।

**ਟਰੰਪ ਦੀ ਕਾਨੂੰਨੀ ਟੀਮ ਨੇ ਕਿਹਾ ਕਿ ਉਹ ਅਜੇ ਵੀ ਮਿਸ਼ੀਗਨ ਦੇ ਨਤੀਜਿਆਂ ਨੂੰ ਚੁਣੌਤੀ ਦੇਣਗੇ।**

ਸਲਾਹਕਾਰ ਜੈਨਾ ਐਲਿਸ ਨੇ ਕਿਹਾ ਕਿ ਪ੍ਰਮਾਣੀਕਰਣ 'ਕੇਵਲ ਇੱਕ ਪ੍ਰਕਿਰਿਆਤਮਕ ਕਦਮ' ਸੀ। ਉਨਾਂ ਨੇ ਅੱਗੇ ਕਿਹਾ, 'ਅਮਰੀਕੀਆਂ ਨੂੰ ਯਕੀਨ ਦਿਵਾਉਣਾ ਚਾਹੀਦਾ ਹੈ ਕਿ ਅੰਤਮ ਨਤੀਜੇ ਸਹੀ ਅਤੇ ਜਾਇਜ਼ ਹਨ।'

ਪਰ ਸਮਾਂ ਲੰਘਦਾ ਜਾ ਰਿਹਾ ਹੈ। 14 ਦਸੰਬਰ ਨੂੰ ਬਾਇਡਨ ਦੀ ਜਿੱਤ ਨੂੰ ਯੂਐਸ ਇਲੈਕਟੋਰਲ ਕਾਲਜ ਦੁਆਰਾ ਮਨਜ਼ੂਰੀ ਮਿਲਣੀ ਤੈਅ ਹੈ।

ਇੱਥੇ ਜ਼ਿਕਰਯੋਗ ਹੈ ਕਿ ਟਰੰਪ ਅਤੇ ਉਨਾਂ ਦੇ ਸਹਿਯੋਗੀ ਨਤੀਜਿਆਂ ਨੂੰ ਚੁਣੌਤੀ ਦੇਣ ਦੀ ਦੌੜ ਵਿੱਚ ਮਹੱਤਵਪੂਰਨ ਰਾਜਾਂ ਵਿੱਚ ਅਦਾਲਤ ਵੱਲੋਂ ਹਾਰ ਦਾ ਸਾਹਮਣਾ ਕਰ ਚੁੱਕੇ ਹਨ। ਕਥਿਤ ਤੌਰ 'ਤੇ ਉਨਾਂ ਦੀ ਮੁਹਿੰਮ ਨੇ ਰਿਪਬਲੀਕਨ ਰਾਜ ਦੇ ਸੰਸਦ ਮੈਂਬਰਾਂ ਨੂੰ ਬਾਇਡਨ ਦੀ ਬਜਾਏ ਉਨਾਂ ਨੂੰ ਵੋਟ ਪਾਉਣ ਲਈ ਉਨਾਂ ਦੇ ਆਪਣੇ ਵੋਟਰਾਂ ਦੀ ਨਿਯੁਕਤੀ ਲਈ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਪੈਨਸਿਲਵੇਨੀਆ ਵਿੱਚ, ਇੱਕ ਰਿਪਬਲੀਕਨ ਜੱਜ ਨੇ ਸ਼ਨੀਵਾਰ ਨੂੰ ਇਹ ਫ਼ੈਸਲਾ ਸੁਣਾਇਆ ਕਿ ਟਰੰਪ ਦੀ ਮੁਹਿੰਮ ਵਿੱਚ ਕੋਈ ਸਬੂਤ ਨਾ ਹੋਣ ਕਰਕੇ 'ਤਕਰੀਬਨ ਸੱਤ ਮਿਲੀਅਨ ਵੋਟਰਾਂ ਦੀ ਵੰਡ' ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

ਰਾਜ ਵਿੱਚ ਰਾਸ਼ਟਰਪਤੀ ਦੀਆਂ ਹੋਰ ਕਾਨੂੰਨੀ ਕੋਸ਼ਿਸ਼ਾਂ ਬਾਇਡਨ ਦੀਆਂ ਲਗਭਗ 80,000 ਵੋਟਾਂ ਦੀ ਲੀਡ ਬਦਲਣ ਵਿੱਚ ਅਸਫਲ ਰਹੀਆਂ ਹਨ।

ਟਰੰਪ ਦੀ ਮੁਹਿੰਮ ਨੇ ਜੌਰਜੀਆ ਵਿੱਚ ਵੀ ਇੱਕ ਵਾਰ ਦੁਬਾਰਾ ਵੋਟਾਂ ਦੀ ਗਿਣਤੀ ਦੀ ਮੰਗ ਕੀਤੀ ਹੈ, ਕਿਉਂਕਿ ਪਹਿਲਾਂ ਹੱਥੀਂ ਕੀਤੀ ਗਈ ਗਿਣਤੀ ਤੋਂ ਬਾਅਦ ਰਾਜ ਵਿੱਚ ਬਾਇਡਨ ਦੀ ਜਿੱਤ ਦੀ ਪੁਸ਼ਟੀ ਹੋਈ ਸੀ।

ਵਿਸਕਾਨਸਿਨ ਵਿੱਚ ਟਰੰਪ ਦੀ ਮੁਹਿੰਮ ਦੀ ਬੇਨਤੀ ਨਾਲ ਅੰਕ ਤੌਰ 'ਤੇ ਦੁਬਾਰਾ ਵੋਟਿੰਗ ਕੀਤੀ ਜਾ ਰਹੀ ਹੈ। ਚੋਣ ਅਧਿਕਾਰੀਆਂ ਨੇ ਟਰੰਪ ਦੇ ਸਮਰਥਕਾਂ 'ਤੇ ਰਾਜ ਦੀ ਵੋਟਾਂ ਦੀ ਮੁੜ ਗਿਣਤੀ ਵਿਚ ਰੁਕਾਵਟ ਪਾਉਣ ਦਾ ਇਲਜ਼ਾਮ ਲਾਇਆ ਹੈ।

ਉਨਾਂ ਨੇ ਕਿਹਾ ਕਿ ਟਰੰਪ ਦੇ ਨਿਰੀਖਕ ਕੁਝ ਮਾਮਲਿਆਂ ਵਿੱਚ ਜਾਣ ਬੁੱਝ ਕੇ ਕਾਰਵਾਈ ਹੌਲੀ ਕਰਨ ਲਈ ਹਰ ਇੱਕ ਵੋਟ ਨੂੰ ਚੁਣੌਤੀ ਦੇ ਰਹੇ ਸਨ।

# ਭਾਰਤ ਦੇ ਛੇ ਸ਼ਹਿਰਾਂ ਵਿੱਚ ਨਵੰਬਰ ਵਿੱਚ ਕੈਨੇਡਾ ਦੇ ਵੀਜ਼ਾ ਅਰਜ਼ੀ ਕੇਂਦਰ ਮੁੜ ਖੋਲਣਗੇ

**ਵਾਸ਼ਿੰਗਟਨ ਡੀਸੀ/ਸੁਰਿੰਦਰ ਗਿੱਲ:** ਕੈਨੇਡਾ ਵੀਜ਼ਾ ਬਿਨੈਕਾਰ ਜਿਨਾਂ ਨੇ ਪਰਿਵਾਰਕ ਸ਼੍ਰੇਣੀ ਤਰਜੀਹ ਲਈ ਪਤੀ-ਪਤਨੀ, ਭੈਣ-ਭਰਾ ਅਤੇ ਬੱਚਿਆਂ ਦੀ ਸ਼੍ਰੇਣੀ ਲਈ ਆਮ ਲਾਈਨ ਅਰਜ਼ੀਆਂ ਦਾਖਲ ਕੀਤੀਆਂ ਹਨ, 25 ਨਵੰਬਰ ਤੋਂ ਛੇ ਸ਼ਹਿਰਾਂ ਵਿਚਲੇ ਕੈਨੇਡਾ ਵੀਜ਼ਾ ਐਪਲੀਕੇਸ਼ਨ ਸੈਂਟਰਾਂ ਵਿਚ ਬਾਇਓਮੈਟ੍ਰਿਕਸ ਦਾਖਲ ਹੋ ਸਕਦੇ ਹਨ। ਇਸਦੀ ਘੋਸ਼ਣਾ ਕੀਤੀ ਗਈ ਹੈ। ਦਿੱਲੀ, ਜਲੰਧਰ, ਚੰਡੀਗੜ, ਮੁੰਬਈ, ਅਹਿਮਦਾਬਾਦ ਅਤੇ ਬੰਗਲੂਰੂ ਸੈਂਟਰ ਖੋਲੇ ਜਾ ਰਹੇ ਹਨ। ਨਿਰਦੇਸ਼ਾਂ ਅਨੁਸਾਰ, ਸੀਮਤ ਵੀਜ਼ਾ ਸੇਵਾਵਾਂ ਪੂਰੇ ਭਾਰਤ ਵਿਚ ਦੁਬਾਰਾ ਸ਼ੁਰੂ ਹੋਣਗੀਆਂ। ਬਾਇਓਮੈਟ੍ਰਿਕਸ ਦਾਖਲ ਕਰਨ ਲਈ ਵੀਜ਼ਾ ਐਪਲੀਕੇਸ਼ਨ ਸੈਂਟਰ ਦਾ ਦੌਰਾ ਕਰਕੇ ਮੁਲਾਕਾਤ ਕਰਨੀ ਲਾਜ਼ਮੀ ਹੈ। ਉਪਲਬਧ ਵੈਬ ਫਾਰਮ ਨੂੰ ਭਰ ਕੇ ਸ਼ੁੱਕਰਵਾਰ ਤੋਂ ਨਿਯੁਕਤੀ ਬੁੱਕ ਕੀਤੀ ਜਾ ਸਕਦੀ ਹੈ।

2 ਦਸੰਬਰ ਤੋਂ, ਵੀਜ਼ਾ ਬਿਨੈਕਾਰ ਜਿਨਾਂ ਨੇ ਵਿਦਿਆਰਥੀ ਸ਼੍ਰੇਣੀ ਅਤੇ ਪਰਿਵਾਰਕ ਸ਼੍ਰੇਣੀ ਤਰਜੀਹ ਲਈ ਆਨ ਲਾਈਨ ਬਿਨੈ ਪੱਤਰ ਜਮਾਂ ਕਰਵਾਏ ਹਨ, ਵੀਜ਼ਾ ਅਰਜ਼ੀਆਂ ਦੇ ਕੇਂਦਰਾਂ 'ਤੇ ਆਪਣੀ ਬਾਇਓਮੈਟ੍ਰਿਕਸ ਦਾਖਲ ਕਰਵਾ ਸਕਦੇ ਹਨ। ਇਹਨਾਂ ਸ਼੍ਰੇਣੀਆਂ ਲਈ ਬਿਨੈ-ਪੱਤਰਾਂ ਨੂੰ ਬਾਇਓਮੈਟ੍ਰਿਕਸ ਦਾਖਲ ਕਰਨ ਲਈ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਕੈਨੇਡਾ ਤੋਂ ਬਾਇਓਮੈਟ੍ਰਿਕ ਨਿਰਦੇਸ਼ ਪ੍ਰਾਪਤ ਹੋਏਗਾ। ਇਹ ਪੱਤਰ ਉਨਾਂ ਦੀ ਨਿਯੁਕਤੀ ਲਈ ਲਿਆ ਜਾਣਾ ਲਾਜ਼ਮੀ ਹੈ, ਹੋਰ ਸਾਰੀਆਂ ਸ਼੍ਰੇਣੀਆਂ ਲਈ, ਬਾਇਓਮੈਟ੍ਰਿਕਸ ਦਾਖਲੇ ਅਗਲੇ ਨੋਟਿਸ ਤਕ ਸਵੀਕਾਰ ਨਹੀਂ ਕੀਤੇ ਜਾ ਰਹੇ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਜੇ ਤੁਸੀਂ ਵਿਦਿਆਰਥੀ ਅਤੇ ਪਰਿਵਾਰਕ ਸ਼੍ਰੇਣੀ ਤਰਜੀਹ ਤੋਂ ਇਲਾਵਾ ਹੋਰ ਸ਼੍ਰੇਣੀਆਂ ਲਈ ਇੱਕ ਅਪੌਇੰਟਮੈਂਟ ਬੁੱਕ ਕਰਵਾ ਦਿੱਤੀ ਹੈ, ਤਾਂ ਤੁਹਾਨੂੰ ਹਟਾ ਦਿੱਤਾ ਜਾਵੇਗਾ ਅਤੇ ਤੁਹਾਡੀ ਬਾਇਓਮੈਟ੍ਰਿਕਸ ਦਾਖਲ ਨਹੀਂ ਕੀਤੀ ਜਾਏਗੀ। ਐਮਰਜੈਂਸੀ ਅਰਜ਼ੀਆਂ ਲਈ, ਈਮੇਲ ਰਾਹੀਂ ਸਬੰਧਤ **delhiimmigration@international.gc.ca** ਨੂੰ ਲਿਖ ਸਕਦੇ ਹਨ। ਸਿਹਤ ਅਤੇ ਸੁਰੱਖਿਆ ਦੇ ਵਧੇ ਉਪਾਅ, ਪੁੱਛਗਿੱਛ, ਮੁਲਾਕਾਤਾਂ ਲਈ ਵਾਕ-ਇਹ ਬੇਨਤੀਆਂ, ਅਤੇ ਬਿਨੈਕਾਰਾਂ ਦੇ ਨਾਲ ਆਉਣ ਵਾਲੇ ਯਾਤਰੀਆਂ ਨੂੰ ਵੀਜ਼ਾ ਐਪਲੀਕੇਸ਼ਨ ਸੈਂਟਰਾਂ ਦੇ ਅੰਦਰ ਜਾਣ ਦੀ ਆਗਿਆ ਨਹੀਂ ਹੋਵੇਗੀ।

# ਜਾਰਜੀਆ ਦੇ ਗਵਰਨਰ ਨੇ ਬਾਇਡੇਨ ਨੂੰ ਦਿੱਤਾ ਜਿੱਤ ਦਾ ਸਰਟੀਫਿਕੇਟ ਕਿਹਾ, 'ਨੰਬਰ ਝੂਠ ਨਹੀਂ ਬੋਲਦੇ'।

**ਸੈਕਰਾਮੈਂਟੋ ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਜਾਰਜੀਆ ਦੇ ਗਵਰਨਰ ਬਰੀਅਨ ਕੈਂਪ ਨੇ ਜੋਅ ਬਾਇਡੇਨ ਦੀ ਜਿੱਤ ਦੇ ਸਰਟੀਫਿਕੇਟ ਉੱਪਰ ਦਸਤਖ਼ਤ ਕਰ ਦਿੱਤੇ ਹਨ। ਗਵਰਨਰ ਨੇ ਸਪਸ਼ਟ ਕੀਤਾ ਹੈ ਕਿ ਉਨਾਂ ਨੇ ਇਹ ਕਾਰਵਾਈ ਰਾਜ ਦੇ ਕਾਨੂੰਨ ਮੁਤਾਬਕ ਕੀਤੀ ਹੈ। ਉਨਾਂ ਕਿਹਾ ਹੈ ਕਿ 'ਗਵਰਨਰ ਵਜੋਂ ਮੇਰੀ ਇੱਕੋ ਇਕ ਜ਼ਿੰਮੇਵਾਰੀ ਕਾਨੂੰਨ ਅਨੁਸਾਰ ਚੱਲਣ ਦੀ ਹੈ ਤੇ ਮੈ ਇਹ ਜ਼ਿੰਮੇਵਾਰੀ ਨਿਰੰਤਰ ਨਿਭਾਉਂਦਾ ਰਹਾਂਗਾ।' ਜਾਰਜੀਆ ਦੇ ਸਕੱਤਰ ਬਰਾਡ ਰਾਫੇਨਸਪਰਜਰ ਵੱਲੋਂ ਦੁਬਾਰਾ ਗਿਣਤੀ ਵਿਚ ਜੋਅ ਬਾਇਡੇਨ ਦੀ 12,284 ਵੋਟਾਂ ਨਾਲ ਜਿੱਤ ਦੀ ਪੁਸ਼ਟੀ ਕਰਨ ਦੇ ਥੋੜੀ ਦੇਰ ਬਾਅਦ ਗਵਰਨਰ ਨੇ ਜਿੱਤ ਦੇ ਸਰਟੀਫਿਕੇਟ ਉੱਪਰ ਦਸਤਖ਼ਤ ਕੀਤੇ। ਟਰੰਪ ਦੀ ਕਾਨੂੰਨੀ ਟੀਮ ਨੇ ਮੰਗ ਕੀਤੀ ਸੀ ਕਿ ਜਾਰਜੀਆ ਦੇ ਅਧਿਕਾਰੀ ਚੋਣ ਨਤੀਜ਼ੇ ਦੀ ਪੁਸ਼ਟੀ ਨਾ ਕਰਨ ਤੇ ਇਹ ਟੀਮ ਨਿਰੰਤਰ ਚੋਣਾਂ ਵਿਚ ਧਾਂਦਲੀ ਹੋਣ ਦੇ ਬੇਬੁਨਿਆਦ ਦੋਸ਼ ਲਾਉਂਦੀ ਆ ਰਹੀ ਹੈ। ਗਵਰਨਰ ਨੇ ਟਰੰਪ ਟੀਮ ਦੀ ਮੰਗ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਹੈ। ਉਨਾਂ ਕਿਹਾ ਕਿ 'ਨੰਬਰ' ਝੂਠ ਨਹੀਂ ਬੋਲਦੇ। ਇਸ ਤਰਾਂ ਹੁਣ ਬਾਇਡੇਨ ਦੇ ਖਾਤੇ ਵਿਚ ਜਾਰਜੀਆ ਦੀਆਂ 16 ਇਲੈਕਟਰੋਲ ਵੋਟਾਂ ਵੀ ਜਮਾਂ ਹੋ ਗਈਆਂ ਹਨ ਤੇ ਉਹ ਕੁਲ 306 ਇਲੈਕਟਰੋਲ ਵੋਟਾਂ ਲੈ ਗਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸ਼੍ਰੋਮਣੀ ਕਮੇਟੀ ਦਾ ਬਾਦਲੀਕਰਨ ਹੀ ਸੰਸਥਾ ਦੇ ਨਿਘਾਰ ਲਈ ਜ਼ਿੰਮੇਵਾਰ: ਦਲ ਖ਼ਾਲਸਾ

**ਚੰਡੀਗੜ/ਏ.ਟੀ.ਨਿਊਜ਼:** ਗਿਆਨੀ ਹਰਪ੍ਰੀਤ ਸਿੰਘ ਉੱਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਨੂੰ ਛੁਟਿਆਉਣ ਦਾ ਇਲਜ਼ਾਮ ਲਾਉਂਦਿਆਂ, ਦਲ ਖ਼ਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ 100ਸਾਲਾ ਸਮਾਗਮ ਵਿੱਚ ਇਹ ਦੇਖ ਦੇ ਡਾਢਾ ਦੁੱਖ ਲੱਗਾ ਕਿ ਕਿਵੇਂ ਸਿੱਖਾਂ ਦੀ ਰਾਜਸੀ ਲੀਡਰਸ਼ਿਪ ਨੇ ਧਾਰਮਿਕ ਲੀਡਰਸ਼ਿਪ ਨੂੰ ਆਪਣੀ ਪਕੜ ਵਿੱਚ ਜਕੜ ਰੱਖਿਆ ਹੈ।

ਦਲ ਖ਼ਾਲਸਾ ਜਥੇਬੰਦੀ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਬਾਦਲੀਕਰਨ ਹੀ ਸੰਸਥਾ ਦੇ ਨਿਘਾਰ ਲਈ ਜ਼ਿੰਮੇਵਾਰ ਹੈ। ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਦੀ ਰਾਜਸੀ ਤਾਕਤ ਸਾਹਵੇਂ ਬੇਬਸ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਆਪ ਨੂੰ ਅਕਾਲੀ ਦਲ ਬਾਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦੇ ਪੱਧਰ 'ਤੇ ਲਿਆ ਖੜਾ ਕੀਤਾ ਹੈ, ਜਿਸ ਦੀ ਡਿਊਟੀ ਪਾਰਟੀ ਦੇ ਹਿਤ ਸੁਰੱਖਿਅਤ ਕਰਨਾ ਹੈ ।

ਉਨਾਂ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬਿਨਾਂ ਨਾਮ ਲਏ ਸਿੱਖ ਜਥੇਬੰਦੀਆਂ ਨੂੰ 'ਪੰਥ-ਦੋਖੀ' ਦੱਸਣ ਉੱਤੇ ਟਿੱਪਣੀ ਕਰਦਿਆਂ ਪੁੱਛਿਆ ਕਿ ਉਹ ਵਿੰਗੇ-ਟੇਢੇ ਇਲਜ਼ਾਮ ਲਾਉਣ ਦੀ ਥਾਂ ਬਿਨਾਂ ਝਿਜਕ ਉਨਾਂ ਜਥੇਬੰਦੀਆਂ ਦੇ ਨਾਮ ਦੱਸਣ ਜਿਹੜੇ ਉਨਾਂ ਦੀ ਮੱਤ ਅਨੁਸਾਰ 'ਪੰਥ-ਦੋਖੀ' ਹਨ। ਉਨਾਂ ਕਿਹਾ ਕਿ ਇਹ ਦਿਲਚਸਪ ਗੱਲ ਹੈ ਕਿ ਜਥੇਦਾਰ ਨੇ ਅਕਾਲੀ ਦਲ ਬਾਦਲ ਦੇ ਅੱਜ ਦੀ ਤਾਰੀਕ ਤੱਕ ਪੰਥਕ ਨਾ ਹੋਣ ਦੇ ਸੱਚ ਨੂੰ ਸਵੀਕਾਰਿਆ ਹੈ ਜਦੋਂ ਉਨਾਂ ਨੇ ਆਪਣੇ ਭਾਸ਼ਣ ਮੌਕੇ ਅਕਾਲੀ ਦਲ ਨੂੰ ਪੰਜਾਬ ਤੋਂ ਪੰਥ ਦਾ ਸਫ਼ਰ ਆਰੰਭ ਕਰਨ ਦੀ ਨਸੀਹਤ ਦਿੱਤੀ ।

ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ 100ਸਾਲਾ ਸਮਾਗਮ ਕੇਵਲ ਬਾਦਲ ਦਲ ਦਾ ਸ਼ੋਅ ਸੀ, ਜਿਸ ਵਿੱਚ ਦੂਜੇ ਅਕਾਲੀ ਦਲਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਉਨਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਅਨੁਸਾਰ ਅਕਾਲੀ ਦਲ (ਬਾਦਲ) ਸ਼੍ਰੋਮਣੀ ਕਮੇਟੀ ਦਾ ਪੁੱਤਰ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਉਨਾਂ ਨੂੰ 'ਮਾਂ ਦੇ ਦੂਜੇ ਪੁੱਤ ਜੋ ਪ੍ਰਮੁੱਖ ਧੜੇ ਤੋਂ ਵੱਖ ਹੋ ਚੁੱਕੇ ਹਨ, ਨਜ਼ਰ ਹੀ ਨਹੀਂ ਆਏ।'

ਉਨਾਂ ਕਿਹਾ ਕਿ ਦੂਜਿਆਂ ਵੱਲ ਉਂਗਲ ਚੁੱਕਣ ਨਾਲੋਂ ਚੰਗਾ ਹੁੰਦਾ ਜੇਕਰ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਅੰਦਰ ਦੀਆਂ ਊਣਤਾਈਆਂ ਅਤੇ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਦੇ ਅਤੇ ਉਨਾਂ ਨੂੰ ਦਰੁਸਤ ਕਰਨ ਦੀ ਤਾਕੀਦ ਕਰਦੇ। ਉਨਾਂ ਬੀਤੇ ਕੱਲ ਦੇ ਸਮਾਗਮ ਵਿੱਚ ਬਾਰ-ਬਾਰ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਨੂੰ ਤੋੜਨ ਅਤੇ ਨੁਕਸਾਨ ਪੁੰਹਚਾਣ ਦੀਆਂ ਗੱਲਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਕੋਈ ਵੀ ਸਮਝਦਾਰ ਅਤੇ ਸ਼ਰਧਾਵਾਨ ਸਿੱਖ ਅਜਿਹੀ ਹਿਮਾਕਤ ਕਰਨ ਬਾਰੇ ਸੋਚ ਵੀ ਨਹੀਂ ਸਕਦਾ।

ਉਨਾਂ ਵਿਵਾਦਿਤ ਸਾਬਕਾ ਜਥੇਦਾਰ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਕ੍ਰਮਵਾਰ ਸਾਬਕਾ ਅਤੇ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਗੋਬਿੰਦ ਸਿੰਘ ਲੌਂਗੋਵਾਲ ਦੀਆਂ ਕਾਰਗੁਜ਼ਾਰੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਿਨਾਂ ਨੂੰ ਪਦਵੀਆਂ 'ਤੇ ਬਿਠਾਇਆ ਗਿਆ ਉਨਾਂ ਨੇ ਹੀ ਸਿੱਖਾਂ ਨੂੰ ਸ਼ਰਮਸਾਰ ਕੀਤਾ ਅਤੇ ਸੰਸਥਾਵਾਂ ਨੂੰ ਖੋਰਾ ਲਾਇਆ।

ਉਨਾਂ ਕਿਹਾ ਕਿ ਡੇਰਾ ਸਿਰਸਾ ਨੂੰ ਮੁਆਫ਼ੀ ਦੇਣ ਤੋਂ ਲੈ ਕੇ 328 ਲਾਪਤਾ ਪਾਵਨ ਸਰੂਪ ਤੱਕ ਦੀਆਂ ਘਟਨਾਵਾਂ ਨੇ ਨਾ ਸਿਰਫ਼ ਸਿੱਖਾਂ ਨੂੰ ਸ਼ਰਮਸਾਰ ਕੀਤਾ ਹੈ ਬਲਕਿ ਸ਼੍ਰੋਮਣੀ ਕਮੇਟੀ ਨੂੰ ਵੀ ਗ੍ਰਹਿਣ ਲਗਾਇਆ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣਾ ਵੱਕਾਰ ਅਤੇ ਭਰੋਸਾ ਸਿੱਖ ਮਨਾਂ ਅੰਦਰੋਂ ਗਵਾ ਚੁੱਕੀ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਦੀ ਇਕਲੌਤੀ ਅਤੇ ਆਖ਼ਰੀ ਉਪਲਬਧੀ ਜੂਨ, 1984 ਦੇ ਸ਼ਹੀਦਾਂ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ 2012 ਨੂੰ ਸਥਾਪਤ ਕਰਨਾ ਹੈ।

# ਪੈਨਸਿਲਵੇਨੀਆ ਵਿਚ ਕਾਨੂੰਨੀ ਲੜਾਈ ਹਾਰੇ ਟਰੰਪ, ਅਦਾਲਤ ਨੇ ਪਾਈ ਝਾੜ, ਪਟੀਸ਼ਨ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਪੈਨਸਿਲਵੇਨੀਆ ਦੀ ਇਕ ਸੰਘੀ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੋਣ ਨਤੀਜ਼ੇ ਦੀ ਪੁਸ਼ਟੀ ਕਰਨ ਉੱਪਰ ਰੋਕ ਲਾਉਣ ਦੀ ਕੀਤੀ ਗਈ ਬੇਨਤੀ ਮੂਲੋਂ ਹੀ ਰੱਦ ਕਰ ਦਿੱਤੀ ਹੈ। ਟਰੰਪ ਦੇ ਵਕੀਲਾਂ ਵੱਲੋਂ ਦਰਜ ਅਪੀਲ ਵਿਚ ਮੰਗ ਕੀਤੀ ਗਈ ਸੀ ਕਿ ਪੈਨਸਿਲਵੇਨੀਆ ਦੇ ਚੋਣ ਨਤੀਜ਼ੇ ਦੀ ਪੁਸ਼ਟੀ ਨੂੰ ਰੋਕਣ ਬਾਰੇ ਹੁਕਮ ਜਾਰੀ ਕੀਤਾ ਜਾਵੇ ਤਾਂ ਜੋ ਉਹ ਚੋਣਾਂ ਵਿਚ ਹੋਈ ਧਾਂਦਲੀ ਤੇ ਗ਼ਲਤ ਵੋਟਾਂ ਦੀ ਗਿਣਤੀ ਸਬੰਧੀ ਆਪਣੇ ਦਾਅਵੇ ਦੇ ਸਮਰਥਨ ਵਿਚ ਸਬੂਤ ਇਕੱਠੇ ਕਰ ਸਕਣ।

ਯੂ.ਐਸ ਡਿਸਟ੍ਰਿਕਟ ਕੋਰਟ ਦੇ ਜੱਜ ਮੈਥੀਊ ਬਰਾਨ ਨੇ ਦਿੱਤੇ ਸਖ਼ਤ ਫ਼ੈਸਲੇ ਵਿਚ ਬਿਨਾਂ ਸਬੂਤਾਂ ਦੇ ਪਟੀਸ਼ਨ ਦਾਇਰ ਕਰਨ ਲਈ ਟਰੰਪ ਪੱਖ ਨੂੰ ਝਾੜ ਪਾਈ। ਜੱਜ ਨੇ ਸਮੁੱਚੇ ਤੌਰ 'ਤੇ ਟਰੰਪ ਪੱਖ ਵੱਲੋਂ ਦਾਇਰ ਕੇਸ ਰੱਦ ਕਰ ਦਿੱਤਾ। ਇਸ ਦੇ ਨਾਲ ਹੀ ਦੋ ਰਿਪਬਲੀਕਨ ਵੋਟਰਾਂ ਵੱਲੋਂ ਦਾਇਰ ਦਾਅਵਾ ਵੀ ਰੱਦ ਕਰ ਦਿੱਤਾ ਜਿਸ ਵਿਚ ਉਨਾਂ ਕਿਹਾ ਸੀ ਕਿ ਉਨਾਂ ਦੀਆਂ ਵੋਟਾਂ ਤਕਨੀਕੀ ਆਧਾਰ 'ਤੇ ਰੱਦ ਕਰ ਦਿੱਤੀਆਂ ਗਈਆਂ ਹਨ ਜਦਕਿ ਡੈਮੋਕ੍ਰੇਟਸ ਦੇ ਗੜ ਵਾਲੇ ਖੇਤਰ ਵਿਚ ਪਈਆਂ ਹਜ਼ਾਰਾਂ ਵੋਟਾਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਜੱਜ ਨੇ ਆਪਣੇ 38 ਸਫ਼ਿਆਂ ਦੇ ਫ਼ੈਸਲੇ ਵਿਚ ਲਿਖਿਆ ਹੈ ਕਿ ਉਸ ਨੂੰ ਪਟੀਸ਼ਨ ਵਿਚ ਅਜਿਹਾ ਕੋਈ ਕਾਰਨ ਨਹੀਂ ਮਿਲਿਆ ਜਿਸ ਦੇ ਆਧਾਰ 'ਤੇ ਦਾਅਵੇ ਨੂੰ ਜਾਇਜ਼ ਕਿਹਾ ਜਾਵੇ। ਉਨਾਂ ਕਿਹਾ ਕਿ ਬਿਨਾਂ ਕਿਸੇ ਸਬੂਤ ਦੇ ਦਰਜ ਦਾਅਵੇ ਨੂੰ ਰੱਦ ਕਰਨ ਤੋਂ ਬਿਨਾਂ ਉਨਾਂ ਕੋਲ ਹੋਰ ਕੋਈ ਰਸਤਾ ਨਹੀਂ ਹੈ।

ਅਦਾਲਤ ਦੇ ਫ਼ੈਸਲੇ ਨੇ ਟਰੰਪ ਸਮਰਥਕਾਂ ਦੀਆਂ ਪੈਨਸਿਲਵੇਨੀਆ ਸਮੇਤ ਪ੍ਰਮੁੱਖ ਰਾਜਾਂ ਵਿਚ ਨਤੀਜ਼ਿਆਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਨੂੰ ਠਲ ਪਾ ਦਿੱਤੀ ਹੈ। ਪੈਨਸਿਲਵੇਨੀਆ ਵਿਚ ਚੋਣ ਨਤੀਜ਼ੇ ਦੀ ਪੁਸ਼ਟੀ ਕਰਨ ਦਾ ਆਖ਼ਰੀ ਸਮਾਂ ਸੋਮਵਾਰ ਤੱਕ ਦਾ ਹੈ। ਅਦਾਲਤ ਦੇ ਫ਼ੈਸਲੇ ਨਾਲ ਚੋਣ ਨਤੀਜ਼ੇ ਦੀ ਪੁਸ਼ਟੀ ਕਰਨ ਦਾ ਰਾਹ ਸਾਫ਼ ਹੋ ਗਿਆ ਹੈ। ਪੈਨਸਿਲਵੇਨੀਆ ਦੀਆਂ 20 ਵੋਟਾਂ ਜਿੱਤਣ ਉਪਰੰਤ ਜੋਅ ਬਾਇਡੇਨ ਲੋੜੀਂਦੀਆਂ 270 ਵੋਟਾਂ ਲੈ ਗਏ ਸਨ।

ਪਿਛਲੇ ਦਿਨ ਜਾਰਜੀਆ ਦੀ ਮੁੜ ਗਿਣਤੀ ਵਿਚ ਵੀ ਉਹ ਜੇਤੂ ਰਹੇ ਹਨ ਤੇ ਉਨਾਂ ਦੀਆਂ ਕੁਲ ਇਲੈਕਟੋਰਲ ਵੋਟਾਂ 306 ਹੋ ਗਈਆਂ ਹਨ ਜਦ ਕਿ ਟਰੰਪ ਦੀਆਂ ਕੁਲ 232 ਇਲੈਕਟੋਰਲ ਵੋਟਾਂ ਹਨ। ਇਸੇ ਦੌਰਾਨ ਅਗਲੇ ਸਾਲ 20ਜਨਵਰੀ ਨੂੰ ਜੋਅ ਬਾਇਡੇਨ ਵੱਲੋਂ ਸਹੁੰ ਚੁੱਕਣ ਲਈ ਡੈਮੋਕ੍ਰੇਟਸ ਵੱਲੋਂ ਤਿਆਰੀਆਂ ਜਾਰੀ ਹਨ।

**ਨਤੀਜੇ ਤਾਂ ਨਤੀਜੇ ਹਨ-ਸਕੱਤਰ**

ਜਾਰਜੀਆ ਦੇ ਸਕੱਤਰ ਬਰਾਡ ਰਾਫਨਸਪਰਜਰ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਕਰਦੇ ਹਨ। ਸਕੱਤਰ ਬਰਾਡ ਜਿਨਾਂ ਨੇ ਜਾਰਜੀਆ ਦੀਆਂ ਵੋਟਾਂ ਦੀ ਦੁਬਾਰਾ ਗਿਣਤੀ ਕਰਵਾਈ ਨੇ ਕਿਹਾ ਹੈ ਕਿ, 'ਮੈਂ ਉਮੀਦ ਕਰਦਾ ਸੀ ਕਿ ਟਰੰਪ ਜਾਰਜੀਆ ਵਿਚੋਂ ਜਿੱਤ ਜਾਣਗੇ। ਮੈਂ ਉਨਾਂ ਨੂੰ ਵੋਟ ਪਾਈ ਹੈ। ਪਰ ਨਤੀਜਾ ਤਾਂ ਨਤੀਜਾ ਹੈ, ਉਸ ਨੂੰ ਬਦਲਿਆ ਨਹੀਂ ਜਾ ਸਕਦਾ।'

ਦੁਬਾਰਾ ਵੋਟਾਂ ਦੀ ਗਿਣਤੀ ਦਾ ਨਤੀਜ਼ਾ ਐਲਾਨਣ ਤੋਂ ਬਾਅਦ ਰਿਪਬਲੀਕਨਾਂ ਵੱਲੋਂ ਬਰਾਡ ਰਾਫਨਸਪਰਜਰ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਹੈ। ਉਸ ਦੀ ਪਤਨੀ ਨੂੰ ਟੈਕਸਟ ਸੁਨੇਹੇ ਰਾਹੀਂ ਧਮਕੀਆਂ ਵੀ ਦਿੱਤੀਆਂ ਗਈਆਂ ਹਨ। ਅਲੋਚਕਾਂ ਦਾ ਕਹਿਣਾ ਹੈ ਕਿ ਇਹ ਧਮਕੀਆਂ ਰਾਸ਼ਟਰਪਤੀ ਟਰੰਪ ਵੱਲੋਂ ਬਣਾਏ ਗਏ ਮਾਹੌਲ ਦਾ ਹੀ ਸਿੱਟਾ ਹਨ।



# ਟਰੰਪ ਪ੍ਰਸ਼ਾਸਨ ਨੇ ਜੋਅ ਬਾਇਡੇਨ ਲਈ ਸੱਤਾ ਤਬਦੀਲੀ ਦਾ ਰਾਹ ਕੀਤਾ ਪੱਧਰਾ, ਬਾਇਡਨ ਨੂੰ ਲਿਖਿਆ ਪੱਤਰ।

## ✪ ਟਰੰਪ ਨੇ ਕਿਹਾ, 'ਮੈ ਸੱਤਾ ਤਬਦੀਲੀ ਲਈ ਹਰੀ ਝੰਡੀ ਦਿੱਤੀ ਪਰ ਕਾਨੂੰਨੀ ਲੜਾਈ ਲੜਦਾ ਰਹਾਂਗਾ'

## ✪ ਡੈਮੋਕ੍ਰੈਟਸ ਨੇ ਕੀਤਾ ਸਵਾਗਤ ਤੇ ਸ਼ਾਂਤਮਈ ਸੱਤਾ ਤਬਦੀਲੀ ਯਕੀਨੀ ਬਣਾਉਣ ਲਈ ਕਿਹਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਟਰੰਪ ਪ੍ਰਸ਼ਾਸਨ ਦੀ ਪ੍ਰਮੁੱਖ ਅਧਿਕਾਰੀ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਲਈ ਸਰਕਾਰੀ ਤੌਰ 'ਤੇ ਸੱਤਾ ਤਬਦੀਲੀ ਲਈ ਤਿਆਰ ਹਨ । ਇਸ ਐਲਾਨ ਤੋਂ ਬਾਅਦ ਬਾਇਡੇਨ ਦੀ ਟੀਮ ਸੱਤਾ ਤਬਦੀਲੀ ਲਈ ਲੋੜੀਂਦੀਆਂ ਸੇਵਾਵਾਂ ਦੀ ਵਰਤੋਂ ਕਰ ਸਕੇਗੀ। ਇਹ ਟੀਮ ਸਰਕਾਰੀ ਸੂਚਨਾਵਾਂ ਬਾਰੇ ਜਾਣਕਾਰੀ ਸਾਂਝੀ ਕਰ ਸਕੇਗੀ, ਕੰਪਿਊਟਰ ਸੁਰੱਖਿਅਤ ਕਰ ਸਕੇਗੀ ਤੇ ਦਫ਼ਤਰ ਦੀ ਜਗਾ ਆਦਿ ਸਬੰਧੀ ਜਾਇਜ਼ਾ ਲੈ ਸਕੇਗੀ। ਇਸ ਤਰਾਂ ਟਰੰਪ ਪ੍ਰਸ਼ਾਸਨ ਨੇ ਡੈਮੋਕਰੇਟਿਕ ਉਮੀਦਵਾਰ ਜੋਅ ਬਾਇਡੇਨ ਦੀ 3 ਨਵੰਬਰ ਦੀਆਂ ਚੋਣਾਂ ਵਿਚ ਜਿੱਤ ਨੂੰ ਪ੍ਰਵਾਨ ਕਰ ਲਿਆ ਹੈ ਹਾਲਾਂ ਕਿ ਡੋਨਾਲਡ



ਐਮਿਲੀ ਮਰਫੀ

ਟਰੰਪ ਅਜੇ ਵੀ ਹਾਰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ ਤੇ ਉਹ ਨਿਰੰਤਰ ਚੋਣਾਂ ਵਿਚ ਧਾਂਦਲੀਆਂ ਹੋਣ ਦੇ ਬੇਬੁਨਿਆਦ ਦੋਸ਼ ਲਾ ਰਹੇ ਹਨ। ਐਮਿਲੀ ਮਰਫੀ ਜਿਨਾਂ ਕੋਲ ਟਰੰਪ ਪ੍ਰਸ਼ਾਸਨ ਵਿਚ ਫੰਡਾਂ ਦੀ ਤਬਦੀਲੀ ਤੇ ਹੋਰ ਗਤੀਵਿਧੀਆਂ ਦੀ ਚਾਬੀ ਹੈ, ਨੇ ਹਾਲਾਂ ਕਿ ਰਾਸ਼ਟਰਪਤੀ ਟਰੰਪ ਦੇ ਦਬਾਅ ਕਾਰਨ ਬਾਇਡੇਨ ਦੀ ਜਿੱਤ ਦੀ ਸਰਕਾਰੀ ਤੌਰ 'ਤੇ ਪੁਸ਼ਟੀ ਕਰਨ ਵਿਚ ਦੇਰੀ ਜ਼ਰੂਰ ਕੀਤੀ ਹੈ ਪਰੰਤੂ ਆਖ਼ਿਰਕਾਰ ਉਸ ਨੇ ਸੱਤਾ ਤਬਦੀਲੀ ਲਈ ਰਾਹ ਪੱਧਰਾ ਕਰ ਦਿੱਤਾ ਹੈ। ਮਿਸ਼ੀਗਨ ਦੇ 4 ਮੈਂਬਰੀ ਚੋਣ ਬੋਰਡ ਵੱਲੋਂ ਬਾਇਡੇਨ ਦੀ 1,54,185 ਵੋਟਾਂ ਨਾਲ ਜਿੱਤ ਦੀ ਪੁਸ਼ਟੀ ਕਰਨ ਉਪਰੰਤ ਮਰਫੀ ਵੱਲੋਂ ਬਾਇਡੇਨ ਨੂੰ ਸੱਤਾ ਤਬਦੀਲੀ ਸਬੰਧੀ ਪੱਤਰ ਭੇਜਿਆ ਗਿਆ ਹੈ। ਇਸੇ ਦੌਰਾਨ ਟਰੰਪ ਨੇ ਟਵੀਟ ਵਿਚ ਕਿਹਾ ਹੈ ਕਿ ਸੱਤਾ ਤਬਦੀਲੀ ਲਈ ਉਸ ਨੇ ਹਰੀ ਝੰਡੀ ਦਿੱਤੀ ਹੈ ਕਿਉਂਕਿ ਅਜਿਹਾ ਕਰਨਾ ਹੀ ਦੇਸ਼ ਦੇ ਹਿਤ ਵਿਚ ਹੈ ਪਰੰਤੂ ਉਹ ਨਤੀਜਿਆਂ ਨੂੰ ਚੁਣੌਤੀ ਦੇਣਾ ਜਾਰੀ ਰੱਖਣਗੇ। ਮਰਫੀ ਨੇ ਕਿਹਾ ਹੈ ਕਿ ਉਸ ਉੱਪਰ ਟਰੰਪ ਨੇ ਕਿਸੇ ਕਿਸਮ ਦਾ ਦਬਾਅ ਨਹੀਂ ਪਾਇਆ ਤੇ ਮੈਂ ਆਪਣਾ ਨਿਰਨਾ ਆਜ਼ਾਦਾਨ ਢੰਗ ਨਾਲ ਲਿਆ ਹੈ। ਬਾਇਡੇਨ ਨੂੰ ਲਿਖੇ ਪੱਤਰ ਵਿਚ ਮਰਫੀ ਨੇ ਕਿਹਾ ਹੈ ਕਿ ਮੇਰੇ ਉੱਪਰ ਕਦੀ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵੱਲੋਂ ਦਬਾਅ ਨਹੀਂ ਪਾਇਆ ਗਿਆ ਤੇ ਉਸ ਵੱਲੋਂ ਲਿਆ ਗਿਆ ਨਿਰਨਾ ਕਾਨੂੰਨ ਤੇ ਮੌਜੂਦ ਤੱਥਾਂ ਉੱਪਰ ਅਧਾਰਤ ਹੈ। ਇਸ ਦੇ ਨਾਲ ਹੀ ਮਰਫੀ ਨੇ ਧਮਕੀਆਂ ਮਿਲਣ ਦੀ ਗੱਲ ਸਵੀਕਾਰ ਕਰਦਿਆਂ ਕਿਹਾ ਕਿ ਉਸ ਨੂੰ ਆਨ ਲਾਈਨ, ਫ਼ੋਨ ਦੁਆਰਾ ਤੇ ਮੇਲ ਦੁਆਰਾ ਧਮਕਾਇਆ ਜ਼ਰੂਰ ਗਿਆ ਸੀ। ਇਨਾਂ ਧਮਕੀਆਂ ਦੇ ਬਾਵਜੂਦ ਮੈ ਕਾਨੂੰਨ ਨੂੰ ਕਾਇਮ ਰੱਖਣ ਪ੍ਰਤੀ ਦ੍ਰਿੜ ਸੰਕਲਪ ਕਰ ਰਹੀ ਹਾਂ। ਟਰੰਪ ਵੱਲੋਂ ਮਰਫੀ ਨੂੰ 2017 ਵਿਚ ਜਨਰਲ ਸਰਵਿਸਜ ਐਡਮਨਿਸਟ੍ਰੇਸ਼ਨ ਦੀ ਮੁਖੀ ਨਿਯੁਕਤ ਕੀਤਾ ਗਿਆ ਸੀ।

ਇੱਥੇ ਵਰਨਣਯੋਗ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਸੱਤਾ ਤਬਦੀਲੀ ਵਿਚ ਹੋ ਰਹੀ ਦੇਰੀ ਦੀ ਵੱਡੀ ਪੱਧਰ ਉੱਪਰ ਅਲੋਚਨਾ ਹੋਣੀ ਸ਼ੁਰੂ ਹੋ ਗਈ ਸੀ। ਹਾਲ ਹੀ ਵਿਚ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ, ਕਾਰੋਬਾਰੀ ਘਰਾਣਿਆਂ ਤੇ ਕਾਂਗਰਸ ਮੈਂਬਰ ਰਿਪਬਲੀਕਨਾਂ ਨੇ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਸੱਤਾ ਤਬਦੀਲੀ ਵਿਚ ਦੇਰੀ ਕਰਕੇ ਦੇਸ਼ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਰਿਹਾ ਹੈ। ਡੈਮੋਕ੍ਰੈਟਸ ਨੇ ਟਰੰਪ ਪ੍ਰਸ਼ਾਸਨ ਦੇ ਨਿਰਨੇ ਉੱਪਰ ਖ਼ੁਸ਼ੀ ਪ੍ਰਗਟ ਕੀਤੀ ਹੈ ਤੇ ਇਸ ਦਾ ਸਵਾਗਤ ਕੀਤਾ ਹੈ। ਸੈਨੇਟ ਦੇ ਡੈਮੋਕ੍ਰੈਟਿਕ ਆਗੂ ਚੁਕ ਸ਼ੂਮਰ ਨੇ ਕਿਹਾ ਹੈ ਕਿ ਆਓ! ਹੁਣ ਸਾਰੇ ਡੈਮੋਕ੍ਰੈਟਸ, ਰਿਪਬਲੀਕਨ, ਟਰੰਪ ਪ੍ਰਸ਼ਾਸਨ ਤੇ ਆਉਣ ਵਾਲਾ ਬਾਇਡੇਨ ਪ੍ਰਸ਼ਾਸਨ ਇਕੱਠੇ ਹੋ ਕੇ ਸੁਖਾਵੀਂ ਤੇ ਸ਼ਾਂਤਮਈ ਸੱਤਾ ਤਬਦੀਲੀ ਨੂੰ ਯਕੀਨੀ ਬਣਾਈਏ ।

## ਸੀ. ਬੀ. ਆਈ ਬੇਅਦਬੀ ਦੇ ਮਾਮਲਿਆਂ ਨੂੰ ਹੋਰ ਲਟਕਾਉਣ ਅਤੇ ਜਾਂਚ ਨੂੰ ਲੀਹੋਂ ਲਾਹ ਰਹੀ ਏ

### ਕੈਪਟਨ ਨੇ ਸੀਬੀਆਈ ਨੂੰ ਬਣਾਇਆ ਨਿਸ਼ਾਨਾ

**ਚੰਡੀਗੜ੍ਹ/ਏ.ਟੀ.ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀਬੀਆਈ ਵਲੋਂ ਬਰਗਾੜੀ ਬੇਅਦਬੀ ਮਾਮਲੇ 'ਚ ਹਾਈ ਕੋਰਟ 'ਚ ਝੂਠੇ ਬਿਆਨਾਂ ਰਾਹੀਂ ਅੜਿੱਕਾ ਡਾਹੁਣ ਦੀਆਂ ਚਾਲਾਂ ਖੇਡਣ ਦੀ ਕਰੜੀ ਆਲੋਚਨਾ ਕੀਤੀ ਹੈ ਤੇ ਇਥੋਂ ਤਕ ਕਿ ਹਾਈ ਕੋਰਟ ਨੇ ਵੀ ਜ਼ੁਬਾਨੀ ਤੌਰ 'ਤੇ ਸੀਬੀਆਈ. ਦੀ ਇਸ ਕਾਰਵਾਈ ਨੂੰ 'ਹੱਤਕਪੂਰਨ' ਕਰਾਰ ਦਿੱਤਾ ਹੈ। ਹਾਈ ਕੋਰਟ ਵਲੋਂ ਜ਼ੁਬਾਨੀ ਤੌਰ 'ਤੇ ਕੀਤੀਆਂ ਟਿੱਪਣੀਆਂ ਦਾ ਹਵਾਲਾ ਦਿੰਦਿਆ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਜਾਂਚ ਨੂੰ ਲਮਕਾਉਣ ਦੀਆਂ ਕੋਸ਼ਿਸ਼ਾਂ ਨੂੰ ਸਫ਼ਲ ਹੋਣ ਨਹੀਂ ਦੇਵੇਗੀ। ਜ਼ਿਕਰਯੋਗ ਹੈ ਕਿ ਹਾਈਕੋਰਟ ਨੇ ਬੀਤੇ ਦਿਨੀਂ ਕੇਸ ਵਿਚ ਸ਼ਾਮਲ ਇਕ ਮੁਲਜ਼ਮ ਵਲੋਂ ਪਾਈ ਰੀਵਿਊ ਪਟੀਸ਼ਨ ਰੱਦ ਕਰਦਿਆਂ ਕਿਹਾ ਕਿ ਸੀਬੀਆਈ ਦੀ ਇਹ ਕਾਰਵਾਈ ਘਿਨਾਉਣੀ ਹੈ। ਅਦਾਲਤ ਦੇ ਕਹੇ ਸ਼ਬਦਾਂ ਦਾ ਜਾਂ ਤਾਂ ਬੋਲੇ ਕੰਨਾਂ 'ਤੇ ਕੋਈ ਅਸਰ ਨਹੀਂ ਹੋਇਆ ਜਾਂ ਫਿਰ ਸੀ. ਬੀ. ਆਈ. ਜਾਣਬੁੱਝ ਕੇ ਕੇਸ ਨੂੰ ਦਫ਼ਨਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪੂਰੇ ਮਾਮਲੇ ਵਿਚ ਸੀਬੀਆਈ. ਦਾ ਇਹ ਸ਼ਰਮਨਾਕ ਵਰਤਾਰਾ ਹੀ ਸੀ ਕਿ ਉਨ੍ਹਾਂ ਦੀ ਸਰਕਾਰ ਨੂੰ ਮਾਮਲੇ ਦੀ ਜਾਂਚ ਦੀ ਸਹਿਮਤੀ ਵਾਪਸ ਲੈਣ ਲਈ ਮਜਬੂਰ ਕੀਤਾ ਗਿਆ ਤੇ ਕਿਸੇ ਵੀ ਹੋਰ ਮਾਮਲੇ ਵਿਚ ਸੂਬੇ ਦੀ ਅਗਾਊਂ ਪ੍ਰਵਾਨਗੀ ਬਿਨਾਂ ਦਖਲ ਨਾ ਦੇਣ ਦਾ ਕਦਮ ਚੁੱਕਣਾ ਪਿਆ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲਿਆਂ ਨੂੰ ਆਪਣੇ ਹੱਥ ਵਿਚ ਲੈਣ ਦੇ ਸਮੇਂ ਤੋਂ ਲੈ ਕੇ ਪੰਜਾਬ ਪੁਲਸ ਨੇ ਇਸ ਨੂੰ ਹੱਲ ਕਰਨ ਲਈ ਵੱਡੀਆਂ ਪੁਲਾਂਘਾ ਪੁੱਟੀਆਂ ਹਨ ਅਤੇ ਇਸੇ ਕਰਕੇ ਕੇਂਦਰੀ ਜਾਂਚ ਏਜੰਸੀ, ਜੋ ਸਿਆਸੀ ਆਕਾਵਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ, ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ। ਸੀ. ਬੀ. ਆਈ. ਵਲੋਂ ਮਾਮਲੇ ਨਾਲ ਜੁੜੀਆਂ ਫਾਈਲਾਂ ਪੰਜਾਬ ਨੂੰ ਸੌਂਪਣ ਵਿਚ ਨਾਕਾਮ ਰਹਿਣ ਤੇ ਉਸ ਤੋਂ ਬਾਅਦ ਅਦਾਲਤ ਵਿਚ ਲਏ ਗਏ ਸਟੈਂਡ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸੂਬੇ ਵਲੋਂ ਕੀਤੀ ਜਾ ਰਹੀ ਜਾਂਚ ਨੂੰ ਅਟਕਾਉਣ ਦੀ ਸਾਜਿਸ਼ ਹੈ।



# ਪੰਜਾਬ ਲਈ ਆਸ ਦੀ ਕਿਰਨ ਬਣਿਆ: ਸ਼ੰਭੂ ਮੋਰਚਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਵੱਲੋਂ ਕਿਸਾਨ ਮਾਰੂ ਬਿੱਲ ਬਣਾ ਕੇ ਪੰਜਾਬ ਦੀ ਕਿਸਾਨੀ 'ਤੇ ਕੀਤੇ ਹਮਲੇ ਦੇ ਜਵਾਬ ਵਿਚ ਪੰਜਾਬ ਦੇ ਦਰਾਂ ਉੱਤੇ ਸ਼ੰਭੂ ਵਿਖੇ ਲੱਗੇ ਮੋਰਚੇ ਨੇ ਭਾਰਤ ਸਰਕਾਰ ਦੇ ਇਸ ਪੰਜਾਬ ਮਾਰੂ ਫ਼ੈਸਲੇ ਵਿਰੁੱਧ ਖ਼ੁਦਮੁਖ਼ਤਿਆਰੀ ਦਾ ਨਾਅਰਾ ਲਾਇਆ ਜੋ ਹੁਣ ਪੰਜਾਬ ਦੇ ਪਿੰਡ-ਪਿੰਡ ਪਹੁੰਚ ਚੁੱਕਿਆ ਹੈ। ਸ਼ੰਭੂ ਮੋਰਚੇ ਦੀ ਅਗਵਾਈ ਕਰ ਰਹੇ ਦੀਪ ਸਿੱਧੂ (ਸੰਦੀਪ ਸਿੰਘ) ਨੇ ਆਪਣੀਆਂ ਤਕਰੀਰਾਂ ਦੇ ਨਾਲ ਪੰਜਾਬ ਦੇ ਲੋਕਾਂ ਅੰਦਰ ਨਵੀਂ ਸਿਆਸੀ ਚੇਤਨਾ ਦਾ ਉਭਾਰ ਕੀਤਾ ਹੈ।

22 ਨਵੰਬਰ ਨੂੰ ਸ਼ੰਭੂ ਮੋਰਚੇ ਨੇ ਸੰਘਰਸ਼ ਵਿਚ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਤੱਕਦਿਆਂ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਅਖੰਡ ਪਾਠ ਸਾਹਿਬ ਨੇੜਲੇ ਪਿੰਡ ਨੌਸ਼ਹਿਰਾ ਦੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਕਰਵਾਏ ਗਏ ਸਨ। ਅਖੰਡ ਪਾਠ ਸਾਹਿਬ ਦੀ ਸਮਾਪਤੀ 'ਤੇ ਦੀਪ ਸਿੱਧੂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ 18ਵੀਂ ਸਦੀ ਦਾ ਇਤਿਹਾਸ ਯਾਦ ਕਰਵਾਇਆ ਜਦੋਂ ਸਿੱਖਾਂ ਨੇ ਘੱਟ ਦੁਨਿਆਵੀ ਤਾਕਤ ਦੇ ਬਾਵਜੂਦ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕੀਤੀ ਅਰਦਾਸ ਤੇ ਗੁਰੂ ਵਿਚ ਭਰੋਸੇ ਨਾਲ ਵੱਡੀਆਂ ਜ਼ਾਲਮ ਹਕੂਮਤਾਂ ਨੂੰ ਹਰਾ ਦਿੱਤਾ ਸੀ।

ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਸਾਰੀਆਂ ਸੰਗਤਾਂ ਸ਼ੰਭੂ ਮੋਰਚੇ ਦੇ ਪੰਡਾਲ ਵਿਚ ਪਹੁੰਚੀਆਂ। ਸ਼ੰਭੂ ਮੋਰਚੇ 'ਤੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਪਹੁੰਚੇ ਲੋਕਾਂ ਦਾ ਵੱਡਾ ਇਕੱਠ ਹੋਇਆ। 4 ਅਕਤੂਬਰ ਨੂੰ ਜਿਸ ਦਿਨ ਮੋਰਚਾ ਅਰੰਭ ਹੋਇਆ ਸੀ ਉਸ ਦਿਨ ਦੇ ਇਕੱਠ ਤੋਂ ਬਾਅਦ ਮੋਰਚੇ 'ਤੇ ਇਹ ਵੱਡਾ ਇਕੱਠ ਸੀ। ਇਸ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸ਼ੰਭੂ ਮੋਰਚਾ ਪੰਜਾਬ ਦੇ ਲੋਕਾਂ ਵਿਚ ਆਪਸੀ ਭਰੋਸੇਯੋਗਤਾ ਬਣਾਉਣ ਵਿਚ ਕਾਮਯਾਬ ਰਿਹਾ ਹੈ ਜੋ ਪੰਜਾਬ ਦੇ ਅੱਗੇ ਖੜੇ ਵੱਡੇ ਸੰਘਰਸ਼ ਲਈ ਇਕ ਚੰਗਾ ਸੁਨੇਹਾ ਹੈ।

ਸ਼ੰਭੂ ਮੋਰਚੇ ਦੀ ਸਟੇਜ ਤੋਂ ਵੱਖ-ਵੱਖ ਬੁਲਾਰਿਆਂ ਨੇ ਵੱਖ-ਵੱਖ ਰੂਪ ਵਿਚ ਇਹੋ ਗੱਲ ਹੀ ਕੀਤੀ ਕਿ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਪੰਜਾਬ ਦੀ ਹੋਂਦ ਖ਼ਤਮ ਕਰਨ ਲਈ ਬਣਾਏ ਗਏ ਹਨ। ਵੱਖ-ਵੱਖ ਰਾਜਨੀਤਕ ਅਤੇ ਸਮਾਜਿਕ ਬੁਲਾਰਿਆਂ ਨੇ ਕਿਹਾ ਕਿ ਇਹ ਕਾਨੂੰਨਾਂ ਦੀ ਲੜਾਈ ਸਿਰਫ਼ ਕਿਸਾਨਾਂ ਦੀ ਨਹੀਂ ਬਲਕਿ ਸਮੂਹ ਪੰਜਾਬੀਆਂ ਦੀ ਹੈ ਅਤੇ ਪੰਜਾਬ ਦੀ ਖ਼ੁਦਮੁਖ਼ਤਿਆਰੀ ਭਾਵ ਜਦੋਂ ਤਕ ਪੰਜਾਬ ਦੇ ਫ਼ੈਸਲੇ ਕਰਨ ਦਾ ਹੱਕ ਪੰਜਾਬ ਨੂੰ ਨਹੀਂ ਮਿਲਦਾ ਉਸ ਸਮੇਂ ਤਕ ਪੰਜਾਬ ਦੀ ਹੋਂਦ ਨੂੰ ਇਸ ਤਰਾਂ ਦੇ ਖ਼ਤਰੇ ਦਰਪੇਸ਼ ਰਹਿਣਗੇ।

ਦੀਪ ਸਿੱਧੂ ਨੇ ਆਪਣੇ ਸੰਬੋਧਨ ਵਿਚ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਲੜਾਈ ਫ਼ੈਸਲਾਕੁਨ ਲੜਾਈ ਹੈ ਅਤੇ ਬਾਬਾ ਦੀਪ ਸਿੰਘ ਦੇ ਇਤਿਹਾਸ ਦਾ ਹਵਾਲਾ ਦਿੰਦਿਆਂ ਉਨਾਂ ਕਿਹਾ ਕਿ ਇਕ ਵਾਰ ਫੇਰ ਪੰਜਾਬ ਦੇ ਵਾਰਿਸਾਂ ਨੂੰ ਲਕੀਰ ਟੱਪਣੀ ਪਵੇਗੀ। ਉਨਾਂ ਕਿਸਾਨ ਜਥੇਬੰਦੀਆਂ ਦੇ ਸਵਾਰੀ ਗੱਡੀਆਂ ਲਈ ਰੇਲ ਪਟੜੀਆਂ ਖੋਲਣ ਦੀ ਫ਼ੈਸਲੇ 'ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ




ਕਿ ਜਦੋਂ ਹੋਂਦ ਦੇ ਵੱਡੇ ਸੰਘਰਸ਼ ਲੜੇ ਜਾਂਦੇ ਹਨ ਤਾਂ ਕੁੱਝ ਨੁਕਸਾਨ ਜ਼ਰੂਰ ਝੱਲਣੇ ਪੈਂਦੇ ਹਨ। ਉਨਾਂ ਕਿਹਾ ਕਿ ਪੰਜਾਬ ਵਿਚ ਰੇਲ ਪਟੜੀਆਂ ਬੰਦ ਰੱਖਣ ਹੀ ਭਾਰਤ ਸਰਕਾਰ ਖ਼ਿਲਾਫ਼ ਇਕ ਪ੍ਰੈਸ਼ਰ ਪੁਆਇੰਟ ਸੀ ਜਿਸ ਨੂੰ ਖੋਲ ਕੇ ਕਿਸਾਨ ਜਥੇਬੰਦੀਆਂ ਨੇ ਭਾਰਤ ਸਰਕਾਰ ਅੱਗੇ ਕਮਜ਼ੋਰੀ ਦਿਖਾਈ ਹੈ। ਦੀਪ ਸਿੱਧੂ ਨੇ ਕਿਹਾ ਕਿ ਉਹ ਇਕ ਸੁੱਖ ਅਰਾਮ ਦੀ ਜ਼ਿੰਦਗੀ ਛੱਡ ਕੇ ਮੋਰਚੇ 'ਤੇ ਪੰਜਾਬ ਦੀ ਹੋਂਦ ਲਈ ਬੈਠੇ ਹਨ ਅਤੇ ਉਨਾਂ ਕਿਹਾ ਕਿ ਇਸ ਤੋਂ ਵੀ ਔਖੇ ਅਤੇ ਮੁਸ਼ਕਿਲ ਸਮੇਂ ਅੱਗੇ ਦੇਖਣੇ ਪੈਣਗੇ। ਪਰ ਇਨਾਂ ਮੁਸ਼ਕਿਲਾਂ ਵਿਚੋਂ ਲੰਘ ਕੇ ਹੀ ਪੰਜਾਬ ਦੇ ਭਵਿੱਖ ਨੂੰ ਬਚਾਇਆ ਜਾ ਸਕਦਾ ਹੈ। ਉਨਾਂ ਪੰਜਾਬ ਦੇ ਲੋਕਾਂ ਨੂੰ ਇਸ ਹੋਂਦ ਦੇ ਸੰਘਰਸ਼ ਵਿਚ ਹਿੱਸੇਦਾਰ ਬਣਨ ਦਾ ਸੱਦਾ ਦਿੱਤਾ। ਦੀਪ ਸਿੱਧੂ ਨੇ ਕਿਹਾ ਕਿ ਉਹ 26 ਨਵੰਬਰ ਦੇ ਦਿੱਲੀ ਜਾਣ ਦੇ ਪ੍ਰੋਗਰਾਮ ਵਿਚ ਕਿਸਾਨ ਜਥੇਬੰਦੀਆਂ ਨਾਲ ਦਿੱਲੀ ਜਾਣਗੇ।

ਸ਼ੰਭੂ ਮੋਰਚੇ ਦੀ ਸਟੇਜ ਜੋ ਵਿਚਾਰਾਂ ਦੀ ਖੁੱਲ ਲਈ ਇਕ ਇਤਿਹਾਸਕ ਮੰਚ ਬਣ ਚੁੱਕੀ ਹੈ ਉੱਥੇ ਇਸ ਇਕੱਠ ਵਿਚ ਸਥਾਪਤ ਸਿਆਸੀ ਆਗੂਆਂ ਵਿਚੋਂ ਪਰਮਿੰਦਰ ਸਿੰਘ ਢੀਂਡਸਾ ਅਤੇ ਸੁਖਪਾਲ ਸਿੰਘ ਖਹਿਰਾ ਵੀ ਪਹੁੰਚੇ।

ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਆਗੂ ਪਰਮਿੰਦਰ ਢੀਂਡਸਾ ਦਾ ਕਹਿਣਾ ਸੀ ਕਿ ਪੰਜਾਬ ਪ੍ਰਤੀ ਵੱਖ-ਵੱਖ ਸਰਕਾਰਾਂ ਦੀ ਹਮੇਸ਼ਾ ਹੀ ਇਹ ਸੋਚ ਰਹੀ ਹੈ ਕਿ ਪੰਜਾਬ ਦੇ ਲੋਕ ਹੀ ਅਣਖੀ ਤੇ ਯੋਧੇ ਹਨ। ਆਜ਼ਾਦੀ ਦੀ ਲੜਾਈ ਵਿਚ ਵੀ ਸਭ ਤੋਂ ਵੱਧ ਕੁਰਬਾਨੀਆਂ ਹਨ। ਦੋ ਫ਼ੀਸਦੀ ਹੋਣ ਦੇ ਬਾਵਜੂਦ ਪੰਜਾਬ ਨੇ ਦੇਸ਼ ਦਾ ਨਾਮ ਰੌਸ਼ਨ ਕਰਨ ਵਿਚ ਪੰਜਾਹ ਫ਼ੀਸਦੀ ਯੋਗਦਾਨ ਹੈ। ਢੀਂਡਸਾ ਨੇ ਕਿਹਾ, 'ਇਹ ਪੰਜਾਬ ਦੇ ਭਵਿੱਖ ਦੀ ਲੜਾਈ ਹੈ ਤੇ ਹਰੇਕ ਵਰਗ ਨੂੰ ਹਿੱਸਾ ਲੈਣਾ ਚਾਹੀਦਾ ਹੈ। ਕੇਂਦਰ, ਪੰਜਾਬੀਆਂ ਵਿਚ ਪਾੜ ਪਾਉਣ ਦੀਆਂ ਕੋਝੀਆਂ ਚਾਲਾਂ ਵੀ ਚੱਲ ਰਿਹਾ ਹੈ। ਪਰ ਸੁਚੇਤ ਰਹਿੰਦਿਆਂ ਸਾਨੂੰ ਸਾਂਝਾ ਘੋਲ ਲੜਨਾ ਚਾਹੀਦਾ ਹੈ।'

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਖਹਿਰਾ ਦਾ ਵੀ ਇਹੋ ਕਹਿਣਾ ਸੀ ਕਿ ਇਹ ਪੰਜਾਬ ਦੀ ਹੋਂਦ ਨੂੰ ਬਚਾਉਣ ਦਾ ਮਾਮਲਾ ਹੈ। ਜਿਸ ਕਰਕੇ ਸਾਰੀਆਂ ਧਿਰਾਂ ਅਤੇ ਵਰਗਾਂ ਨੂੰ ਕੇਂਦਰ ਦੇ ਖ਼ਿਲਾਫ਼ ਇੱਕਜੁੱਟ ਹੋ ਕੇ ਲੜਨ ਦੀ ਲੋੜ ਹੈ।

ਸਿੱਖ ਨੌਜਵਾਨ ਚਿੰਤਕ ਭਾਈ ਮਨਧੀਰ ਸਿੰਘ ਅਤੇ ਸਿੱਖ ਸਿਆਸਤ ਖ਼ਬਰੀ ਅਦਾਰੇ ਦੇ ਸੰਪਾਦਕ ਪਰਮਜੀਤ ਸਿੰਘ ਗਾਜ਼ੀ ਨੇ ਭਾਰਤ ਸਰਕਾਰ ਦੀ ਕਾਨੂੰਨ ਪਿਛਲੀ ਮਨਸ਼ਾ ਦੀਆਂ ਡੂੰਘੀਆਂ ਪਰਤਾਂ ਨੂੰ ਲੋਕਾਂ ਸਾਹਮਣੇ ਲਿਆਂਦਾ। ਉਨਾਂ ਕਿਹਾ ਕਿ ਭਾਰਤ ਨੇ ਹਮੇਸ਼ਾ ਪੰਜਾਬ 'ਤੇ ਉਹ ਨੀਤੀਆਂ ਲਾਗੂ ਕੀਤੀਆਂ ਜਿਸ ਦਾ ਉਸ ਨੂੰ ਫ਼ਾਇਦਾ ਹੋਵੇ ਅਤੇ ਪੰਜਾਬ ਨੂੰ ਨੁਕਸਾਨ ਹੋਵੇ। ਉਨਾਂ ਅਗਲੇਰੇ ਸੰਘਰਸ਼ ਲਈ ਪੰਜਾਬ ਦੇ ਲੋਕਾਂ ਨੂੰ ਪਿੰਡ ਪੱਧਰ 'ਤੇ ਜਥੇ ਬਣਾਉਣ ਦਾ ਸੱਦਾ ਦਿੱਤਾ।

ਪੱਤਰਕਾਰ ਜਸਪਾਲ ਸਿੰਘ ਸਿੱਧੂ ਦੀਆਂ ਤਕਰੀਰਾਂ ਵੀ ਡੂੰਘੀਆਂ ਰਹੀਆਂ। ਕਈ ਮੱਦਾਂ ਦੇ ਹਵਾਲਿਆਂ ਤਹਿਤ ਉਨਾਂ ਨੇ ਮੋਦੀ ਸ਼ਾਸਨ ਦੀ ਅੰਗਰੇਜ਼ ਸਾਮਰਾਜ ਨਾਲ ਤੁਲਨਾ ਕੀਤੀ। ਜੋਗਾ ਸਿੰਘ ਚੱਪੜ ਨੇ ਕਿਹਾ ਕਿ ਪੰਜਾਬ ਦੇ ਲੋਕ ਕਿਸੇ ਨਿਰੋਲ ਖੇਤਰੀ ਪਾਰਟੀ ਦੀ ਤਲਾਸ਼ ਵਿੱਚ ਹਨ। ਅਜਿਹੀ ਧਿਰ ਦੀ ਤੋਟ ਦਾ ਹੀ ਸਿੱਟਾ ਹੈ ਕਿ ਅੱਜ ਪੰਜਾਬੀਆਂ ਨੂੰ ਰਾਤਾਂ ਵੀ ਸੜਕਾਂ 'ਤੇ ਕੱਟਣੀਆਂ ਪੈ ਰਹੀਆਂ ਹਨ। ਇਸ ਮੌਕੇ ਤੇਜਿੰਦਰਪਾਲ ਸਿੰਘ ਸੰਧੂ, ਰਣਧੀਰ ਸਿੰਘ ਰੱਖੜਾ, ਜਸਪਾਲ ਸਿੰਘ ਮੰਝਪੁਰ ਸਮੇਤ ਜਗਤਾਰ ਸਿੰਘ ਹਵਾਰਾ ਦੇ ਪਿਤਾ ਨੇ ਵੀ ਸੰਬੋਧਨ ਕੀਤਾ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**


## RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਸ਼੍ਰੋਮਣੀ ਕਮੇਟੀ ਦਾ ਪੁੱਤਰ ਅਕਾਲੀ ਦਲ ਉਸ ਦਿਨ ਹੀ ਮਰ ਗਿਆ ਸੀ ਜਦ ਬਾਦਲ ਨੇ ਇਸ ਨੂੰ ਪੰਜਾਬੀ ਪਾਰਟੀ ਵਿਚ ਬਦਲ ਦਿੱਤਾ ਸੀ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

## ਬਾਦਲਕਿਆਂ ਨੂੰ ਹਰਗਿਜ਼ ਨਹੀਂ ਬਖ਼ਸ਼ੇਗਾ ਖ਼ਾਲਸਾ ਪੰਥ: ਭਾਈ ਰਣਜੀਤ ਸਿੰਘ ਦਮਦਮੀ ਟਕਸਾਲ



- ਰਣਜੀਤ ਸਿੰਘ ਦਮਦਮੀ ਟਕਸਾਲ
(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)
88722-93883

ਸ਼੍ਰੋਮਣੀ ਕਮੇਟੀ ਦੀ ਸ਼ਤਾਬਦੀ 'ਤੇ ਆਪਣੇ ਭਾਸ਼ਣ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਅਕਾਲੀ ਦਲ ਦਾ ਜਨਮ ਹੋਇਆ ਜਿਸ ਕਰਕੇ ਸ਼੍ਰੋਮਣੀ ਕਮੇਟੀ ਮਾਂ ਹੈ ਤੇ ਅਕਾਲੀ ਦਲ ਉਸ ਦਾ ਪੁੱਤਰ ਹੈ ਜਿਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਕਿਉਂਕਿ ਪੰਥ ਫਿਰ ਖ਼ਤਰੇ ਵਿਚ ਹੈ। ਇਸ ਬਿਆਨ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪੁੱਤਰ ਅਕਾਲੀ ਦਲ ਤਾਂ ਉਸ ਦਿਨ ਹੀ ਮਰ ਗਿਆ ਸੀ ਜਦ ਪ੍ਰਕਾਸ਼ ਸਿਹੁੰ ਬਾਦਲ ਨੇ 1996 'ਚ ਮੋਗਾ ਵਿਖੇ ਕਾਨਫ਼ਰੰਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਵਿਚ ਬਦਲ ਦਿੱਤਾ ਸੀ ਤੇ ਗ਼ੈਰ-ਸਿੱਖਾਂ ਦੀ ਇਸ 'ਚ ਖੁੱਲੀ ਭਰਤੀ ਸ਼ੁਰੂ ਕਰ ਦਿੱਤੀ ਸੀ ਉਸ ਦਿਨ ਅਕਾਲੀ ਦਲ ਆਪਣੇ ਪੰਥਕ ਸਿਧਾਂਤਾਂ ਤੇ ਪਰੰਪਰਾਵਾਂ ਨੂੰ ਤਿਆਗ ਕੇ ਹਿੰਦੂਤਵ ਦੀ ਝੋਲ਼ੀ ਵਿਚ ਪੈ ਗਿਆ ਸੀ। ਉਨਾਂ ਕਿਹਾ ਕਿ ਬਾਦਲ ਨੇ ਜੁਝਾਰੂ ਸਿੰਘਾਂ ਦੇ ਕਾਤਲ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਵਰਗਿਆਂ ਨੂੰ ਪਾਰਟੀ 'ਚ ਉੱਚ ਅਹੁਦੇ ਬਖ਼ਸ਼ੇ, ਪੰਜਾਬ ਵਿਚ ਭਾਜਪਾ ਨੂੰ ਮਜ਼ਬੂਤ ਕੀਤਾ, ਦੇਹਧਾਰੀ-ਗੁਰੂਡੰਮ ਨੂੰ ਉਤਸ਼ਾਹਿਤ ਕੀਤਾ, ਪੰਜਾਬ ਦੀ ਨੌਜਵਾਨੀ ਨਸ਼ਿਆਂ ਵਿੱਚ ਡੋਬ ਦਿੱਤੀ ਤੇ ਕਿਸਾਨ ਕਰਜ਼ਾਈ ਕਰ ਦਿੱਤੇ। ਉਨਾਂ ਕਿਹਾ ਕਿ ਅਕਾਲੀ ਸਰਕਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦੌਰ ਸ਼ੁਰੂ ਹੋਇਆ ਤੇ ਬੇਅਦਬੀ ਦਾ ਸ਼ਾਂਤਮਈ ਢੰਗ ਨਾਲ਼ ਇਨਸਾਫ਼ ਮੰਗਦੇ ਸਿੱਖਾਂ 'ਤੇ ਬਾਦਲਾਂ ਨੇ ਗੋਲ਼ੀਆਂ ਮਰਵਾਈਆਂ, ਬੇਅਦਬੀ ਦੇ ਦੋਸ਼ੀ ਸਿਰਸੇ ਸਾਧ ਦੇ ਚੇਲਿਆਂ ਨੂੰ ਬਚਾਇਆ ਅਤੇ ਇਸੇ ਤਰਾਂ ਨਾਨਕ ਸ਼ਾਹ ਫ਼ਕੀਰ ਫ਼ਿਲਮ ਨੂੰ ਹਰੀ ਝੰਡੀ ਦਿੱਤੀ ਅਤੇ ਬਲਾਤਕਾਰੀ ਸਿਰਸੇ ਸਾਧ ਨੂੰ ਜਥੇਦਾਰਾਂ 'ਤੇ ਦਬਾਅ ਪਾ ਕੇ ਬਿਨਾਂ-ਮੰਗਿਆ ਮੁਆਫ਼ੀ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕੀਤੀ, ਪੰਜਾਂ ਪਿਆਰਿਆਂ ਨੂੰ ਬਰਖ਼ਾਸਤ ਕੀਤਾ, ਹੁਕਮਨਾਮਿਆਂ ਦੀ ਮਹਾਨ ਪਰੰਪਰਾ ਨੂੰ ਰੋਲਿਆ। ਭਾਈ ਰਣਜੀਤ ਸਿੰਘ ਨੇ ਕਿਹਾ ਅਕਾਲੀ ਦਲ ਬਾਦਲ ਨੇ ਆਪਣੇ ਰਾਜ ਵਿਚ ਭਾਈ ਕਮਲਜੀਤ ਸਿੰਘ ਸੁਨਾਮ, ਭਾਈ ਹਰਮੰਦਰ ਸਿੰਘ ਡੱਬਵਾਲੀ, ਭਾਈ ਗੁਰਦੀਪ ਸਿੰਘ ਮਨਸੂਰਦੇਵਾ, ਭਾਈ ਜਸਪਾਲ ਸਿੰਘ ਚੌੜ ਸਿਧਵਾਂ, ਭਾਈ ਦਰਸ਼ਨ ਸਿੰਘ ਲੁਹਾਰਾ, ਭਾਈ ਕ੍ਰਿਸ਼ਨ ਭਗਵਾਨ ਸਿੰਘ, ਭਾਈ ਗੁਰਜੀਤ ਸਿੰਘ ਸਰਾਵਾਂ, ਭਾਈ ਸੋਹਣ ਸਿੰਘ ਅਤੇ ਭਾਈ ਕੁਲਵੰਤ ਸਿੰਘ ਵਰਪਾਲ ਆਦਿ ਨੂੰ ਸ਼ਹੀਦ ਕੀਤਾ ਅਤੇ ਅਨੇਕਾਂ ਪੰਥ-ਪ੍ਰਸਤ ਗੁਰਸਿੱਖਾਂ ਨੂੰ ਜੇਲੀਂ ਡੱਕਿਆ। 'ਰਾਜ ਨਹੀ ਸੇਵਾ' ਦੇ ਮਹਾਂ ਪਖੰਡ ਦੀ ਆੜ ਵਿੱਚ ਨਸ਼ਿਆਂ ਦੇ ਕਹਿਰ, ਅੰਨਦਾਤਿਆਂ ਦੀਆਂ ਖ਼ੁਦਕੁਸ਼ੀਆਂ, ਸਿਰੇ ਦਾ ਭ੍ਰਿਸ਼ਟਾਚਾਰ ਤੇ ਗੁੰਡਾਗਰਦੀ, ਫ਼ਿਰਕਾਪ੍ਰਸਤੀ ਅਤੇ ਬੇਰੁਜ਼ਗਾਰੀ ਜਿਹੇ ਦਰਦਨਾਕ ਤੋਹਫ਼ੇ ਸਾਡੇ ਝੋਲ਼ੀ ਵਿੱਚ ਇਸੇ ਬਾਦਲ ਨੇ ਪਾਏ। ਉਨਾਂ ਕਿਹਾ ਕਿ ਸੁੱਚੇ ਲੰਗਾਹ ਵਰਗੇ ਘਟੀਆ ਕਿਰਦਾਰ ਦੇ ਲੋਕ ਇਸੇ ਦੀ ਰਹਿਨੁਮਾਈ ਹੇਠ ਉੱਚੇ ਰੁਤਬਿਆਂ ਤੱਕ ਪਹੁੰਚੇ ਹਨ। ਫ਼ੈਡਰੇਸ਼ਨ ਆਗੂ ਨੇ ਕਿਹਾ ਕਿ ਇਹ 'ਫ਼ਖ਼ਰ-ਏ-ਕੌਮ' ਨਹੀਂ, 'ਲੋਟੂ-ਏ-ਕੌਮ' ਅਤੇ 'ਗ਼ੱਦਾਰ-ਏ-ਕੌਮ' ਹੈ। ਇਹ 'ਪੰਥ ਰਤਨ' ਨਹੀਂ, ਪੰਥ ਦਾ ਬੇੜਾ ਗ਼ਰਕ ਕਰਨ ਵਾਲ਼ਾ ਹੈ, ਪੰਥ ਦਾ ਕਾਤਲ ਹੈ, ਸਿੱਖੀ ਸਿਧਾਂਤਾਂ ਨੂੰ ਮਲੀਆਮੇਟ ਕਰਨ ਵਾਲ਼ਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਦੋਸ਼ੀ ਹੈ। ਉਨਾਂ ਕਿਹਾ ਕਿ ਬਾਦਲਾਂ ਦੇ ਪੱਖ ਵਿਚ ਭੁਗਤ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਪੰਥ 'ਚੋਂ ਆਪਣਾ ਮਾਣ-ਸਤਿਕਾਰ ਗਵਾ ਲਿਆ ਹੈ।

# 8ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਕੈਨੇਡਾ ਵਿੱਚ 18, 19 ਅਤੇ 20 ਜੂਨ, 2021 ਨੂੰ ਆਯੋਜਿਤ ਹੋਵੇਗੀ: ਕੁਲਵੰਤ ਸਿੰਘ ਟਿੱਬਾ

## ਪ੍ਰਵਾਸੀ ਭਾਰਤੀ ਰੌਸ਼ਨ ਪਾਠਕ ਦੀ ਅਗਵਾਈ ਹੇਠ ਸੰਸਥਾ ਵਿਸ਼ਵ ਸਾਂਤੀ ਲਈ ਕਾਰਜਸ਼ੀਲ

**ਸ਼ੇਰਪੁਰ/ਕੁਲਵੰਤ ਸਿੰਘ ਟਿੱਬਾ:** ਕੌਂਸਲ ਆਫ਼ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਕੈਨੇਡਾ ਵੱਲੋਂ 'ਵਿਸ਼ਵ ਸਾਂਤੀ ਵਿੱਚ ਪੰਜਾਬੀ ਭਾਈਚਾਰੇ ਦਾ ਯੋਗਦਾਨ' ਵਿਸ਼ੇ 'ਤੇ ਅੰਤਰਰਾਸ਼ਟਰੀ ਸੈਮੀਨਾਰ ਆਗਾਮੀ ਸਾਲ ਮਿਤੀ 18, 19 ਅਤੇ 20 ਜੂਨ, 2021 ਨੂੰ ਪ੍ਰਸਿੱਧ ਸ਼ਹਿਰ ਮਿਸੀਸਾਗਾ (ਉਟਾਂਰੀਉ) ਵਿੱਚ ਆਯੋਜਿਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਸੰਸਥਾ ਦੇ ਮੀਡੀਆ ਇੰਚਾਰਜ ਅਤੇ ਚੀਫ਼ ਸਪੋਕਸਮੈਨ ਕੁਲਵੰਤ ਸਿੰਘ ਟਿੱਬਾ ਨੇ ਜਾਰੀ ਪ੍ਰੈੱਸ ਬਿਆਨ ਰਾਹੀਂ ਕੀਤਾ। ਉਨਾਂ ਦੱਸਿਆ ਕਿ ਸੰਸਥਾ ਦੇ ਚੇਅਰਮੈਨ ਪ੍ਰਵਾਸੀ ਭਾਰਤੀ ਰੌਸ਼ਨ ਪਾਠਕ ਦੀ ਅਗਵਾਈ ਹੇਠ ਕੌਂਸਲ ਆਫ਼ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਕੈਨੇਡਾ ਸਮੇਤ ਹੋਰ ਮੁਲਕਾਂ ਵਿੱਚ ਵੀ ਪਿਛਲੇ ਲੰਮੇ ਸਮੇਂ ਤੋਂ ਵਿਸ਼ਵ ਸ਼ਾਂਤੀ ਲਈ ਕਾਰਜਸ਼ੀਲ ਹੈ। ਉਨਾਂ ਦੱਸਿਆ ਕਿ ਅਗਲੇ ਸਾਲ ਜੂਨ ਮਹੀਨੇ ਵਿੱਚ ਆਯੋਜਿਤ ਕੀਤੀ ਜਾ ਰਹੀ ਇਸ 8ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ 20 ਵੱਖ ਵੱਖ ਦੇਸ਼ਾਂ ਤੋਂ ਡੈਲੀਗੇਟ ਅਤੇ ਪ੍ਰਸਿੱਧ ਵਿਦਵਾਨ ਭਾਗ ਲੈਣਗੇ ਅਤੇ ਪੰਜਾਬ ਤੋਂ ਇੱਕ ਸੌ ਡੈਲੀਗੇਟ ਇਸ ਸਮਾਗਮ ਵਿੱਚ ਸ਼ਾਮਿਲ ਹੋਣਗੇ।



ਕੁਲਵੰਤ ਸਿੰਘ ਟਿੱਬਾ ਨੇ ਦੱਸਿਆ ਕਿ ਸੰਸਥਾ ਦੇ ਪੰਜਾਬ ਇਕਾਈ ਦੇ ਪ੍ਰਧਾਨ ਡਾ. ਕਮਲਜੀਤ ਸਿੰਘ ਟਿੱਬਾ ਦੀ ਅਗਵਾਈ ਹੇਠ ਪੰਜਾਬ ਭਰ ਵਿੱਚ ਤਿਆਰੀਆਂ ਵਿੱਢ ਦਿੱਤੀਆਂ ਹਨ ਅਤੇ ਕੈਨੇਡਾ ਵਿੱਚ ਇਸ ਸਮਾਗਮ ਦੀ ਕਾਮਯਾਬੀ ਲਈ ਚੇਅਰਮੈਨ ਰੌਸ਼ਨ ਪਾਠਕ ਸਮੇਤ ਅਵਤਾਰ ਸਿੰਘ ਸੰਧੂ, ਨਿਰਵੈਰ ਸਿੰਘ ਅਰੋੜਾ, ਪ੍ਰੋ. ਮਨਪ੍ਰੀਤ ਗੌੜ, ਅਜੀਤ ਸਿੰਘ ਭੱਲ, ਕੁਲਵੰਤ ਕੌਰ ਚੰਨ ਆਦਿ ਸਰਗਰਮੀਆਂ ਕਰ ਰਹੇ ਹਨ। ਇਸ ਕਾਨਫ਼ਰੰਸ ਵਿੱਚ ਪਾਂਡੂਚਿਰੀ ਦੇ ਸਾਬਕਾ ਲਫਟੀਨੈਂਟ ਗਵਰਨਰ ਡਾ. ਇਕਬਾਲ ਸਿੰਘ, ਮਨੁੱਖੀ ਅਧਿਕਾਰ ਕਮਿਸ਼ਨਰ ਨਿਊਯਾਰਕ ਸਿਟੀ ਦੇ ਗੁਰਦੇਵ ਸਿੰਘ ਕੰਗ, ਸੇਂਟ ਸੋਲਜਰ ਐਜੂਕੇਸ਼ਨਲ ਗਰੁੱਪ ਜਲੰਧਰ ਦੇ ਚੇਅਰਮੈਨ ਡਾ. ਅਨਿਲ ਚੋਪੜਾ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੇ। ਟਿੱਬਾ ਅਨੁਸਾਰ ਕੈਨੇਡਾ ਦੇ ਪ੍ਰਸਿੱਧ ਸਮਾਜਸੇਵੀ ਦਲਜੀਤ ਸਿੰਘ ਗੇਂਦੂ, ਹਰਦਿਆਲ ਸਿੰਘ ਝੀਤਾ, ਚੌਧਰੀ ਮਕਸੂਦ ਆਦਿ ਸ਼ਖ਼ਸੀਅਤਾਂ ਨੇ ਹਰ ਤਰਾਂ ਸਹਿਯੋਗ ਦੇਣ ਦਾ ਵਾਅਦਾ ਕਰਦਿਆਂ ਰੌਸ਼ਨ ਪਾਠਕ ਅਤੇ ਉਨਾਂ ਦੀ ਸਮੁੱਚੀ ਟੀਮ ਨੂੰ ਇਸ ਕਾਰਜ ਲਈ ਮੁਬਾਰਕਬਾਦ ਦਿੱਤੀ ਹੈ।

# ਮੋਗਾ 'ਚ 19 ਸਾਲਾ ਮੁਟਿਆਰ ਨੇ ਦੋ ਲੁਟੇਰੇ ਫੜ੍ਹ ਕੇ ਪੁਲਸ ਹਵਾਲੇ ਕਰਵਾਇਆ

**ਮੋਗਾ/ਏ.ਟੀ.ਨਿਊਜ਼:** ਮੋਗਾ ਵਿੱਚ ਇੱਕ 19 ਸਾਲਾ ਕੁੜੀ ਨੇ ਦੋ ਲੁਟੇਰਿਆਂ ਨੂੰ ਕਰੀਬ ਦੋ ਕਿਲੋਮੀਟਰ ਤੱਕ ਪਿੱਛਾ ਕਰਕੇ ਕਾਬੂ ਕਰ ਲਿਆ। ਇਹ ਮੁਟਿਆਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਿਦਿਆਰਥਣ ਹੈ। ਉਸ ਦੇ ਪਿਤਾ ਮੋਗਾ ਦੇ ਡੀਐਮ ਕਾਲਜ ਦੇ ਪ੍ਰੋਫੈਸਰ ਜਤਿੰਦਰ ਸ਼ਰਮਾ ਹਨ। ਕੁੜੀ ਆਪਣੀ ਮਾਂ ਦੀ ਦਵਾਈ ਲੈਣ ਲਈ ਗਈ ਸੀ। ਇਸ ਦੌਰਾਨ ਦੋ ਬਾਈਕ ਸਵਾਰਾਂ ਨੇ ਉਸ ਦਾ ਮੋਬਾਈਲ ਖੋਹ ਲਿਆ। ਉਸ ਕੁੜੀ ਨੇ ਬਹਾਦਰੀ ਨਾਲ ਉਨ੍ਹਾਂ ਦੋ ਲੁਟੇਰਿਆਂ ਦਾ ਦੋ ਕਿਲੋਮੀਟਰ ਤੱਕ ਪਿੱਛਾ ਕੀਤਾ ਤੇ ਉਨ੍ਹਾਂ ਨੂੰ ਕਾਬੂ ਕਰ ਲਿਆ। ਇੱਥੇ ਮੌਜੂਦ ਲੋਕਾਂ ਨੇ ਲੁਟੇਰਿਆਂ ਨੂੰ ਥੰਮ੍ਹ ਨਾਲ ਬੰਨ੍ਹਿਆ ਤੇ ਉਨ੍ਹਾਂ ਦੀ ਕਾਫ਼ੀ ਕੁਟਮਾਰ ਕੀਤੀ। ਸਾਰੇ ਸ਼ਹਿਰ ਵਿੱਚ ਇਹ ਚਰਚਾ ਹੈ ਕਿ ਕਿਵੇਂ ਇੱਕ 19 ਸਾਲਾਂ ਦੀ ਕੁੜੀ ਨੇ ਦੋ ਕਿਲੋਮੀਟਰ ਤੱਕ ਦੋਨੋਂ ਲੁਟੇਰਿਆਂ ਦਾ ਪਿੱਛਾ ਕੀਤਾ। ਉਸ ਨੂੰ ਇਸ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ। ਕੁੜੀ ਨੇ ਕਿਹਾ ਕਿ ਇਸ ਸਭ ਦਾ ਹੌਂਸਲਾ ਉਸ ਨੂੰ ਆਪਣੇ ਭਰਾ ਤੋਂ ਮਿਲਦਾ ਹੈ ਜੋ ਇਸ ਸਮੇਂ ਇੰਡੀਆ ਨੇਵੀ 'ਚ ਹੈ।



# ਭਾਈ ਰਮਨਦੀਪ ਸਿੰਘ ਬੱਗਾ ਦੇ ਪਿਤਾ ਦਾ ਅਕਾਲ ਚਲਾਣਾ

## ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਭਾਈ ਰਮਨਦੀਪ ਸਿੰਘ ਬੱਗਾ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ



**ਲੰਡਨ/ਏ.ਟੀ.ਨਿਊਜ਼:** ਦਮਦਮੀ ਟਕਸਾਲ ਦੇ ਜਥੇਦਾਰ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਨਾਇਕ ਭਾਈ ਰਮਨਦੀਪ ਸਿੰਘ ਬੱਗਾ ਦੇ ਸਤਿਕਾਰਯੋਗ ਪਿਤਾ ਦੇ ਅਕਾਲ ਚਲਾਣੇ 'ਤੇ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਅਰਦਾਸ ਕੀਤੀ ਗਈ ਕਿ ਅਕਾਲ ਪੁਰਖ ਵਾਹਿਗੁਰੂ ਸਤਿਕਾਰਯੋਗ ਭਾਈ ਰਮਨਦੀਪ ਸਿੰਘ ਬੱਗਾ ਦੇ ਪਿਤਾ ਦੀ ਆਤਮਾ ਨੂੰ ਸਦੀਵ ਕਾਲ ਵਾਸਤੇ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਭਾਈ ਰਮਨਦੀਪ ਸਿੰਘ ਬੱਗਾ ਅਤੇ ਸਮੁੱਚੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦਿਆਂ ਤਹਿ ਦਿਲੋਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਭਾਈ ਰਮਨਦੀਪ ਬੱਗਾ ਦੀ ਸਿੱਖ ਕੌਮ ਪ੍ਰਤੀ ਕੁਰਬਾਨੀ ਮਹਾਨ ਹੈ। ਜਿਸ ਤੇ ਕੌਮ ਨੂੰ ਮਾਣ ਰਹੇਗਾ। ਜਿਸ ਨੇ ਸਿੱਖ ਸੰਘਰਸ਼ ਦੌਰਾਨ ਵੱਡਾ ਯੋਗਦਾਨ ਪਾਇਆ ਹੈ ਅਤੇ ਸਿੱਖ ਵਿਰੋਧੀ ਲਾਬੀ ਨੂੰ ਦਰਸਾ ਦਿੱਤਾ ਕਿ ਖ਼ਾਲਸਾ ਪੰਥ ਕੌਮੀ ਹੱਕਾਂ, ਹਿਤਾਂ ਅਤੇ ਕੌਮੀ ਅਜ਼ਾਦੀ ਲਈ ਚੱਲ ਰਿਹਾ ਸੰਘਰਸ਼ ਜਾਰੀ ਰਹੇਗਾ ।

# ਕੈਨੇਡਾ ਦੇ ਟੋਰਾਂਟੋ ਤੇ ਪੀਲ ਰੀਜ਼ਨ ਵਿੱਚ ਲੋਕਾਂ ਵੱਲੋਂ ਖ਼ਰੀਦਦਾਰੀ ਲਈ ਮੁੜ ਅਫ਼ਰਾ ਤਫਰੀ ਦੀਆਂ ਖ਼ਬਰਾਂ

**ਨਿਊਯਾਰਕ/ ਟੋਰਾਂਟੋ (ਰਾਜ ਗੋਗਨਾ/ਕੁਲਤਰਨ ਪਧਿਆਣਾ):** ਪੀਲ ਰੀਜ਼ਨ ਤੇ ਟਰਾਂਟੋ ਵਿਖੇ ਸੋਮਵਾਰ ਤੋਂ ਲੱਗਣ ਜਾਂ ਰਹੇ 28 ਦਿਨਾਂ ਦੇ ਲਾਕ ਡਾਊਨ ਦੇ ਚਲਦਿਆਂ ਲੋਕਾਂ ਦੀਆਂ ਕੁੱਝ ਗਰੋਸਰੀ ਸਟੋਰਾਂ, ਫਾਰਮੇਸੀ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਦੇ ਬਾਹਰ ਲੰਬੀਆਂ ਲਾਈਨਾਂ ਲੱਗਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ, ਬੇਸ਼ੱਕ ਗਰੋਸਰੀ, ਫਾਰਮੇਸੀ ਤੇ ਹੋਰ ਜ਼ਰੂਰੀ ਵਸਤਾਂ ਦੇ ਸਟੋਰ ਖੁੱਲੇ ਰਹਿਣਗੇ ਤੇ ਇਨਾਂ ਵਸਤਾਂ ਦੀ ਸਪਲਾਈ ਵਿੱਚ ਕਿਤੇ ਵੀ ਕੋਈ ਕਮੀ ਨਹੀਂ ਆਵੇਗੀ ਪਰ ਫਿਰ ਵੀ ਅਫ਼ਵਾਹਾਂ ਦੇ ਚਲਦਿਆਂ ਲੋਕ ਸਰਗਰਮ ਹੋ ਗਏ ਹਨ ਤੇ ਪਹਿਲਾਂ ਦੇ ਵਾਂਗ ਟਾਇਲਟ ਪੇਪਰਾਂ ਵਰਗੀਆਂ ਗੈਰ ਜ਼ਰੂਰੀ ਵਸਤਾਂ ਵੀ ਇਕੱਠੀਆਂ ਕਰਨ ਲੱਗ ਪਏ ਹਨ। ਸਰਕਾਰ ਤੇ ਮੀਡੀਆ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਲੋਕਾਂ ਨੂੰ ਇਸ ਬਾਬਤ ਜਾਗਰੂਕ ਕਰੇ ਕਿ ਇਹ ਸਭ ਵਸਤਾਂ ਦੀਆਂ ਦੁਕਾਨਾਂ ਖੁੱਲੀਆਂ ਰਹਿਣਗੀਆਂ ਤੇ ਸਪਲਾਈ ਨਿਰਵਿਘਨ ਚੱਲਦੀ ਰਹੇਗੀ ਇਸ ਲਈ ਇਕੱਠ ਕਰਨ ਤੇ ਅਫ਼ਰਾ ਤਫਰੀ ਵਾਲਾ ਮਾਹੌਲ ਬਣਾਉਣ ਦੀ ਕੋਈ ਲੋੜ ਨਹੀਂ ਹੈ।

# ਕਾਂਗਰਸੀ ਪੰਚ ਘਰੋਂ ਸ਼ਰਾਬ ਦੀ ਭੱਠੀ ਫੜੀ

**ਮੋਗਾ/ਏ.ਟੀ.ਨਿਊਜ਼:** ਇਥੇ ਥਾਣਾ ਨਿਹਾਲ ਸਿੰਘ ਵਾਲਾ ਅਧੀਨ ਪਿੰਡ ਹਿੰਮਤਪੁਰਾ ਵਿਖੇ ਸ਼ਰਾਬ ਠੇਕੇਦਾਰਾਂ ਨੇ ਛਾਪੇ ਦੌਰਾਨ ਪਿੰਡ ਦੇ ਕਾਂਗਰਸੀ ਪੰਚ ਦੇ ਘਰੋਂ ਚਾਲੂ ਭੱਠੀ ਫੜੀ। ਇਸ ਦੀ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਪੰਚ ਆਖ ਰਿਹਾ ਹੈ ਕਿ ਉਹ ਪੁਲੀਸ ਮੁਲਾਜ਼ਮਾਂ ਲਈ ਹੀ ਇਹ ਸ਼ਰਾਬ ਤਿਆਰ ਕਰ ਰਿਹਾ ਹੈ। ਕਈ ਘੰਟੇ ਬੀਤਣ ਦੇ ਬਾਵਜੂਦ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਥਾਣਾ ਨਿਹਾਲ ਸਿੰਘ ਵਾਲਾ ਮੁਖੀ ਇੰਸਪੈਕਟਰ ਪਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਆਬਕਾਰੀ ਵਿਭਾਗ ਨੇ ਪਰਚਾ ਦਰਜ ਕਰਨ ਲਈ ਕੋਈ ਰੁੱਕਾ ਨਹੀਂ ਭੇਜਿਆ, ਜਦੋਂ ਕਿ ਸ਼ਰਾਬ ਠੇਕੇਦਾਰ ਧਰਮ ਚੰਦ ਸ਼ਰਮਾ ਨੇ ਦੋਸ਼ ਲਾਇਆ ਕਿ ਉਹ ਬਰਾਮਦ ਚਾਲੂ ਭੱਠੀ ਦਾ ਸਾਮਾਨ, ਗੈਸ ਸਿਲੰਡਰ ਤੇ ਕਰੀਬ 200 ਲਿਟਰ ਲਾਹਣ ਗੱਡੀ ਵਿੱਚ ਲੱਦ ਕੇ ਥਾਣੇ ਲੈ ਕੇ ਗਏ ਸਨ ਪਰ ਚੌਂਕੀ ਇੰਚਾਰਜ ਨੇ ਰਾਜਸੀ ਆਗੂ ਦਾ ਹਵਾਲਾ ਦਿੰਦੇ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰਦੇ ਸਾਰਾ ਸਾਮਾਨ ਵਾਪਸ ਲਿਜਾਣ ਲਈ ਆਖ ਦਿੱਤਾ ਤਾਂ ਉਨ੍ਹਾਂ ਕਬਜ਼ੇ ਵਿੱਚ ਲਿਆ ਚਾਲੂ ਭੱਠੀ, ਲਾਹਣ ਤੇ ਹਰ ਸਾਮਾਨ ਆਪਣੇ ਕੋਲ ਰੱਖ ਲਿਆ ਹੈ।

### ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਡੇਰਾ ਪ੍ਰੇਮੀ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਸੜਕ ਜਾਮ

### ✪ ਗੈਂਗਸਟਰ ਸੁੱਖਾ ਗਿੱਲ ਲੰਮੇ ਗਰੁੱਪ ਨੇ ਲਈ ਜ਼ਿੰਮੇਵਾਰੀ ✪ ਗੈਂਗਸਟਰਾਂ ਵੱਲੋਂ ਖ਼ਾਲਿਸਤਾਨ ਦੇ ਹੱਕ ’ਚ ਅਪਲੋਡ ਕੀਤੀਆਂ ਜਾ ਰਹੀਆਂ ਪੋਸਟਾਂ

**ਬਠਿੰਡਾ/ਏ.ਟੀ.ਨਿਊਜ਼:** ਬੀਤੇ ਦਿਨੀਂ ਭਗਤਾ ਭਾਈ ਕਾ ਵਿਚ ‘ਵੈਸਟਰਨ ਯੂਨੀਅਨ ਮਨੀ ਟਰਾਂਸਫ਼ਰ’ ਦੇ ਸੰਚਾਲਕ ਤੇ ਬੇਅਦਬੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਜਤਿੰਦਰਬੀਰ ਉਰਫ਼ ਜਿੰਮੀ ਦੇ ਪਿਤਾ ਮਨੋਹਰ ਲਾਲ ਅਰੋੜਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਦੁਕਾਨ ਵਿਚ ਲੱਗੇ ਸੀ ਸੀ ਟੀਵੀ ਕੈਮਰਿਆਂ ਦੀ ਰਿਕਾਰਡਿੰਗ ਅਨੁਸਾਰ ਦੋ ਹਮਲਾਵਰ ਦੁਕਾਨ ਵਿਚ ਆਏ। ਇੱਕ ਨੌਜਵਾਨ ਨੇ ਆਪਣੇ ਦੋਹਾਂ ਹੱਥਾਂ ’ਚ ਫੜੇ ਪਿਸਤੌਲ ਚਲਾ ਕੇ ਮਨੋਹਰ ’ਤੇ ਅੰਨੇਵਾਹ ਫਾਇਰਿੰਗ ਕੀਤੀ। ਥਾਣਾ ਦਿਆਲਪੁਰਾ ਭਾਈ ਵਿੱਚ ਘਟਨਾ ਸਬੰਧੀ ਵੱਖ ਵੱਖ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਗਈ ਹੈ। ਐੱਸਐੱਸਪੀ ਬਠਿੰਡਾ ਭੁਪਿੰਦਰਜੀਤ ਸਿੰਘ ਵਿਰਕ ਨੇ ਕਿਹਾ ਕਿ ਦੋਸ਼ੀ ਜਲਦੀ ਹੀ ਪੁਲਿਸ ਦੀ ਗ੍ਰਿਫ਼ਤ ਵਿਚ ਹੋਣਗੇ।

**ਡੇਰਾ ਪ੍ਰੇਮੀਆਂ ਵੱਲੋਂ ਧਰਨਾ**

ਮਨੋਹਰ ਲਾਲ ਦੇ ਕਤਲ ਖ਼ਿਲਾਫ਼ ਡੇਰਾ ਸਮਰਥਕਾਂ ਨੇ ਲਾਸ਼ ਨੂੰ ਡੇਰੇ ਦੀ ਹੀ ਇਕਾਈ ਰਾਜਗੜ-ਸਲਾਬਤਪੁਰਾ ਅੱਗੇ ਰੱਖ ਕੇ ਬਰਨਾਲਾ-ਬਾਜਾਖਾਨਾ ਸੜਕ ਨੂੰ ਜਾਮ ਕਰ ਦਿੱਤਾ। ਉਹ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰਨ ਦੀ ਮੰਗ ਕਰ ਰਹੇ ਹਨ। ਸੂਚਨਾ ਮਿਲਦਿਆਂ ਹੀ ਐੱਸਐੱਸਪੀ (ਬਠਿੰਡਾ) ਭੁਪਿੰਦਰ ਸਿੰਘ ਪੁਲਿਸ ਫੋਰਸ ਸਮੇਤ ਸਲਾਬਤਪੁਰਾ ਪੁੱਜੇ। ਇਸ ਮੌਕੇ ਡੇਰਾ ਸਟੇਟ ਕਮੇਟੀ ਮੈਂਬਰ ਹਰਚਰਨ ਸਿੰਘ ਨੇ ਕਿਹਾ ਕਿ ਮਨੋਹਰ ਲਾਲ ਦਾ ਕਤਲ ਕੋਈ ਪਹਿਲਾ ਕਤਲ ਨਹੀਂ ਹੈ, ਕਿਸੇ ਡੇਰਾ ਪ੍ਰੇਮੀ ਦਾ ਇਹ ਸੱਤਵਾਂ ਕਤਲ ਹੈ ਤੇ ਪ੍ਰਸ਼ਾਸਨ ਵੱਲੋਂ ਹਰ ਵਾਰ ਭਰੋਸਾ ਦਿੱਤਾ ਜਾਂਦਾ ਪਰ ਕਦੇ ਇਨਸਾਫ਼ ਨਹੀਂ ਮਿਲਿਆ। ਉਨਾਂ ਮੰਗ ਕੀਤੀ ਕਿ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ । ਉਨਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵਾਰ-ਵਾਰ ਏਜੰਸੀਆਂ ਅਤੇ ‘ਸਿੱਟਾ’ ਰਾਹੀਂ ਡੇਰਾ ਸ਼ਰਧਾਲੂਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਝੂਠੇ ਪ੍ਰਚਾਰ ਕਾਰਨ ਡੇਰਾ ਪ੍ਰੇਮੀਆਂ ਦੇ ਜਾਨ-ਮਾਲ ਨੂੰ ਖ਼ਤਰਾ ਹੈ। ਉਨਾਂ ਕਿਹਾ ਕਿ ਜਦ ਤੱਕ ਮਨੋਹਰ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਲਾਸ਼ ਨੂੰ ਸੜਕ ਉੱਪਰ ਰੱਖ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਪ੍ਰਸ਼ਾਸਕੀ ਅਧਿਕਾਰੀਆਂ ਤੇ ਡੇਰਾ ਸਟੇਟ ਕਮੇਟੀ ਦੇ ਆਗੂਆਂ ਵਿਚਾਲੇ ਮੀਟਿੰਗ ਬੇਸਿੱਟਾ ਰਹੀ।



ਮਨੋਹਰ ਲਾਲ

**ਗੈਂਗਸਟਰ ਸੁੱਖਾ ਗਿੱਲ ਨੇ ਲਈ ਜ਼ਿੰਮੇਵਾਰੀ**

ਡੇਰਾ ਸ਼ਰਧਾਲੂ ਮਨੋਹਰ ਲਾਲ ਦੇ ਹੋਏ ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਸੁੱਖਾ ਗਿੱਲ ਲੰਮੇ ਦੇ ਗਰੁੱਪ ਨੇ ਲੈ ਲਈ ਹੈ। ਗਰੁੱਪ ਨੇ ਇਕ ਫੇਸਬੁੱਕ ਪੋਸਟ ਵਿਚ ਲਿਖਿਆ ਹੈ ਕਿ ‘ਜੋ ਭਗਤੇ ਕਤਲ ਹੋਇਆ, ਉਹ ਮੇਰੇ ਵੀਰ ਹਰਜਿੰਦਰ ਤੇ ਅਮਨੇ ਨੇ ਕਰਿਆ।’ ਕਤਲ ਦੀ ਵਜਾ ਬਰਗਾੜੀ ਤੇ ਭਗਤਾ ਭਾਈ ਵਿਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਦੱਸਿਆ ਗਿਆ ਹੈ। ਭਵਿੱਖ ’ਚ ਅਜਿਹਾ ਕਰਨ ਵਾਲਿਆਂ ਦਾ ‘ਅੰਸ਼ ਮੁਕਾਉਣ’ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

**ਮਾਮਲਿਆਂ ਦੀ ਜਾਂਚ ਪ੍ਰਕਿਰਿਆ ਹੋ ਸਕਦੀ ਹੈ ਪ੍ਰਭਾਵਿਤ**

ਸੂਤਰ ਦੱਸਦੇ ਹਨ ਕਿ ਭਾਵੇਂ ਪੁਲਿਸ ਵੱਲੋਂ ਉਕਤ ਕਤਲ ਦੇ ਮਾਮਲੇ ਦੀ ਜਾਂਚ ਡੂੰਘਾਈ ਨਾਲ ਕੀਤੀ ਜਾ ਰਹੀ ਹੈ ਪਰ ਬੇਅਦਬੀ ਮਾਮਲਿਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਡੇਰਾ ਪ੍ਰੇਮੀ ਦੀ ਬਜਾਇ ਉਸਦੇ ਪਿਤਾ ਦਾ ਕਤਲ ਸਮਝ ਤੋਂ ਬਾਹਰ ਦੀ ਗੱਲ ਹੈ। ਬੇਅਦਬੀ ਮਾਮਲਿਆਂ ਦੇ ਪੀੜਤ ਪਰਿਵਾਰਾਂ ਅਤੇ ਪੰਥਦਰਦੀਆਂ ਨੂੰ ਖ਼ਦਸ਼ਾ ਹੈ ਕਿ ਜੇਕਰ ਡੇਰਾ ਪ੍ਰੇਮੀਆਂ ਵੱਲੋਂ ਪਾਈਆਂ ਗਈਆਂ ਸੁਪਰੀਮ ਕੋਰਟ ਵਿਚ ਪਟੀਸ਼ਨਾਂ ਰੱਦ ਨਹੀਂ ਹੁੰਦੀਆਂ ਤਾਂ ਜਾਂਚ ਪ੍ਰਕਿਰਿਆ ਦਾ ਪ੍ਰਭਾਵਿਤ ਹੋਣਾ ਸੁਭਾਵਿਕ ਹੈ, ਕਿਉਂਕਿ ਜਾਂਚ ਟੀਮਾਂ ਵੱਲੋਂ ਮਾਮਲੇ ਦੀ ਡੂੰਘਾਈ ਤੇ ਨਿਰਪੱਖਤਾ ਨਾਲ ਕੀਤੀ ਜਾ ਰਹੀ ਜਾਂਚ ਤੋਂ ਉਹ ਪੂਰੀ ਤਰਾਂ ਸੰਤੁਸ਼ਟ ਹਨ।

ਸੰਪਰਕ ਕਰਨ ’ਤੇ ਇੰਸ. ਅਮਨਪਾਲ ਸਿੰਘ ਵਿਰਕ ਐੱਸ.ਐੱਚ.ਓ. ਥਾਣਾ ਭਗਤਾ ਭਾਈਕਾ ਨੇ ਆਖਿਆ ਕਿ ਪੁਲਸ ਵੱਲੋਂ ਬੇਅਦਬੀ ਕਾਂਡ, ਪੁਰਾਣੀ ਰੰਜਿਸ਼, ਪੈਸਿਆਂ ਦਾ ਲੈਣ-ਦੇਣ ਜਾਂ ਹੋਰ ਵੀ ਅਨੇਕਾਂ ਪਹਿਲੂਆਂ ਨਾਲ ਜੋੜ ਕੇ ਕਤਲ ਦੀ ਜਾਂਚ ਡੂੰਘਾਈ ਨਾਲ ਕੀਤੀ ਜਾ ਰਹੀ ਹੈ। ਆਸ-ਪਾਸ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ਼ ਕਬਜੇ ਵਿਚ ਲੈ ਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

**ਸੁੱਖਾ ਲੰਮੇ ਦਾ ਫੇਸਬੁੱਕ ਅਕਾਊਂਟ ਹੋਇਆ ਡਲੀਟ**

ਮਨੋਹਰ ਲਾਲ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਸੁੱਖਾ ਗਿੱਲ ਲੰਮੇ ਦਾ ਫੇਸਬੁੱਕ ਅਕਾਊਂਟ ਡਲੀਟ ਕਰ ਦਿੱਤਾ ਗਿਆ ਹੈ। ਅਕਾਊਂਟ ਕਿਸ ਨੇ ਡਲੀਟ ਕੀਤਾ, ਇਸ ਦਾ ਹਾਲੇ ਤਕ ਕੋਈ ਪਤਾ ਨਹੀਂ ਲੱਗਾ ਹੈ।

ਗੌਂਡਰ ਗਰੁੱਪ ਨੇ ਇਕ ਪੋਸਟ ਸ਼ੇਅਰ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ,‘ਸਾਰੇ ਵੀਰਾਂ-ਭੈਣਾਂ ਨੂੰ ਦੱਸ ਦੇਈਏ ਜਿਸ ਸਮੇਂ ਮੌਕੇ ਮਿਲੇਗਾ ਉਸੇ ਸਮੇਂ ਸੋਧਾਂ ਲੱਗੇਗਾ, ਗ਼ੱਦਾਰ, ਠੱਗ ਤੇ ਪੰਥ ਦੋਖੀਆਂ ਨੂੰ।’

ਇੱਥੇ ਜ਼ਿਕਰਯੋਗ ਹੈ ਕਿ ਗੈਂਗਸਟਰ ਗਰੁੱਪਾਂ ਵੱਲੋਂ ਪਿਛਲੇ ਕੁੱਝ ਸਮੇਂ ਤੋਂ ਖ਼ਾਲਿਸਤਾਨ ਦੇ ਹੱਕ ’ਚ ਵੀ ਪੋਸਟਾਂ ਪਾਈਆਂ ਜਾ ਰਹੀਆਂ ਹਨ। ਕਈ ਗੈਂਗਸਟਰ ਜੇਲ ਵਿਚ ਗਰਮ ਖਿਆਲੀਆਂ ਨਾਲ ਹੋਈ ਮਿਲਣੀ ਤੋਂ ਬਾਅਦ ਪੂਰਨ ਗੁਰਸਿੱਖ ਬਣ ਚੁੱਕੇ ਹਨ। ਭਗਤਾ ਭਾਈਕਾ ਦੇ ਡੇਰਾ ਪ੍ਰੇਮੀ ਦੇ ਕਤਲ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਸੁੱਖਾ ਲੰਮੇ ਨੇ ਜ਼ਿੰਮੇਵਾਰੀ ਲੈਣ ਦੀ ਪੋਸਟ ਤੋਂ ਕੁੱਝ ਮਿੰਟਾਂ ਬਾਅਦ ਆਪਣੀ ਫੇਸ ਬੁੱਕ ’ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਾਸ਼ਣ ਦੀ ਵੀਡੀਓ ਅਪਲੋਡ ਕੀਤੀ ਸੀ। ਜੇਲ ਵਿੱਚ ਸੁੱਖਾ ਲੰਮੇ ਦੀ ਮੁਲਾਕਾਤ ਦੀ ਗਰਮ ਖਿਆਲੀਆਂ ਨਾਲ ਹੋਣ ਤੋਂ ਬਾਅਦ ਉਹ ਪੂਰਨ ਗੁਰਸਿੱਖ ਬਣ ਗਿਆ ਸੀ।

ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਪਹਿਲਾਂ ਹੀ ਪੂਰਨ ਗੁਰਸਿੱਖੀ ਜੀਵਨ ਧਾਰਨ ਕਰ ਚੁੱਕਾ ਹੈ। ਉਸ ਦੇ ਫੇਸਬੁੱਕ ਪੇਜ ’ਤੇ ਖ਼ਾਲਿਸਤਾਨ ਪੱਖੀ ਪੋਸਟਾਂ ਦੇਖੀਆਂ ਜਾ ਸਕਦੀਆਂ ਹਨ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲ ਦਲ ਨੂੰ ਲਾਂਭੇ ਕਰਨ ਲਈ ਪੰਥਕ ਧੜੇ ਹੋਏ ਸਰਗਰਮ

**✪ ਬਾਦਲ ਦਲ ਸੱਤਾ ਤੋਂ ਵੀ ਹੈ ਲਾਂਭੇ 'ਤੇ ਕੇਂਦਰ ਵਿਚੋਂ ਵੀ ਹੈ ਬਾਹਰ ✪ ਅਕਾਲੀ ਦਲ 'ਚੋਂ ਵੱਡੇ ਆਗੂਆਂ ਦਾ ਬਾਹਰ ਆ ਜਾਣਾ ਬਾਦਲ ਲਈ ਵੱਡੀ ਚੁਣੌਤੀ ✪ ਕਮੇਟੀ ਮੈਂਬਰਾਂ ਦੇ ਵਿਚਾਰ ਜਾਣਨ ਲਈ ਸੁਖਬੀਰ ਸਿੰਘ ਬਾਦਲ ਵੱਲੋਂ ਵਿਚਾਰਾਂ**

**- ਪ੍ਰਗਟ ਸਿੰਘ**
**ਜੰਡਿਆਲਾ ਗੁਰੂ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਹੁਣ ਚੁਫੇਰੇ ਚਰਚਾ ਹੋਣ ਲੱਗੀ ਹੈ ਅਤੇ ਇਹ ਵੀ ਜਾਪਦਾ ਹੈ ਕਿ ਹੁਣ ਇਹ ਅਮਲ ਮੁਕੰਮਲ ਹੋ ਹੀ ਜਾਣਾ ਹੈ। ਇਸ ਵੇਲੇ ਉਹ ਸਭ ਧੜੇ ਇਕੱਠੇ ਹੋ ਰਹੇ ਹਨ ਜਿਹੜੇ ਸ਼੍ਰੋਮਣੀ ਨੂੰ ਨਿਰੋਲ ਧਾਰਮਿਕ ਸੰਸਥਾ ਵਜੋਂ ਵੇਖਣਾ ਚਾਹੁੰਦੇ ਹਨ। ਕਈ ਵਰਿਆਂ ਤੋਂ ਰੌਲਾ ਪੈ ਰਿਹਾ ਹੈ ਕਿ ਇਸ ਸੰਸਥਾ ਉੱਪਰ ਕਾਬਜ਼ ਬਾਦਲ ਦਲ ਦਾ ਹੈ ਜੋ ਇਕ ਪਰਿਵਾਰ ਦੇ ਕਲਾਵੇ ਵਿਚ ਚੱਲੀ ਆ ਰਹੀ ਹੈ। ਉਸਦੇ ਦੇ ਗ਼ਲਬੇ ਹੇਠੋਂ ਸ਼੍ਰੋਮਣੀ ਕਮੇਟੀ ਨੂੰ ਅਜ਼ਾਦ ਕਰਵਾਉਣਾ ਹੈ ਪਰ ਸਤਾ ਉੱਪਰ ਕਾਬਜ਼ ਅਕਾਲੀ ਦਲ ਦੇ ਕਾਰਨ ਉਹ ਧੜੇ ਆਪਣੇ ਮਿਸ਼ਨ ਵਿਚ ਸਫਲ ਨਹੀਂ ਸਨ ਹੋ ਸਕੇ। ਪਿਛਲੇ ਚਾਰ ਸਾਲਾਂ ਤੋਂ ਬਾਦਲ ਦੀ ਪ੍ਰਧਾਨਗੀ ਵਾਲੇ ਅਕਾਲੀ ਦਲ ਦਾ ਸੂਬੇ ਦੀ ਸਤਾ ਤੋਂ ਲਾਂਭੇ ਹੋਣਾ ਅਤੇ ਹੁਣ ਕੇਂਦਰ ਦੀ ਭਾਜਪਾ ਸਰਕਾਰ ਦਾ ਅਕਾਲੀ ਦਲ ਉੱਪਰੋਂ ਆਸ਼ੀਰਵਾਦ ਦਾ ਮਨਫ਼ੀ ਹੋ ਜਾਣਾ, ਨਿਰੋਲ ਪੰਥਕ ਧੜਿਆਂ ਦੀ ਮਨਸ਼ਾ ਪੂਰੀ ਹੋਣ ਵੱਲ ਸਾਰਥਿਕ ਕਦਮ ਸਮਝਿਆ ਜਾ ਰਿਹਾ ਹੈ। ਸਿੱਖੀ ਵਿਚ ਆਸਥਾ ਰੱਖਣ ਵਾਲੇ ਪੰਥਕ ਧੜਿਆਂ ਦਾ ਕਹਿਣਾ ਹੈ ਕਿ ਲੰਬਾ ਸਮਾਂ ਚੱਲੀ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਕਈ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਗੁਰਦੁਆਰਿਆਂ ਨੂੰ ਮਸੰਦਾ ਤੋਂ ਆਜ਼ਾਦ ਕਰਵਾਇਆ ਪਰ ਹੁਣ ਸਿੱਖੀ ਦੇ ਭੇਸ ਵਿਚ ਗੁਰਦੁਆਰਾ ਸਾਹਿਬਾਨਾਂ 'ਤੇ ਮੁੜ ਉਹੀ ਕਾਬਜ਼ ਹੋ ਗਏ ਹਨ ਅਤੇ ਪੰਥ ਨੂੰ ਪ੍ਰਣਾਏ ਲੋਕਾਂ ਨੂੰ ਮੁੜ ਤੋਂ ਸੰਘਰਸ਼ ਕਰਨਾ ਪੈ ਰਿਹਾ ਹੈ।

ਪੰਥਕ ਧੜਿਆਂ ਦੇ ਮੋਹਰੀ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਹੁਣ ਗੁਰਦੁਆਰਾ ਸਾਹਿਬਾਨਾਂ ਦੀ ਸੇਵਾ ਸੰਭਾਲ, ਹਸਪਤਾਲਾਂ, ਵਿੱਦਿਅਕ ਅਦਾਰਿਆਂ, ਸਿੱਖੀ ਦਾ ਪ੍ਰਚਾਰ ਆਦਿ ਦੀ ਬਜਾਏ ਗੋਲਕਾਂ ਦੀ ਮਾਇਆ ਨੂੰ ਸਿਆਸੀ ਹੋਂਦ ਦੀ ਬਹਾਲੀ ਲਈ ਖ਼ਰਚਿਆ ਜਾ ਰਿਹਾ ਹੈ। ਉਨਾਂ ਕਿਹਾ ਕਿ ਅੱਜ ਸਮਾਂ ਮੰਗ ਕਰਦਾ ਹੈ ਕਿ ਬਾਬਾ ਖੜਕ ਸਿੰਘ ਵਰਗੇ ਰਹਿਨੁਮਾਵਾਂ ਦੀ ਸੋਚ ਵਾਲੇ ਆਗੂ ਗੁਰਦੁਆਰਿਆਂ ਦੇ ਪ੍ਰਬੰਧਾਂ ਦੀ ਸੇਵਾ ਸੰਭਾਲ ਕਰਨ ਤੇ ਅਜਿਹਾ ਸਭ ਕੁਝ ਸਿੱਖ ਸੰਗਤ ਦੀ ਨਿਰਸਵਾਰਥ, ਭੈਅ ਮੁਕਤ ਅਤੇ ਦ੍ਰਿੜ ਸੰਕਲਪ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ।

**ਸੰਗਤ ਦੀ ਨਜ਼ਰ ਹੁਣ ਪੰਥਕ ਧੜਿਆਂ ਵੱਲ**

ਆਪਣੇ-ਆਪ ਨੂੰ ਚਿਰਾਂ ਤੋਂ ਪੰਥਕ ਹੋਣ ਦਾ ਦਾਅਵਾ ਕਰ ਰਹੇ ਧੜੇ ਇਸ ਵਾਰ ਧੜੱਲੇਦਾਰ ਢੰਗ ਨਾਲ ਮੈਦਾਨ ਵਿਚ ਨਿੱਤਰਨ ਲਈ ਪਰ ਤੋਲ ਰਹੇ ਹਨ। ਇਨਾਂ ਧੜਿਆਂ ਦਾ ਤਰਕ ਹੈ ਕਿ ਉਨਾਂ ਦੇ ਹੱਕ ਵਿਚ ਹਰੇਕ ਵਾਰ ਸੰਗਤ ਉਲਾਰ ਤਾਂ ਹੁੰਦੀ ਹੈ ਪਰ ਅਕਾਲੀ ਦਲ ਦੇ ਦਬਦਬੇ ਕਾਰਨ ਉਹ ਉਸ ਤਰੀਕੇ ਨਾਲ ਵੋਟ ਪੱਖੋਂ ਭੁਗਤਣ 'ਚ ਤਿਲਕ ਜਾਂਦੀ ਹੈ ਜਿਸ ਦਾ ਵੱਡਾ ਕਾਰਨ ਹਰੇਕ ਵਾਰ ਅਕਾਲੀ ਦਲ ਦੀ ਸਿਆਸੀ ਸਤਾ ਹੀ ਹੋ ਨਿੱਬੜਦੀ ਹੈ। ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਅਕਾਲੀ ਦਲ (ਬਾਦਲ) ਉੱਪਰ ਸਿੱਧਾ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਰਗੀ ਮਹਾਨ ਸੰਸਥਾ ਉੱਪਰ ਕਾਬਜ਼ ਹੋਣ ਲਈ ਅਕਾਲੀ ਦਲ ਧਨ ਦੌਲਤ ਅਤੇ ਹੋਰ ਅਜਿਹੇ ਹੱਥਕੰਡੇ ਵਰਤਦਾ ਰਿਹਾ ਹੈ। ਇਸ ਵਾਰ ਸਿੱਖ ਬਿਨਾਂ ਕਿਸੇ ਸਿਆਸੀ ਦਬਾਅ ਤੋਂ ਆਪਣੀ ਵੋਟ ਦੀ ਵਰਤੋਂ ਕਰਨਗੇ, ਜਦਕਿ ਪਹਿਲਾਂ ਉਨਾਂ ਨੂੰ ਹਰੇਕ ਵਾਰ ਡਰਾਇਆ, ਧਮਕਾਇਆ ਜਾਂਦਾ ਰਿਹਾ ਹੈ।

**ਬਾਦਲ ਦਲ ਦਾ ਸੰਕਟ**

ਅਕਾਲੀ ਦਲ (ਬ) ਦਾ ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣਾ ਅਤੇ ਐੱਨ. ਡੀ. ਏ. ਨਾਲੋਂ ਤੋੜ ਵਿਛੋੜੇ ਦਾ ਵੀ ਇਸ ਵਾਰ ਪੰਥਕ ਧਿਰਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਪੂਰਨ ਤੌਰ 'ਤੇ ਲਾਭ ਮਿਲ ਸਕਦਾ ਹੈ। ਇਸ ਵਾਰ ਬਾਦਲ ਧੜੇ ਦੀਆਂ ਮਨਮਾਨੀਆਂ ਨਹੀਂ ਚੱਲ ਸਕਣਗੀਆਂ, ਜਿਸ ਬਾਰੇ ਪਹਿਲਾਂ ਹਰੇਕ ਚੋਣ ਸਮੇਂ ਉਸ ਉੱਪਰ ਅਜਿਹੇ ਦੋਸ਼ ਲੱਗਦੇ ਰਹੇ ਹਨ। ਅਕਾਲੀ ਦਲ (ਬ) ਵਿਚੋਂ ਵੱਡੇ ਵੱਡੇ ਆਗੂਆਂ ਦਾ ਬਾਹਰ ਹੋ ਕੇ ਆਪੋ-ਆਪਣੇ ਧੜੇ ਬਣਾ ਲੈਣਾ ਅਤੇ ਅਜਿਹੇ ਲਗਭਗ ਸਾਰੇ ਧੜਿਆਂ ਦਾ ਇਕ ਪਲੇਟਫ਼ਾਰਮ ਉੱਪਰ ਇਕੱਤਰ ਹੋ ਕੇ ਧਾਰਮਿਕ ਅਤੇ ਸਿਆਸੀ ਤੌਰ 'ਤੇ ਅਕਾਲੀ ਦਲ (ਬ) ਨੂੰ ਟੱਕਰ ਦੇਣ ਲਈ ਵਿਉਂਤਬੰਦੀ ਕਰਨਾ ਇਸ ਵਾਰ ਸ਼ੁੱਭ ਸੰਕੇਤ ਹੈ। ਜਥੇਦਾਰ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਜਥੇਦਾਰ ਸੇਖਵਾਂ, ਜਥੇਦਾਰ ਤਲਵੰਡੀ ਆਦਿ ਹੁਰਾਂ ਦਾ ਬਾਦਲ ਦਲ ਨੂੰ ਅਲਵਿਦਾ ਆਖਣਾ ਤੇ ਇਨਾਂ ਆਗੂਆਂ ਨਾਲ ਹੋਰਨਾਂ ਕਈ ਜਥੇਬੰਦੀਆਂ ਦਾ ਜੁੜ ਜਾਣਾ ਅਕਾਲੀ ਦਲ (ਬ) ਲਈ ਇਹ ਵੱਡੀ ਚੁਣੌਤੀ ਵੀ ਹੈ।

## ਸ਼੍ਰੋਮਣੀ ਕਮਟੀ ਪ੍ਰਧਾਨ ਦਾ ਬਦਲ ਨਹੀਂ ਲਭ ਰਿਹਾ ਬਾਦਲ ਦਲ ਨੂੰ

ਹਰ ਸਾਲ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਵੱਲੋਂ 21 ਦਿਨਾਂ ਦੇ ਅਗਾਊਂ ਨੋਟਿਸ 'ਤੇ ਨਵੰਬਰ ਮਹੀਨੇ ਚੋਣ ਇਜਲਾਸ ਕਰਵਾਇਆ ਜਾਂਦਾ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ 185 ਮੈਂਬਰੀ ਹਾਊਸ ਵੱਲੋਂ ਪ੍ਰਧਾਨ ਸਮੇਤ 15 ਮੈਂਬਰੀ ਕਾਰਜਕਾਰਨੀ ਕਮੇਟੀ ਚੁਣੀ ਜਾਂਦੀ ਹੈ। ਕਿਉਂਕਿ ਸਿੱਖ ਗੁਰਦੁਆਰਾ ਐਕਟ-1925 ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 5 ਸਾਲ ਬਾਅਦ ਅਤੇ ਕਾਰਜਕਾਰਨੀ ਕਮੇਟੀ ਦੀ ਚੋਣ 1 ਸਾਲ ਬਾਅਦ ਹੁੰਦੀ ਹੈ। ਸਭ ਤੋਂ ਲੰਬਾ ਸਮਾਂ (25 ਸਾਲਾਂ ਤੋਂ ਜ਼ਿਆਦਾ) ਸ਼੍ਰੋਮਣੀ ਕਮੇਟੀ ਪ੍ਰਧਾਨ ਰਹਿਣ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਨ। ਭਾਈ ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਕਮੇਟੀ ਦੇ 42ਵੇਂ ਪ੍ਰਧਾਨ ਹਨ, ਜੋ ਪਿਛਲੇ ਤਿੰਨ ਸਾਲਾਂ ਤੋਂ ਪ੍ਰਧਾਨ ਚਲੇ ਆ ਰਹੇ ਹਨ। ਆਉਂਦੀ 27 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਚੋਣ ਇਜਲਾਸ ਹੋਣ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਸਦਨ ਵਿਚ ਬਹੁਮਤ ਸ਼੍ਰੋਮਣੀ ਅਕਾਲੀ ਦਲ ਕੋਲ ਹੈ, ਇਸ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਦੇ ਸਾਰੇ ਅਧਿਕਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਕੋਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਸੱਦੇ ਆਮ ਇਜਲਾਸ ਵਿਚ ਪ੍ਰਧਾਨਗੀ ਅਹੁਦੇ ਲਈ ਅਕਾਲੀ ਲੀਡਰਸ਼ਿਪ ਸਾਹਮਣੇ ਵੱਡਾ ਸੰਕਟ ਬਣ ਗਿਆ ਹੈ) ਵੱਖ-ਵੱਖ ਸੀਨੀਅਰ ਅਕਾਲੀ ਆਗੂਆਂ ਨਾਲ ਕੀਤੀ ਗੱਲਬਾਤ ਤੋਂ ਲਗਦਾ ਹੈ ਕਿ ਅਕਾਲੀ ਲੀਡਰਸ਼ਿਪ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸੰਕਟ ਨੂੰ ਹੱਲ ਕਰਨ ਲਈ ਕੋਈ ਧਾਰਮਿਕ ਪ੍ਰਪੱਕਤਾ ਜਨਤਕ ਪਛਾਣ ਤੇ ਧੜੱਲੇ ਨਾਲ ਫ਼ੈਸਲੇ ਲੈ ਸਕਣ ਦੀ ਸਮਰੱਥਾ ਵਾਲੀ ਸ਼ਖ਼ਸੀਅਤ ਲੱਭਣ ਦੇ ਯਤਨ ਵਿਚ ਹੈ ਪਰ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚੋਂ ਕੋਈ ਵੀ ਆਗੂ ਉਨਾਂ ਦੀ ਪਰਖ ਉੱਪਰ ਪੂਰਾ ਉੱਤਰਦਾ ਨਜ਼ਰ ਨਹੀਂ ਆ ਰਿਹਾ। 3 ਸਾਲ ਤੋਂ ਪ੍ਰਧਾਨਗੀ ਅਹੁਦੇ ਉੱਪਰ ਸੁਸ਼ੋਭਿਤ ਭਾਈ ਗੋਬਿੰਦ ਸਿੰਘ ਲੌਂਗੋਵਾਲ ਬਚ-ਬਚਾਅ ਕੇ ਚੱਲਣ ਵਾਲੇ ਆਗੂ ਸਮਝੇ ਜਾਂਦੇ ਹਨ ਤੇ ਉਨਾਂ ਆਪਣੇ ਕਾਰਜਕਾਲ ਵਿਚ ਕੋਈ ਬਹੁਤਾ ਵਾਦ-ਵਿਵਾਦ ਵੀ ਖੜਾ ਨਹੀਂ ਹੋਣ ਦਿੱਤਾ ਪਰ ਸ਼੍ਰੋਮਣੀ ਕਮੇਟੀ ਨੂੰ ਜਿਸ ਤਰਾਂ ਦੇ ਸੰਕਟ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨਾਂ ਦਾ ਸਾਹਮਣਾ ਕਰ ਸਕਣਾ ਜਾਂ ਹੱਲ ਕੱਢ ਸਕਣਾ ਉਨਾਂ ਦੇ ਵਿੱਤੋਂ ਬਾਹਰਾ ਸਮਝਿਆ ਜਾ ਰਿਹਾ ਹੈ) ਜ਼ਿਆਦਾਤਰ ਬਾਦਲ ਦਲ ਦੇ ਆਗੂ ਇਸ ਰਾਇ ਦੇ ਦੱਸੇ ਜਾਂਦੇ ਹਨ ਕਿ ਮੌਜੂਦਾ ਸੰਕਟ ਦੇ ਮੱਦੇਨਜ਼ਰ ਪ੍ਰਧਾਨਗੀ ਪਦ ਲਈ ਕਿਸੇ ਨਵੇਂ ਸਾਫ਼-ਸੁਥਰੀ ਦਿੱਖ ਤੇ ਚੰਗੀ ਧਾਰਮਿਕ ਸਾਖ ਵਾਲੇ ਕਮੇਟੀ ਮੈਂਬਰ ਨੂੰ ਚੁਣਿਆ ਜਾਵੇ) ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਗੋਬਿੰਦ ਸਿੰਘ ਲੌਂਗੋਵਾਲ ਇਸ ਵਾਰ ਵੀ ਉਹ ਪ੍ਰਧਾਨ ਦੇ ਅਹੁਦੇ ਲਈ ਵਧੇਰੇ ਸਮਰੱਥਾ ਵਾਲੇ ਉਮੀਦਵਾਰ ਹਨ। ਉਨਾਂ ਤੋਂ ਇਲਾਵਾ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰ ਤੇ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਦੇ ਨਾਂ ਦੀ ਵੀ ਚਰਚਾ ਚੱਲ ਰਹੀ ਹੈ। ਕਈ ਆਗੂ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਜਾਂ ਸੀਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ ਨੂੰ ਵੀ ਪ੍ਰਧਾਨਗੀ ਦਿੱਤੇ ਜਾਣ ਦਾ ਵਿਚਾਰ ਰੱਖਦੇ ਹਨ) ਇਹ ਦੋਵੇਂ ਆਗੂ ਦੁਆਬਾ ਖੇਤਰ ਨਾਲ ਸਬੰਧਿਤ ਹਨ) 2020 'ਚ ਲਾਪਤਾ 328 ਪਾਵਨ ਸਰੂਪਾਂ ਦਾ ਮਾਮਲਾ ਸਿੱਖ ਸੰਸਥਾ ਲਈ ਅਹਿਮ ਮੁੱਦਾ ਹੋ ਨਿਬੜਿਆ ਹੈ। ਇਹ ਮਾਮਲਾ ਅਜੇ ਵੀ ਭਖਦਾ ਮੁੱਦਾ ਬਣਿਆ ਹੋਇਆ ਹੈ ਅਤੇ ਇਸ ਦਾ ਵਧੇਰੇ ਖ਼ਮਿਆਜ਼ਾ ਸ਼੍ਰੋਮਣੀ ਕਮੇਟੀ ਨੂੰ ਭੁਗਤਣਾ ਪੈ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਸਮੇਤ ਅੰਤ੍ਰਿਗ ਕਮੇਟੀ ਨੇ ਖਿਮਾ ਯਾਚਨਾ ਵੀ ਕੀਤੀ ਹੈ ਪਰ ਇਸ ਦੇ ਬਾਵਜੂਦ ਸਿੱਖ ਸੰਸਥਾ ਪ੍ਰਤੀ ਲੋਕਾਂ ਦਾ ਰੋਹ ਘੱਟ ਨਹੀਂ ਹੋ ਰਿਹਾ ਹੈ। ਆਉਣ ਵਾਲੀਆਂ ਚੋਣਾਂ ਅਤੇ ਮੌਜੂਦਾ ਸਥਿਤੀ ਨੂੰ ਦੇਖਦਿਆਂ ਸਿੱਖ ਸੰਗਤ ਦੇ ਰੋਹ ਨੂੰ ਸ਼ਾਂਤ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰਾਂ ਨੂੰ ਬਦਲਿਆ ਵੀ ਜਾ ਸਕਦਾ ਹੈ। ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕਰ ਦਿੱਤਾ ਹੈ ਤੇ ਪਿਛਲੇ ਦਿਨੀਂ ਪਿੰਡ ਬਾਦਲ ਤੇ ਚੰਡੀਗੜ ਵਿਖੇ ਉਹ ਮਾਲਵਾ ਤੇ ਦੁਆਬਾ ਵਿਚ ਪੈਂਦੇ ਸਾਰੇ ਪਾਰਟੀ ਨਾਲ ਸਬੰਧਤ ਮੈਂਬਰਾਂ ਨੂੰ ਮਿਲ ਚੁੱਕੇ ਹਨ। ਬਾਕੀ ਰਹਿੰਦੇ ਮਾਝਾ ਖੇਤਰ ਦੇ ਕਮੇਟੀ ਮੈਂਬਰਾਂ ਨਾਲ ਅਗਲੇ ਦਿਨਾਂ 'ਚ ਅੰਮ੍ਰਿਤਸਰ ਮਿਲਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਮਹਿਜ਼ ਰਹੱਸ ਹੀ ਬਣੀ ਹੋਈ ਹੈ। ਅਕਾਲੀ ਦਲ ਦੇ ਪ੍ਰਧਾਨ ਜਿਸ ਵਿਅਕਤੀ ਦੀ ਪਰਚੀ ਭੇਜਦੇ ਹਨ, ਉਹ ਹੀ ਪ੍ਰਧਾਨ ਐਲਾਨ ਦਿੱਤਾ ਜਾਂਦਾ ਰਿਹਾ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵੱਲੋਂ ਜਾਣੀ ਜਾਂਦੀ ਲੋਕਤੰਤਰੀ ਵਿਵਸਥਾ ਵਾਲੀ ਚੁਣੀ ਹੋਈ ਸੰਸਥਾ ਵਿਚ ਇਸ ਤਰਾਂ ਦੇ ਵਰਤਾਰੇ ਦੇ ਕਾਬਲ ਹੋਣ ਦੀ ਸਿੱਖ ਹਲਕਿਆਂ 'ਚ ਤਿੱਖੀ ਆਲੋਚਨਾ ਹੁੰਦੀ ਆ ਰਹੀ ਹੈ ਪਰ ਅਕਾਲੀ ਲੀਡਰਸ਼ਿਪ ਸ਼੍ਰੋਮਣੀ ਕਮੇਟੀ ਚੋਣ ਵਿਚ ਚਲਾਈ ਆਪਣੀ ਆਪਹੁਦਰੀ ਰਵਾਇਤ ਨੂੰ ਬਦਲਣ ਦੀ ਰਾਅ ਵਿਚ ਨਜ਼ਰ ਨਹੀਂ ਆ ਰਹੀ।

## ਸ਼੍ਰੋਮਣੀ ਕਮੇਟੀ ਦਾ ਉਦੇਸ਼ ਤੇ ਸਰੋਕਾਰ

**- ਤਲਵਿੰਦਰ ਸਿੰਘ ਬੁਟਰ**

ਸ਼੍ਰੋਮਣੀ ਕਮੇਟੀ ਨੂੰ ਪਰਿਭਾਸ਼ਿਤ ਕਰਦਿਆਂ ਆਖਿਆ ਜਾਂਦਾ ਹੈ ਕਿ ਇਸ ਦੇ ਕੰਮ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ, ਸਿੱਖ ਹਿਤਾਂ ਦੀ ਪੈਰਵੀ ਕਰਨਾ ਅਤੇ ਰਾਜਨੀਤਕ ਖੇਤਰ ਵਿਚ ਸਿੱਖਾਂ ਦੀ ਨੁਮਾਇੰਦਾ ਲੀਡਰਸ਼ਿਪ ਪੈਦਾ ਕਰਨਾ ਹੈ, ਪਰ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੇ ਪੰਥਕ ਹਿਤਾਂ ਲਈ ਵਧੇਰੇ ਉੱਤਰਦਾਈ ਬਣਾਉਣ ਖ਼ਾਤਰ 1979 ਵਿਚ ਜਾਰੀ ਕੀਤੇ ਗਏ ਨੀਤੀ ਪ੍ਰੋਗਰਾਮ ਅਨੁਸਾਰ ਇਸ ਦੇ ਮੁੱਖ ਪੰਜ ਉਦੇਸ਼ ਮਿਥੇ ਗਏ ਸਨ। ਪਹਿਲਾ, ਸਿੱਖ ਧਰਮ ਦੀ ਪੁਰਾਤਨ ਪਵਿੱਤਰਤਾ ਨੂੰ ਸੁਰੱਖਿਅਤ ਰੱਖਣਾ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ, ਅਸੂਲਾਂ ਅਤੇ ਆਦਰਸ਼ਾਂ ਦਾ ਪ੍ਰਗਟਾਵਾ ਕਰਕੇ ਇਸ ਦਾ ਪ੍ਰਚਾਰ ਕਰਨਾ। ਦੂਜਾ, ਕੌਮੀ ਏਕਤਾ ਦੇ ਦਾਇਰੇ ਵਿਚ ਰਹਿ ਕੇ ਸਿੱਖ ਕੌਮ ਦੀ ਰਾਜਨੀਤਕ ਹੋਂਦ ਨੂੰ ਯਕੀਨੀ ਬਣਾਉਣਾ। ਤੀਜਾ, ਸਿੱਖ ਸੰਸਥਾਵਾਂ ਨੂੰ ਜ਼ਿਆਦਾ ਪ੍ਰਤੀਨਿਧ ਅਤੇ ਸਮਕਾਲੀ ਚੁਣੌਤੀਆਂ ਪ੍ਰਤੀ ਉੱਤਰਦਾਈ ਬਣਾਉਣਾ। ਚੌਥਾ, ਪੰਜਾਬ ਤੋਂ ਬਾਹਰ ਭਾਰਤ ਤੇ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਦੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨਾ। ਪੰਜਵਾਂ, ਗੁਰਦੁਆਰਿਆਂ ਦੇ ਪ੍ਰਸ਼ਾਸਨ ਵਿਚ ਸੁਧਾਰ ਕਰਨਾ।

ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਵੱਖ-ਵੱਖ ਸਰੋਕਾਰਾਂ ਦੀ ਪੈਰਵੀ ਆਪਣੀਆਂ ਵੱਖ-ਵੱਖ ਸ਼ਾਖਾਵਾਂ ਦੁਆਰਾ ਕਰਦੀ ਹੈ, ਜਿਵੇਂ ਕਿ ਟਰੱਸਟ ਸ਼ਾਖ਼ਾਂ, ਡਾਇਰੈਕਟੋਰੇਟ ਸਿੱਖਿਆ, ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਆਦਿ। ਕੌਮਾਂਤਰੀ ਪੱਧਰ 'ਤੇ ਜਦੋਂ ਕਦੇ ਸਿੱਖ ਕੌਮ ਨੂੰ ਕੋਈ ਔਕੜ ਪੇਸ਼ ਆਵੇ ਜਾਂ ਕੁਦਰਤੀ ਆਫ਼ਤ ਆਵੇ ਤਾਂ ਟਰੱਸਟ ਬਰਾਂਚ ਹਰਕਤ ਵਿਚ ਆਉਂਦੀ ਹੈ। ਸਿੱਖਿਆ ਡਾਇਰੈਕਟੋਰੇਟ ਦੇ ਅਧੀਨ ਸ਼੍ਰੋਮਣੀ ਕਮੇਟੀ ਵੱਲੋਂ 111 ਵਿੱਦਿਅਕ ਅਦਾਰੇ ਚਲਾਏ ਜਾ ਰਹੇ ਹਨ, ਜਿਨਾਂ ਵਿਚ 2 ਯੂਨੀਵਰਸਿਟੀਆਂ, 40 ਤੋਂ ਵੱਧ ਕਾਲਜ, 18 ਕਾਲਜੀਏਟ ਸਕੂਲ, 10 ਏਡਿਡ ਸਕੂਲ, 23 ਅਨ-ਏਡਿਡ ਸਕੂਲ, 19 ਸੀ.ਬੀ.ਐਸ.ਈ./ਪਬਲਿਕ ਸਕੂਲ ਆਦਿ ਸ਼ਾਮਿਲ ਹਨ।

ਇਸੇ ਤਰਾਂ ਧਰਮ ਪ੍ਰਚਾਰ ਕਮੇਟੀ ਸਿੱਖੀ ਪ੍ਰਚਾਰ-ਪ੍ਰਸਾਰ ਦੀਆਂ ਯੋਜਨਾਵਾਂ ਨੂੰ ਉਲੀਕ ਕੇ ਅਮਲ ਵਿਚ ਲਿਆਉਂਦੀ ਹੈ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਘੇਰਾ ਪੰਜਾਬ ਤੋਂ ਬਾਹਰ ਵੀ ਵਿਸ਼ਾਲ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਵੱਖ-ਵੱਖ ਸੂਬਿਆਂ ਵਿਚ 13 'ਸਿੱਖ ਮਿਸ਼ਨ' ਬਣਾਏ ਹੋਏ ਹਨ। ਸਿੱਖ ਇਤਿਹਾਸ ਰੀਸਰਚ ਬੋਰਡ, ਸਿੱਖ ਇਤਿਹਾਸ ਨਾਲ ਸਬੰਧਿਤ ਦਸਤਾਵੇਜ਼ਾਂ ਦੀ ਸੰਭਾਲ, ਧਾਰਮਿਕ ਅਤੇ ਇਤਿਹਾਸਕ ਕਿਤਾਬਾਂ ਅਤੇ ਹੋਰ ਸਾਹਿਤ ਦੀ ਛਪਾਈ, ਖੋਜਾਂ ਅਤੇ ਸੁਧਾਈ ਦੇ ਕੰਮ ਕਰਦਾ ਹੈ।

**ਬਹੁਮੁਖੀ ਉਪਰਾਲਿਆਂ ਅਤੇ ਸੁਧਾਰਾਂ ਦੀ ਲੋੜ**

ਬਾਕਾਇਦਾ ਇਕ ਪ੍ਰਭਾਵੀ ਪਾਰਲੀਮੈਂਟ ਵਜੋਂ ਕਾਰਜਸ਼ੀਲ ਹੋਣ ਲਈ ਸ਼੍ਰੋਮਣੀ ਕਮੇਟੀ ਨੂੰ ਨਵੇਂ ਪ੍ਰਸੰਗਾਂ 'ਚ ਆਪਣੀ ਭੂਮਿਕਾ ਨੂੰ ਵਧੇਰੇ ਉੱਤਰਦਾਈ ਅਤੇ ਸਾਰਥਿਕ ਬਣਾਉਣ ਦੇ ਬਹੁਮੁਖੀ ਉਪਰਾਲਿਆਂ ਅਤੇ ਸੁਧਾਰਾਂ ਦੀ ਲੋੜ ਹੈ। ਸਭ ਤੋਂ ਜ਼ਰੂਰੀ ਸ਼੍ਰੋਮਣੀ ਕਮੇਟੀ ਦੀਆਂ 5 ਸਾਲ ਬਾਅਦ ਹੋਣ ਵਾਲੀਆਂ ਆਮ ਚੋਣਾਂ ਨੂੰ ਸਮੇਂ ਸਿਰ ਕਰਵਾਉਣਾ ਹੈ। ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਸ਼੍ਰੋਮਣੀ ਕਮੇਟੀ ਵਿਚ ਦਖ਼ਲਅੰਦਾਜ਼ੀ ਕਰਦਿਆਂ ਦੇਰ-ਦੇਰ ਤੱਕ ਚੋਣਾਂ ਨਹੀਂ ਕਰਵਾਉਂਦੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਇਕ ਸਾਲ ਦਾ ਕਾਰਜਕਾਲ ਵੀ ਏਨੀ ਵੱਡੀ ਅਤੇ ਜ਼ਿੰਮੇਵਾਰ ਸੰਸਥਾ ਨੂੰ ਬਿਹਤਰੀਨ ਤਰੀਕੇ ਨਾਲ ਚਲਾਉਣ ਲਈ ਨਾਕਾਫ਼ੀ ਹੈ। ਅਕਸਰ ਪ੍ਰਧਾਨਗੀ ਅਹੁਦੇ 'ਤੇ ਬੈਠਣ ਵਾਲੇ ਕਿਸੇ ਵੀ ਸ਼ਖ਼ਸ ਅਤੇ ਉਸ ਦੀ ਕਾਰਜਕਾਰਨੀ ਨੂੰ ਇਸ ਸੰਸਥਾ ਦੇ ਸਰੋਕਾਰਾਂ ਅਤੇ ਕਾਰਜਪ੍ਰਣਾਲੀ ਨੂੰ ਚੰਗੀ ਤਰਾਂ ਸਮਝਦਿਆਂ 56 ਮਹੀਨੇ ਲੰਘ ਜਾਂਦੇ ਹਨ ਅਤੇ ਬਾਕੀ ਰਹਿੰਦੇ 5-6 ਮਹੀਨਿਆਂ ਵਿਚ ਉਹ ਵਿਸ਼ੇਸ਼ ਪ੍ਰਾਪਤੀਆਂ ਨਹੀਂ ਕਰ ਸਕਦਾ। ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿਚ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਬਹਾਲ ਕਰਨਾ ਵੀ ਇਸ ਵੇਲੇ ਦੀ ਬਹੁਤ ਅਹਿਮ ਲੋੜ ਹੈ, ਕਿਉਂਕਿ ਪਿਛਲੇ ਸਮਿਆਂ ਦੌਰਾਨ ਭ੍ਰਿਸ਼ਟਾਚਾਰ, ਬੇਨਿਯਮੀਆਂ ਤੇ ਧਰਮ ਪ੍ਰਚਾਰ ਪ੍ਰਤੀ ਅਵੇਸਲਾਪਣ ਵਰਗੀਆਂ ਊਣਤਾਈਆਂ ਨੇ ਇਸ ਮਾਣਮੱਤੀ ਸੰਸਥਾ ਦੇ ਵੱਕਾਰ ਨੂੰ ਢਾਹ ਲਾਈ ਹੈ।

**ਭਾਈ ਲੌਂਗੋਵਾਲ ਦੀ ਕਾਰਗੁਜ਼ਾਰੀ**

ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਧਰਮ ਪ੍ਰਚਾਰ ਦੇ ਮਾਮਲੇ 'ਚ 'ਇਕ ਪਿੰਡ, ਇਕ ਗੁਰਦੁਆਰਾ', 'ਇਕ ਪਿੰਡ, ਇਕ ਸ਼ਮਸ਼ਾਨਘਾਟ', 'ਵਾਤਾਵਰਨ ਬਚਾਓ' ਲਹਿਰਾਂ ਅਤੇ ਮੈਡੀਕਲ ਵੈਨਾਂ ਰਾਹੀਂ ਪਿੰਡਾਂ ਦੇ ਗ਼ਰੀਬ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਵਰਗੀਆਂ ਯੋਜਨਾਵਾਂ ਸ਼ੁਰੂ ਕਰਕੇ ਧਰਮ ਪ੍ਰਚਾਰ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜਨ ਲਈ ਨਵੀਂ ਪਹਿਲਕਦਮੀ ਤਾਂ ਕੀਤੀ ਪਰ ਲੋੜੀਂਦੇ ਨਤੀਜੇ ਲੈਣ ਲਈ ਜਿਸ ਸਰਗਰਮੀ ਨਾਲ ਇਨਾਂ ਨੂੰ ਅਮਲ ਵਿਚ ਲਿਆਉਣ ਦੀ ਲੋੜ ਸੀ, ਉਸ ਦੀ ਘਾਟ ਨਜ਼ਰ ਆਈ ਹੈ। ਨਾਨਕਸ਼ਾਹੀ ਕੈਲੰਡਰ ਵਿਵਾਦ, ਦਸਮ ਗ੍ਰੰਥ ਅਤੇ ਸਿੱਖ ਇਤਿਹਾਸ ਵਿਚ ਕਥਿਤ ਰਲੇਵੇਂ ਨੂੰ ਲੈ ਕੇ ਪੈਦਾ ਹੋ ਰਹੀਆਂ ਦੁਬਿਧਾਵਾਂ ਨੂੰ ਦੂਰ ਕਰਕੇ ਪੰਥਕ ਏਕਤਾ ਦਾ ਵਾਤਾਵਰਨ ਸਿਰਜਣਾ ਸ਼੍ਰੋਮਣੀ ਕਮੇਟੀ ਅੱਗੇ ਸਮੇਂ ਦੀਆਂ ਪ੍ਰਮੁੱਖ ਚੁਣੌਤੀਆਂ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES

25 ਨਵੰਬਰ 2020 ਤੋਂ 01 ਦਸੰਬਰ 2020

## ਗੁਰਾਂ ਦੇ ਨਾਂ ਤੇ ਵਸਦੇ ਪੰਜਾਬ ਦੇ ਵਾਰਿਸ ਕੌਣ ?

ਗੁਰੂ ਪਾਤਸ਼ਾਹ ਨੇ ਜੋ ਸਾਡੇ ਤੇ ਫਰਜ ਆਇਦ ਕੀਤਾ, ਉਹ ਸਰਬੱਤ ਦੇ ਭਲੇ ਦਾ ਹੈ। ਇਹ ਫਰਜ਼ ਹੀ ਸਾਡੀ ਵਿਰਾਸਤ ਹੈ ਅਤੇ ਇਸ ਲਈ ਅਕਸਰ ਪੰਜਾਬ ਦੇ ਜਾਏ ਸੰਘਰਸ਼ 'ਚ ਰਹਿੰਦੇ ਹਨ। ਹੁਣ ਵੀ ਪੰਜਾਬ ਸੰਘਰਸ਼ ਵਿਚ ਕੁੱਦਿਆ ਹੋਇਆ ਹੈ, ਦਿੱਲੀ ਵਲੋਂ ਬਣਾਏ ਨਵੇਂ ਖੇਤੀਬਾੜੀ ਕਨੂੰਨਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਜਾਰੀ ਹੈ। ਸੰਘਰਸ਼ਾਂ ਜਾਂ ਜੰਗਾਂ ਯੁੱਧਾਂ ਵਿੱਚੋਂ ਅਸਲ ਸਫਲਤਾ ਸਿਰਫ ਦਿਸਦੀਆਂ ਜਿੱਤਾਂ ਹਾਰਾਂ ਜਾਂ ਪ੍ਰਾਪਤੀਆਂ ਨਹੀਂ ਹੁੰਦੀਆਂ ਸਗੋਂ ਬਹੁਤ ਕੁਝ ਅਣਦਿਸਦਾ ਵੀ ਹੁੰਦਾ ਹੈ, ਓਹੀ ਅਸਲ ਵਿਰਾਸਤ ਹੁੰਦੀ ਹੈ ਜੋ ਅਗਲੀਆਂ ਪੀੜ੍ਹੀਆਂ ਤੱਕ ਆਪਣਾ ਸਫ਼ਰ ਜਾਰੀ ਰੱਖਦੀ ਹੈ। ਇਸ ਵਿਰਾਸਤ ਨੂੰ ਕਮਾਉਣ ਅਤੇ ਸਾਂਭਣ ਲਈ ਬਹੁਤ ਸਿਦਕ, ਸਹਿਜ ਅਤੇ ਤਿਆਗ ਦੀ ਲੋੜ ਪੈਂਦੀ ਹੈ। ਇਹ ਵਿਰਾਸਤ ਗੁਰੂ ਵੱਲ ਮੂੰਹ ਕਰਕੇ, ਗੁਰੂ ਨੂੰ ਅਰਦਾਸ ਕਰਕੇ, ਸੇਵਾ ਬੰਦਗੀ ਨਾਲ ਗੁਰੂ ਦੀ ਮਿਹਰ ਸਦਕਾ ਹੀ ਕਮਾਈ ਜਾ ਸਕਦੀ ਹੈ। ਪੰਜਾਬ ਦੀ ਧਰਤ ਨੂੰ ਅਜਿਹੇ ਮਨੁੱਖ ਵੱਡੀ ਗਿਣਤੀ ਵਿੱਚ ਨਸੀਬ ਹੋਏ ਜਿੰਨਾਂ ਨੇ ਇਸ ਵਿਰਾਸਤ ਨੂੰ ਕਮਾਇਆ ਅਤੇ ਸਾਂਭਿਆ। ਪੰਜਾਬ ਬਾਬਤ ਪ੍ਰੋ. ਪੂਰਨ ਸਿੰਘ ਬੜੀ ਡੂੰਘੀ ਗੱਲ ਕਹਿੰਦੇ ਹਨ ਕਿ ਪੰਜਾਬ ਵਸਦਾ ਗੁਰਾਂ ਦੇ ਨਾਂ ਤੇ। ਕੀ ਫਿਰ ਗੁਰੂਆਂ ਦੇ ਨਾਂ ਤੇ ਵੱਸਣ ਵਾਲੇ ਇਸ ਪੰਜਾਬ ਵਿੱਚ ਰਹਿਣ ਵਾਲੇ ਸਾਰੇ ਲੋਕ ਹੀ ਪੰਜਾਬ ਦੇ ਵਾਰਿਸ ਹੋਏ ? ਇਹ ਸਵਾਲ ਵਿਚਾਰ ਦੀ ਮੰਗ ਕਰਦਾ ਹੈ।

ਪੰਜਾਬ ਹਮੇਸ਼ਾ ਹੀ ਸੰਘਰਸ਼ ਚ ਰਹਿੰਦਾ ਹੈ ਪਰ ਪੰਜਾਬ ਦੇ ਸਾਰੇ ਬਸ਼ਿੰਦੇ ਉਸ ਸੰਘਰਸ਼ ਦਾ ਹਿੱਸਾ ਨਹੀਂ ਹੁੰਦੇ ਸਗੋਂ ਜੋ ਹਿੱਸਾ ਵੀ ਹੁੰਦੇ ਹਨ ਉਹ ਵੀ ਸਾਰੇ ਸਰਬੱਤ ਦੇ ਭਲੇ ਦੇ ਪਾਂਧੀ ਨਹੀਂ ਹੁੰਦੇ, ਕਿੰਨਿਆਂ ਦੀਆਂ ਆਪਣੀਆਂ ਨਿੱਜੀ ਲਾਲਸਾਵਾਂ ਵੀ ਹੁੰਦੀਆਂ ਹਨ। ਵਿਰਲੇ ਮਨੁੱਖ ਸਰਬੱਤ ਦੇ ਭਲੇ ਦੇ ਪਾਂਧੀ ਹੁੰਦੇ ਹਨ, ਜਿਹਨਾਂ ਦੇ ਘਰ ਅੱਜ ਵੀ ਘੋੜਿਆਂ ਦੀਆਂ ਕਾਠੀਆਂ ਤੇ ਹੀ ਹੁੰਦੇ ਨੇ ਅਤੇ ਦਿਨ ਰਾਤ ਸਰਬੱਤ ਦੇ ਭਲੇ ਲਈ ਯਤਨਸ਼ੀਲ ਰਹਿੰਦੇ ਹਨ, ਓਹੀ ਪੰਜਾਬ ਦੇ ਅਸਲ ਵਾਰਿਸ ਹਨ। ਪੰਜਾਬ ਦੇ ਬੜੇ ਬਸ਼ਿੰਦੇ ਪਦਾਰਥੀ ਸੁਖ ਦੇ ਰਸਤੇ ਪੈ ਗਏ ਹਨ, ਉਹ ਭਾਵੇਂ ਸਿਆਸੀ ਦੌੜ ਹੋਵੇ ਜੋ ਪੰਜਾਬ ਦੀ ਸੂਬੇਦਾਰੀ ਤੇ ਆ ਕੇ ਮੁਕ ਜਾਂਦੀ ਹੈ ਭਾਵੇਂ ਕੋਈ ਹੋਰ ਸਿੱਧਾ-ਅਸਿੱਧਾ ਰਸਤਾ। ਜਿਹੜਾ ਪੰਜਾਬ ਗੁਰੂਆਂ ਦੇ ਨਾਮ ਤੇ ਵਸਦਾ ਹੈ ਓਹਦੀ ਵਿਰਾਸਤ ਵਿੱਚ ਪਦਾਰਥੀ ਸੁਖ ਤਾਂ ਕਦੇ ਵੀ ਨਹੀਂ ਹੋ ਸਕਦਾ ਫਿਰ ਇਥੋਂ ਦੇ ਸਾਰੇ ਬਸ਼ਿੰਦੇ ਕਿਵੇਂ ਪੰਜਾਬ ਦੇ ਵਾਰਿਸ ਹੋਏ ? ਪੰਜਾਬ ਵਿੱਚ ਜੰਮਣਾ ਹੀ ਪੰਜਾਬ ਦਾ ਵਾਰਿਸ ਹੋਣਾ ਤੈਅ ਨਹੀਂ ਕਰ ਦਿੰਦਾ, ਵਾਰਿਸ ਹੋਣ ਦਾ ਮਤਲਬ ਸਿਰਫ ਜਾਇਦਾਦ ਉੱਤੇ ਕਬਜਾ ਲੈਣਾ/ਕਰਨਾ ਵੀ ਨਹੀ ਹੁੰਦਾ, ਵਾਰਿਸ ਹੋਣ ਦਾ ਤਾਂ ਇਕ ਵੱਖਰਾ ਪੈਂਡਾ ਹੈ, ਇਕ ਵੱਖਰਾ ਸਕੂਨ ਹੈ ਜਿੱਥੇ ਬਾਕੀ ਸਾਰੇ ਜੋੜ ਤੋੜ ਮਿੱਟੀ ਹੋ ਜਾਂਦੇ ਹਨ। ਭਾਵੇਂ ਪੰਜਾਬ ਦੀ ਜ਼ਮੀਨ ਅਤੇ ਇਸਦੇ ਕੁਦਰਤੀ ਸਰੋਤ ਇੱਥੋਂ ਦੇ ਜੰਮਿਆਂ ਦੇ ਹੀ ਰਹਿਣੇ ਹਨ ਪਰ ਗੁਰੂਆਂ ਦੇ ਨਾਂ ਤੇ ਵੱਸਣ ਵਾਲੇ ਪੰਜਾਬ ਦੇ ਵਾਰਿਸ ਤਾਂ ਗੁਰੂ ਦਾ ਨਾਮ ਲੈਣ ਵਾਲੇ, ਗੁਰੂ ਪਾਤਸ਼ਾਹ ਅਨੁਸਾਰ ਦੱਸੀ ਜੀਵਨ ਜਾਂਚ ਵਾਲੇ, ਸਰਬੱਤ ਦੇ ਭਲੇ ਲਈ ਸੰਘਰਸ਼ ਕਰਨ ਵਾਲੇ, ਅਸਲ ਰਵਾਇਤਾਂ ਨੂੰ ਅਮਲੀ ਜਾਮਾ ਪਹਿਨਾਉਣ ਅਤੇ ਓਹਨਾ ਦੀ ਪਹਿਰੇਦਾਰੀ ਕਰਨ ਵਾਲੇ ਹੀ ਹੋਣਗੇ। ਕਪੁੱਤਰ ਕਦੇ ਵਾਰਿਸ ਹੋਣ ਦਾ ਹੱਕ ਨਹੀ ਜਤਾ ਸਕਦੇ, ਵਾਰਿਸ ਹਮੇਸ਼ਾਂ ਸਪੁੱਤਰ ਹੀ ਹੁੰਦੇ ਹਨ। ਪੰਜਾਬੀ ਹੋਣ ਅਤੇ ਪੰਜਾਬ ਦੇ ਵਾਰਿਸ ਹੋਣ ਵਿੱਚ ਭੇਦ ਹੈ, ਇਹ ਸਮਝਣਾ ਅਤੇ ਮਹਿਸੂਸ ਕਰਨਾ ਬਹੁਤ ਜਰੂਰੀ ਹੈ।

ਸੰਘਰਸ਼ਾਂ ਵਿੱਚ ਵੀ ਅਸਲ ਪ੍ਰਾਪਤੀਆਂ ਵਾਰਿਸਾਂ ਨੇ ਹੀ ਕਰਨੀਆਂ ਹੁੰਦੀਆਂ ਅਤੇ ਓਹੀ ਪ੍ਰਾਪਤੀਆਂ ਸਦੀਵੀ ਹੁੰਦੀਆਂ ਬਾਕੀ ਬਹੁਤ ਕੁਝ ਸਿਰਫ ਵਕਤੀ ਹੀ ਹੁੰਦਾ ਹੈ। ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਵੀ ਪੂਰੇ ਪੰਜਾਬ ਵਿੱਚ ਤਕਰੀਬਨ ਦੋ ਸੌ ਥਾਂ ਧਰਨੇ/ਮੋਰਚੇ ਲੱਗੇ, ਸਭ ਥਾਂਵਾਂ ਤੋਂ ਅਨੇਕਾਂ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ, ਬੜਿਆਂ ਨੇ ਬਹੁਤ ਉੱਚੀ ਉੱਚੀ ਬੋਲ ਕੇ ਜੋਸ਼ੀਲੀਆਂ ਗੱਲਾਂ ਵੀ ਕੀਤੀਆਂ ਜਿੰਨ੍ਹਾਂ ਵਿਚੋਂ ਸ਼ਾਇਦ ਉਨ੍ਹਾਂ ਸਮੇਤ ਬਹੁਤਿਆਂ ਨੂੰ ਵਕਤੀ ਬਹੁਤ ਕੁਝ ਦਿਖਾਈ ਦਿੱਤਾ ਹੋਵੇ ਪਰ ਬਣ ਰਹੇ ਇਤਿਹਾਸ ਨੇ ਬਹੁਤ ਛਾਣਨੀਆਂ ਵਿੱਚੋਂ ਦੀ ਸਭ ਕੁਝ ਕੱਢਣਾ ਹੁੰਦਾ ਹੈ। ਬਹੁਤ ਬੁਲਾਰਿਆਂ ਨੇ ਗੰਭੀਰ ਵਿਚਾਰਾਂ ਵੀ ਸਾਂਝੀਆਂ ਕੀਤੀਆਂ ਅਤੇ ਜਿਵੇਂ ਕਹਿੰਦੇ ਨੇ ਕਿ ਬੋਲਾਂ-ਸ਼ਬਦਾਂ ਨਾਲ ਸਹਿਜੇ ਹੀ ਅੰਦਰ ਦੀ ਵਿਰਤੀ ਸਾਹਮਣੇ ਆ ਜਾਂਦੀ ਹੈ ਓਸੇ ਤਰ੍ਹਾਂ ਇਸ ਸੰਘਰਸ਼ ਦੌਰਾਨ ਬੋਲ ਅਤੇ ਚੱਲ ਰਹੇ ਬੰਦਿਆਂ ਦੀ ਪਹਿਚਾਣ ਵੀ ਸੌਖੀ ਹੋ ਜਾਣੀ ਹੈ ਕਿ ਕਿਹੜੇ ਅਸਲ ਵਾਰਸਾਂ ਦੀ ਤਰ੍ਹਾਂ ਇਸ ਸੰਘਰਸ਼ 'ਚ ਆਪਣੀ ਊਰਜਾ ਲਾ ਰਹੇ ਹਨ ਅਤੇ ਕਿਹੜੇ ਇਹਦੇ ਵਿਚੋਂ ਆਪਣਾ ਕੋਈ ਨਿੱਜੀ ਲਾਭ ਵੇਖ ਰਹੇ ਹਨ। ਇਹ ਸਮੇਂ ਨੇ ਸਭ ਸਪਸ਼ਟ ਕਰ ਦੇਣਾ ਹੈ।

ਇਤਿਹਾਸ ਨੇ ਅਸਲ ਵਾਰਿਸ ਉਹਨਾਂ ਨੂੰ ਹੀ ਐਲਾਨਣਾ ਹੈ ਜਿਹੜੇ ਆਪਣੀ ਵਿਰਾਸਤ ਨੂੰ ਕਮਾ ਜਾਣਗੇ ਅਤੇ ਸਾਂਭ ਜਾਣਗੇ। ਵਿਰਾਸਤ ਨੂੰ ਉੱਚੀ ਉੱਚੀ ਕੂਕ ਕੇ ਨਹੀਂ ਕਮਾਇਆ ਜਾ ਸਕਦਾ ਹੁੰਦਾ, ਵਿਰਾਸਤ ਨੂੰ ਚੰਗੀਆਂ ਗੱਲਾਂ ਕਰਕੇ ਵੀ ਨਹੀਂ ਕਮਾਇਆ ਜਾ ਸਕਦਾ ਹੁੰਦਾ, ਵਿਰਾਸਤ ਨੂੰ ਸੰਘਰਸ਼ ਚ ਸਿਰਫ ਹਾਜ਼ਰੀ ਲਵਾਉਣ ਨਾਲ ਵੀ ਨਹੀਂ ਕਮਾਇਆ ਜਾ ਸਕਦਾ ਹੁੰਦਾ, ਵਿਰਾਸਤ ਨੂੰ ਕਮਾਉਣ ਲਈ ਇਹ ਸਾਰੇ ਹਿਸਾਬ ਕਿਤਾਬ ਮੇਟਨੇ ਪੈਂਦੇ ਹਨ ਜੋ ਕਈ ਵਾਰ ਮਨੁੱਖ ਨੇ ਆਪਣੀ ਉਮਰ ਦਾ ਵੱਡਾ ਹਿੱਸਾ ਗਾਲ਼ ਕੇ ਬਣਾਏ ਹੁੰਦੇ ਹਨ, ਵਿਰਾਸਤ ਨੂੰ ਕਮਾਉਣ ਲਈ ਜਿੱਤਾਂ ਹਾਰਾਂ ਦੇ ਪੈਮਾਨੇ ਬਦਲਣੇ ਪੈਂਦੇ ਹਨ, ਵਿਰਾਸਤ ਨੂੰ ਕਮਾਉਣ ਲਈ ਪਤਾ ਨਹੀਂ ਕਿੰਨਾ ਕੁਝ ਕਮਾਇਆ ਹੋਇਆ ਗਵਾਉਣਾ ਪੈਂਦਾ ਹੈ। ਦਿਮਾਗੀ ਜੋੜ-ਤੋੜ, ਦੇਖਾ-ਦੇਖੀ, ਰੌਲਾ-ਗੌਲਾ, ਛਲ-ਕਪਟ ਆਦਿ ਸਭ ਇੱਥੇ ਰਹਿ ਜਾਣੇ ਹਨ ਕਿਉਂਕਿ ਇਹ ਇਕੱਲਾ ਆਲੇ ਦੁਆਲੇ ਦੀ ਦੁਨੀਆਂ ਦਾ ਮਸਲਾ ਨਹੀਂ ਹੈ, ਇਹ ਸਭ ਦਰਗਾਹ 'ਚ ਵੀ ਲੇਖੇ ਹੋਣੇ ਨੇ, ਇਸ ਕਰਕੇ ਸਾਨੂੰ ਸਭ ਨੂੰ ਗੁਰੂ ਪਾਤਸ਼ਾਹ ਅੱਗੇ ਅਰਦਾਸ ਕਰਨੀ ਚਾਹੀਦੀ ਕਿ ਪਾਤਸ਼ਾਹ ਸਾਨੂੰ ਗੁਰਾਂ ਦੇ ਨਾਂ ਤੇ ਵਸਦੇ ਪੰਜਾਬ ਦੇ ਵਾਰਸਾਂ ਦੀ ਕਤਾਰ ਵਿੱਚ ਥਾਂ ਦੇ ਦੇਵੇ ਤਾਂ ਜੋ ਅਸੀਂ ਵੀ ਸਰਬੱਤ ਦੇ ਭਲੇ ਦੇ ਕਾਰਜ ਵਿੱਚ ਕੋਈ ਤਿਲ ਫੁੱਲ ਯੋਗਦਾਨ ਪਾ ਸਕੀਏ। ਆਪਣੀ ਵਿਰਾਸਤ ਨੂੰ ਕਮਾ ਅਤੇ ਸਾਂਭ ਸਕੀਏ।

# ਇਤਿਹਾਸਕ ਕਿਸਾਨ ਮੁਕਤੀ ਘੋਲ ਦਾ ਬਿਗਲ



- ਯੋਗੇਂਦਰ ਯਾਦਵ

ਯੋਗਿੰਦਰ ਯਾਦਵ ਕਿਤੇ ਭੁੱਲਕੇ ਵੀ ਇਹ ਨੁਕਤਾ ਨਹੀਂ ਉਭਾਰਦਾ ਕਿ ਕੇਂਦਰ ਦੇ ਖੇਤੀ ਕਾਨੂੰਨ ਖੇਤੀ ਸੰਬੰਧੀ ਸਾਰੇ ਫ਼ੈਸਲੇ ਰਾਜਾਂ ਦੇ ਅਧਿਕਾਰ ਖੇਤਰ ਵਿੱਚੋਂ ਖੋਹ ਕੇ ਕੇਂਦਰ ਸਰਕਾਰ ਦੇ ਹਵਾਲੇ ਕਰਨ ਲਈ ਬਣਾਏ ਗਏ ਹਨ। ਯਾਦਵ ਨੂੰ ਤਾਕਤਾਂ ਦੇ ਕੇਂਦਰੀਕਰਨ ਕਰਕੇ ਰਾਜਾਂ ਦੇ ਮਾੜੇ ਮੋਟੇ ਬਚਦੇ ਫੈਡਰਲ ਹੱਕਾਂ ਨੂੰ ਹੜੱਪਣ 'ਤੇ ਕੋਈ ਉਜ਼ਰ ਨਹੀਂ ਹੈ। ਮੁਲਕ ਦੇ ਖੇਤੀ ਖੇਤਰ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਤੇ ਹੱਲ ਇਕ-ਸਾਰ ਨਹੀਂ ਹਨ ਪਰ ਯਾਦਵ ਇਨਾਂ ਨੂੰ ਇਕ-ਸਾਰ ਬਣਾਉਣ ਲਈ ਬਜਿੱਦ ਹੈ -ਸੰਪਾਦਕ

ਅਗਲੇ ਹਫ਼ਤੇ ਦੇਸ਼ ਕਿਸਾਨਾਂ ਦੀ ਬੇਮਿਸਾਲ ਇਕੱਤਰਤਾ ਦੇਖੇਗਾ। 26 ਨਵੰਬਰ ਨੂੰ ਸੰਵਿਧਾਨ ਦਿਵਸ ਤੇ ਦੇਸ਼ ਭਰ ਦੇ ਕਿਸਾਨਾਂ ਨੇ 'ਦਿੱਲੀ ਚਲੋ' ਦਾ ਪ੍ਰਣ ਲਿਆ ਹੈ। ਰੇਲਗੱਡੀਆਂ ਤੇ ਜਨਤਕ ਬੱਸਾਂ ਨਾ ਚੱਲਣ ਕਰ ਕੇ ਦੂਰ ਦੁਰਾਡੇ ਤੋਂ ਕਿਸਾਨ ਦਿੱਲੀ ਨਹੀਂ ਪਹੁੰਚ ਸਕਣਗੇ ਪਰ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਉਤਰਾਖੰਡ ਤੇ ਖ਼ਾਸਕਰ ਪੰਜਾਬ ਤੋਂ ਵੱਡੀ ਤਾਦਾਦ ਵਿਚ ਕਿਸਾਨ ਦਿੱਲੀ ਕੂਚ ਕਰਨ ਦੀ ਤਿਆਰੀ ਕਰ ਚੁੱਕੇ ਹਨ। ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿਚ ਇਤਿਹਾਸਕ ਅੰਦੋਲਨ ਚਲਾ ਰਹੇ ਉੱਥੋਂ ਦੇ ਕਿਸਾਨਾਂ ਨੇ ਫ਼ੈਸਲਾ ਕੀਤਾ ਹੈ ਕਿ ਹੁਣ ਬਾਹਰ ਨਿਕਲਣ ਦਾ ਸਮਾਂ ਆ ਗਿਆ ਹੈ। ਹੁਣ ਉਹ 'ਸਾਂਝਾ ਕਿਸਾਨ ਮੋਰਚਾ' ਲਾ ਕੇ ਦਿੱਲੀ ਦਰਬਾਰ ਬੰਦ ਕਰਨ ਲਈ ਟਰੈਕਟਰ ਟਰਾਲੀ ਲੈ ਕੇ ਨਿਕਲਣਗੇ।

ਇਤਿਹਾਸ ਗਵਾਹ ਹੈ ਕਿ ਕਿਸਾਨ ਅੰਦੋਲਨ ਦਾ ਰਾਹ ਉਦੋਂ ਹੀ ਅਖ਼ਤਿਆਰ ਕਰਦੇ ਹਨ ਜਦੋਂ ਪਾਣੀ ਨੱਕ ਤੋਂ ਟੱਪ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਕਿਸਾਨ ਬੇਹੱਦ ਪ੍ਰੇਸ਼ਾਨ ਹੈ। ਕਿਸਾਨ ਪਿਛਲੀਆਂ ਸਰਕਾਰਾਂ ਦੇ ਜ਼ਮਾਨੇ ਵਿਚ ਵੀ ਪ੍ਰੇਸ਼ਾਨ ਸੀ ਕਿਉਂਕਿ ਦੇਸ਼ ਦੀ ਕੋਈ ਵੀ ਸਰਕਾਰ ਕਿਸਾਨ ਹਿਤੈਸ਼ੀ ਨਹੀਂ ਰਹੀ ਹੈ; ਲੇਕਿਨ ਮੋਦੀ ਰਾਜ ਵਿਚ ਤਾਂ ਹੱਦ ਹੀ ਹੋ ਗਈ। ਵਾਅਦੇ ਕੀਤੇ ਜਾਂਦੇ ਰਹੇ, ਝੂਠੇ ਦਾਅਵੇ ਮਿਲਦੇ ਰਹੇ। ਸਾਲ 2014 ਦੀਆਂ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਸਵਾਮੀਨਾਥਨ ਕਮਿਸ਼ਨ ਦੇ ਫ਼ਾਰਮੂਲੇ ਨਾਲ ਫ਼ਸਲ ਦਾ ਡੇਢ ਗੁਣਾ ਭਾਅ ਦਿੱਤਾ ਜਾਵੇਗਾ ਪਰ ਸਰਕਾਰ ਨੇ ਚਲਾਕੀ ਵਰਤਦਿਆਂ ਫ਼ਾਰਮੂਲਾ ਹੀ ਬਦਲ ਦਿੱਤਾ। ਵਾਅਦਾ ਕੀਤਾ ਗਿਆ ਸੀ, ਛੇ ਸਾਲਾਂ ਵਿਚ ਕਿਸਾਨ ਦੀ ਆਮਦਨੀ ਦੁੱਗਣੀ ਕਰਨ ਦਾ ਪਰ ਪੰਜ ਸਾਲ ਖ਼ਤਮ ਹੋਣ ਤੇ ਆਏ ਤਾਂ ਹੁਣ ਤਕ ਕੋਈ ਹਿਸਾਬ ਹੀ ਨਹੀਂ ਦਿੱਤਾ ਗਿਆ। ਦਾਅਵਾ ਕੀਤਾ ਗਿਆ, ਇਤਿਹਾਸਕ ਫ਼ਸਲ ਬੀਮਾ ਯੋਜਨਾ ਲਾਗੂ ਕਰਨ ਦਾ ਪਰ ਕਿਸਾਨ ਦੇ ਪੱਲੇ ਕੱਖ ਵੀ ਨਾ ਪਿਆ।

ਗੱਲਾਂ ਹੁੰਦੀਆਂ ਰਹੀਆਂ ਕਿਸਾਨ ਨੂੰ ਆਜ਼ਾਦ ਕਰਨ ਦੀਆਂ ਪਰ ਕਿਸਾਨ ਨੂੰ ਮਿਲੀਆਂ ਇਕ ਤੋਂ ਬਾਅਦ ਇਕ ਬੰਦਸ਼ਾਂ। ਸਭ ਤੋਂ ਪਹਿਲਾਂ ਆਈ ਨੋਟਬੰਦੀ। ਅਨਾਜ ਅਤੇ ਫਲ ਸਬਜ਼ੀਆਂ ਦੀਆਂ ਮੰਡੀਆਂ ਉਸ ਦੀ ਮਾਰ ਤੋਂ ਹੁਣ ਤੱਕ ਨਹੀਂ ਉੱਭਰ ਸਕੀਆਂ। ਕਿਸਾਨ ਨੇ ਭਾਣਾ ਮੰਨ ਲਿਆ। ਆਪਣਾ ਨਫ਼ਾ ਨੁਕਸਾਨ ਛੱਡ ਕੇ ਬਾਕੀ ਦੇਸ਼ ਦੀ ਚਿੰਤਾ ਕੀਤੀ। ਦੁਬਾਰਾ ਵੋਟ ਵੀ ਦੇ ਦਿੱਤੀ। ਫਿਰ ਆਈ ਕਰੋਨਾ ਮਹਾਂਮਾਰੀ। ਲਾਕਡਾਊਨ ਦੇ ਨਾਂ ਤੇ ਦੇਸ਼ ਬੰਦੀ ਕਰ ਦਿੱਤੀ ਗਈ। ਕਿਸਾਨ ਮੰਡੀ ਤੱਕ ਨਹੀਂ ਪਹੁੰਚ ਸਕੇ, ਬਹੁਤਿਆਂ ਨੂੰ ਆਪਣੀ ਉਪਜ ਸੁੱਟਣੀ ਪੈ ਗਈ। ਰਾਹਤ ਪੈਕੇਜ ਵਿਚ ਸਭ ਨੂੰ ਕੁਝ ਨਾ ਕੁਝ ਮਿਲਿਆ, ਬੱਸ ਕਿਸਾਨ ਦੇ ਹੱਥ ਧੇਲਾ ਵੀ ਨਾ ਆਇਆ। ਫਿਰ ਵੀ ਕਿਸਾਨ ਨੇ ਦੇਸ਼ ਦੇ ਅਰਥਚਾਰੇ ਨੂੰ ਬਚਾਇਆ ਲੇਕਿਨ ਕਿਸਾਨ ਦਾ ਸ਼ੁਕਰਾਨਾ ਕਰਨ ਜਾਂ ਘੱਟੋ-ਘੱਟ ਨੁਕਸਾਨ ਦਾ ਹਰਜਾਨਾ ਦੇਣ ਦੀ ਬਜਾਇ ਮੋਦੀ ਸਰਕਾਰ ਨਵੇਂ ਨਵੇਂ ਕਾਨੂੰਨ ਲਿਆ ਕੇ ਕਿਸਾਨਾਂ ਦੀ ਘੇਰਾਬੰਦੀ ਕਰਨ ਤੇ ਤੁਲੀ ਹੋਈ ਹੈ। ਕਿਸਾਨ ਹੈਰਾਨ ਹੈ, ਸੋਚਦਾ ਹੈ ਕਿ ਪਤਾ ਨਹੀਂ ਮੋਦੀ ਸਰਕਾਰ ਨੂੰ ਉਨਾਂ ਨਾਲ ਕੀ ਦੁਸ਼ਮਣੀ ਹੈ।

ਨਵੇਂ ਕਾਨੂੰਨਾਂ ਨਾਲ ਹੋਣ ਵਾਲੀ ਇਸ ਘੇਰਾਬੰਦੀ ਵਿਚ ਕਿਸਾਨ ਨੂੰ ਇਕ-ਦੋ ਨਹੀਂ ਸਗੋਂ ਸੱਤ ਬੰਦਸ਼ਾਂ ਨਜ਼ਰ ਆਉਂਦੀਆਂ ਹਨ। ਸਭ ਤੋਂ ਪਹਿਲਾ ਤੇ ਵੱਡਾ ਡਰ ਹੈ ਮੰਡੀ ਬੰਦ ਹੋਣ ਦਾ। ਸੰਸਦ ਨੇ ਕਾਨੂੰਨ ਪਾਸ ਕਰ ਦਿੱਤਾ ਹੈ ਕਿ ਮੰਡੀ ਪ੍ਰਣਾਲੀ ਨੂੰ ਬਾਈਪਾਸ ਕਰ ਕੇ ਪ੍ਰਾਈਵੇਟ ਮੰਡੀ ਬਣਾਈ ਜਾਵੇਗੀ। ਕਿਸਾਨਾਂ ਨੂੰ ਡਰ ਹੈ ਕਿ ਦੋ ਤਿੰਨ ਸਾਲਾਂ ਵਿਚ ਸਰਕਾਰੀ ਮੰਡੀ ਬਹਿ ਜਾਵੇਗੀ। ਜਿਸ ਨੂੰ ਸਰਕਾਰ ਕਿਸਾਨ ਦੀ ਆਜ਼ਾਦੀ ਕਹਿੰਦੀ ਹੈ, ਕਿਸਾਨ ਨੂੰ ਉਸ ਵਿਚ ਬਰਬਾਦੀ ਨਜ਼ਰ ਆਉਂਦੀ ਹੈ। ਮੰਡੀ ਬਹਿ ਗਈ ਤਾਂ ਕਿਸਾਨ ਦੇ ਸਿਰ ਤੇ ਜੋ ਟੁੱਟਿਆ-ਭੱਜਿਆ ਛੱਪਰ ਹੈ, ਉਹ ਵੀ ਨਹੀਂ ਰਹੇਗਾ। ਸਰਕਾਰ ਕਹਿੰਦੀ ਹੈ ਕਿ ਕਿਸਾਨ ਨੂੰ ਨੀਲਾ ਅੰਬਰ ਦਿਖਾਈ ਦੇਵੇਗਾ, ਚੰਦ ਤਾਰੇ ਨਜ਼ਰ ਆਉਣਗੇ। ਕਿਸਾਨ ਕਹਿੰਦਾ ਹੈ ਕਿ ਉਸ ਨੂੰ ਇਹੋ ਜਿਹੀ ਆਜ਼ਾਦੀ ਨਹੀਂ ਚਾਹੀਦੀ।

ਇਸ ਨਾਲ ਜੁੜਿਆ ਦੂਜਾ ਡਰ ਹੈ ਐੱਮਐੱਸਪੀ ਭਾਵ ਘੱਟੋ-ਘੱਟ ਸਮਰਥਨ ਮੁੱਲ ਬੰਦ ਹੋਣ ਦਾ। ਕਿਸਾਨ ਜਾਣਦਾ ਹੈ ਕਿ ਸਰਕਾਰੀ ਮੰਡੀ ਨਹੀਂ ਰਹੇਗੀ ਤਾਂ ਸਰਕਾਰੀ ਭਾਅ ਤੇ ਫ਼ਸਲਾਂ ਦੀ ਖ਼ਰੀਦ ਵੀ ਹੌਲੀ ਹੌਲੀ ਬੰਦ ਹੋ ਜਾਵੇਗੀ। ਸਰਕਾਰ ਕਹਿੰਦੀ ਹੈ ਕਿ ਐੱਮਐੱਸਪੀ ਬੰਦ ਨਹੀਂ ਹੋਵੇਗੀ ਪਰ ਕਿਸਾਨ ਹੁਣ ਸਮਝਦਾਰ ਹੈ। ਉਹ ਜਾਣਦੇ ਹਨ ਕਿ ਸਰਕਾਰ ਕਦੇ ਵੀ ਐਲਾਨੀਆ ਰੂਪ ਵਿਚ ਐੱਮਐੱਸਪੀ ਬੰਦ ਨਹੀਂ ਕਰੇਗੀ। ਕਾਗ਼ਜ਼ ਤੇ ਐਲਾਨ ਹੁੰਦੇ ਰਹਿਣਗੇ ਪਰ ਖ਼ਰੀਦ ਨਹੀਂ ਕੀਤੀ ਜਾਵੇਗੀ। ਕਿਸਾਨ ਕਹਿੰਦੇ ਹਨ ਕਿ ਜੇ ਸਰਕਾਰ ਐੱਮਐੱਸਪੀ ਬਾਰੇ ਆਪਣੀ ਜ਼ੁਬਾਨ ਤੇ ਪੱਕੀ ਹੈ ਤਾਂ ਇਸ ਨੂੰ ਕਾਨੂੰਨੀ ਰੂਪ ਦੇ ਦੇਵੇ। ਸਰਕਾਰ ਇਸ ਦਾ ਕੋਈ ਜਵਾਬ ਨਹੀਂ ਦਿੰਦੀ।

ਤੀਜੇ ਡਰ ਦੀ ਜ਼ਿਆਦਾ ਚਰਚਾ ਨਹੀਂ ਹੁੰਦੀ ਪਰ ਪਿੰਡ ਦੇ ਗ਼ਰੀਬ, ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਦੇ ਮਨ ਵਿਚ ਸਭ ਤੋਂ ਵੱਡੀ ਗੱਲ ਉਹੀ ਹੈ। ਜੇ ਸਰਕਾਰ ਕਣਕ ਤੇ ਜੀਰੀ ਦੀ ਖ਼ਰੀਦ ਬੰਦ ਕਰੇਗੀ ਤਾਂ ਦੇਰ ਸਵੇਰ ਗ਼ਰੀਬਾਂ ਨੂੰ ਮਿਲਣ ਵਾਲਾ ਸਸਤਾ ਰਾਸ਼ਨ ਵੀ ਬੰਦ ਹੋਵੇਗਾ। ਪਿੰਡ ਵਿਚ ਰਹਿਣ ਵਾਲੀ ਤਿੰਨ ਚੌਥਾਈ ਅਬਾਦੀ ਦੀ ਰਸੋਈ ਸਸਤੀ ਕਣਕ ਅਤੇ ਚੌਲਾਂ ਦੇ ਸਹਾਰੇ ਹੀ ਚਲਦੀ ਹੈ। ਸਰਕਾਰ ਆਖੇਗੀ ਕਿ ਖੇਤੀ ਕਾਨੂੰਨਾਂ ਦਾ ਰਾਸ਼ਨ ਦੀ ਦੁਕਾਨ ਨਾਲ ਕੋਈ ਲਾਗਾ ਦੇਗਾ ਨਹੀਂ ਹੈ ਪਰ ਸੱਚ ਇਹੀ ਹੈ ਕਿ ਸਰਕਾਰ ਕਈ ਸਾਲਾਂ ਤੋਂ ਸਸਤੇ ਰਾਸ਼ਨ ਤੋਂ ਆਪਣਾ ਖਹਿੜਾ ਛੁਡਾਉਣ ਦੇ ਤਰੀਕੇ ਲੱਭ ਰਹੀ ਹੈ।

ਚੌਥਾ ਡਰ ਹੈ ਕਿ ਠੇਕਾ (ਕੰਟਰੈਕਟ) ਖੇਤੀ ਕਾਨੂੰਨ ਨਾਲ ਕਿਸਾਨ ਬੰਧੂਆ ਬਣ ਜਾਵੇਗਾ। ਕਿਸਾਨ ਅਤੇ ਕੰਪਨੀ ਵਿਚਾਲੇ ਕਰਾਰ ਦੀ ਨਵੀਂ ਵਿਵਸਥਾ ਸ਼ੁਰੂ ਕੀਤੀ ਜਾਵੇਗੀ। ਜਦੋਂ ਕਰਾਰ ਕੰਪਨੀ ਦੇ ਹਿਤ ਵਿਚ ਹੋਵੇਗਾ ਤਾਂ ਉਸ ਨੂੰ ਹਰ ਸੂਰਤ ਲਾਗੂ ਕਰਵਾਇਆ ਜਾਵੇਗਾ। ਜਿਹੜੇ ਸਾਲ ਕਿਸਾਨ ਨੂੰ ਫ਼ਾਇਦਾ ਹੁੰਦਾ ਦਿਸੇਗਾ, ਉਦੋਂ ਕਰਾਰ ਦੇ ਕਾਨੂੰਨੀ ਦਾਅ ਪੇਚ ਲਾ ਕੇ ਕੰਪਨੀ ਮੁੱਕਰ ਜਾਵੇਗੀ। ਕਿਸਾਨ ਕੰਪਨੀ ਤੇ ਉਸ ਦੇ ਵਕੀਲਾਂ ਦੇ ਬੰਧੂਆ ਬਣ ਜਾਣਗੇ।

ਪੰਜਵਾਂ ਡਰ ਜਮਾਂਖੋਰੀ 'ਤੇ ਰੋਕ ਟੋਕ ਬੰਦ ਕਰਨ ਨਾਲ ਜੁੜਿਆ ਹੋਇਆ ਹੈ। ਜ਼ਰੂਰੀ ਵਸਤਾਂ ਬਾਰੇ ਕਾਨੂੰਨ ਵਿਚ ਸੋਧ ਕਰ ਕੇ ਹੁਣ ਵਪਾਰੀਆਂ ਨੂੰ ਜਮਾਂਖੋਰੀ ਅਤੇ ਕਾਲਾਬਾਜ਼ਾਰੀ ਦੀ ਖੁੱਲੀ ਛੋਟ ਦੇ ਦਿੱਤੀ ਗਈ ਹੈ। ਇਸ ਨਾਲ ਕਿਸਾਨ ਨੂੰ ਡਰ ਹੈ ਕਿ ਫ਼ਸਲ ਸਸਤੀ ਵਿਕੇਗੀ। ਫ਼ਸਲ ਬਾਜ਼ਾਰ ਵਿਚ ਆਉਣ ਤੋਂ ਪਹਿਲਾਂ ਵੱਡੇ ਵਪਾਰੀ ਕੁਝ ਮਾਲ ਮੰਡੀ ਵਿਚ ਉਤਾਰ ਦੇਣਗੇ ਜਿਸ ਨਾਲ ਭਾਅ ਡਿਗ ਜਾਇਆ ਕਰਨਗੇ। ਜਦੋਂ ਕਿਸਾਨ ਆਪਣੀ ਫ਼ਸਲ ਵੇਚ ਚੁੱਕੇ ਹੋਣਗੇ ਤਾਂ ਵਪਾਰੀ ਲੋਕ ਕਾਲਾਬਾਜ਼ਾਰੀ ਕਰਨਗੇ, ਖ਼ਰੀਦਦਾਰਾਂ ਲਈ ਕੀਮਤਾਂ ਵਧਾ ਦਿੱਤੀਆਂ ਜਾਣਗੀਆਂ। ਇਸ ਲਈ ਪਿੰਡ ਤੇ ਸ਼ਹਿਰ ਦੋਵਾਂ ਦੇ ਗ਼ਰੀਬ ਤੇ ਮਜ਼ਦੂਰ ਨੂੰ ਡਰ ਹੈ ਕਿ ਇਸ ਕਿਸਮ ਦੀ ਮਹਿੰਗਾਈ ਨਾਲ ਉਸ ਦੀ ਰਸੋਈ ਨੂੰ ਝਟਕਾ ਲੱਗੇਗਾ।

ਛੇਵਾਂ ਡਰ ਸਸਤੀ ਬਿਜਲੀ ਬੰਦ ਹੋਣ ਦਾ ਹੈ। ਕਿਸਾਨ ਨੇ ਸੁਣ ਲਿਆ ਹੈ ਕਿ ਮੋਦੀ ਸਰਕਾਰ ਕਾਨੂੰਨ ਲਿਆ ਰਹੀ ਹੈ ਤਾਂ ਕਿ ਰਾਜ ਸਰਕਾਰਾਂ ਕਿਸਾਨ ਨੂੰ ਮੁਫ਼ਤ ਬਿਜਲੀ ਜਾਂ ਸਸਤੀ ਬਿਜਲੀ ਨਾ ਦੇ ਸਕਣ। ਕਿਸਾਨ ਪੁੱਛਦਾ ਹੈ ਕਿ ਜੇ ਸਸਤੀ ਬਿਜਲੀ ਰਾਜ ਸਰਕਾਰ ਆਪਣੀ ਜੇਬ ਵਿਚੋਂ ਦੇ ਰਹੀ ਹੈ ਤਾਂ ਕੇਂਦਰ ਸਰਕਾਰ ਇਸ ਸਬੰਧੀ ਕਾਨੂੰਨ ਕਿਉਂ ਲਿਆ ਰਹੀ ਹੈ ? ਉਹ ਸੋਚਦਾ ਹੈ ਜੋ ਸਰਕਾਰ ਕਿਸਾਨ ਨੂੰ ਫ਼ਸਲ ਦਾ ਪੂਰਾ ਮੁੱਲ ਨਹੀਂ ਦੇ ਸਕਦੀ, ਉਹ ਉਸ ਦੀ ਲਾਗਤ ਵਧਾਉਣ ਲਈ ਕਿਉਂ ਇੰਨੀ ਫੁਰਤੀ ਦਿਖਾ ਰਹੀ ਹੈ ? ਉਸ ਨੂੰ ਇਸ ਦਾ ਜਵਾਬ ਨਹੀਂ ਮਿਲਦਾ।

ਜਿਵੇਂ ਇੰਨੀਆਂ ਬੰਦਸ਼ਾਂ ਕਾਫ਼ੀ ਨਹੀਂ ਸਨ, ਹੁਣ ਸਰਕਾਰ ਸੱਤਵਾਂ ਡਰ ਲੈ ਆਈ ਹੈ। ਦਿੱਲੀ ਅਤੇ ਐੱਨਸੀਆਰ ਖੇਤਰ ਦੇ ਵਾਤਾਵਰਨ ਨੂੰ ਬਚਾਉਣ ਲਈ ਕਿਸਾਨ ਨੂੰ ਜੇਲ ਵਿਚ ਬੰਦ ਕਰਨ ਦਾ ਕਾਨੂੰਨ ਵੀ ਬਣ ਗਿਆ ਹੈ। ਪਰਾਲੀ ਸਾੜਨ ਬਦਲੇ ਕਿਸਾਨ ਨੂੰ ਇਕ ਕਰੋੜ ਰੁਪਏ ਤੱਕ ਦਾ ਜੁਰਮਾਨਾ ਅਤੇ ਪੰਜ ਸਾਲ ਤੱਕ ਦੀ ਕੈਦ ਦਾ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਗਿਆ ਹੈ। ਕਿਸਾਨ ਪੁੱਛਦੇ ਹਨ ਕਿ ਹਵਾ ਸਾਫ਼ ਕਰਨ ਲਈ ਦਿੱਲੀ ਦੇ ਲੋਕ ਪਹਿਲਾਂ ਆਪਣੀਆਂ ਕਾਰਾਂ ਘੱਟ ਕਿਉਂ ਨਹੀਂ ਕਰਦੇ, ਆਪਣੇ ਉਦਯੋਗਾਂ ਤੇ ਇਮਾਰਤਾਂ ਦੀ ਉਸਾਰੀ ਨਾਲ ਹੁੰਦਾ ਪ੍ਰਦੂਸ਼ਣ ਬੰਦ ਕਿਉਂ ਨਹੀਂ ਕਰਦੇ ? ਇਸ ਦਾ ਵੀ ਜਵਾਬ ਨਹੀਂ ਮਿਲਦਾ।

ਇਸ ਲਈ ਕਿਸਾਨਾਂ ਨੇ ਵੀ ਸਰਕਾਰ ਦੀ ਇਸ ਸੱਤ-ਰੂਪੀ ਘੇਰਾਬੰਦੀ ਦੇ ਖ਼ਿਲਾਫ਼ ਆਪਣੀਆਂ ਮੁੱਠੀਆਂ ਮੀਚ ਲਈਆਂ ਹਨ। ਦੇਸ਼ ਭਰ ਦੀਆਂ ਕਰੀਬ 500 ਕਿਸਾਨ ਜਥੇਬੰਦੀਆਂ ਦਿੱਲੀ ਵਿਚ 'ਸਾਂਝਾ ਕਿਸਾਨ ਮੋਰਚਾ' ਲਾਉਣ ਦੇ ਪ੍ਰੋਗਰਾਮ ਲਈ ਇੱਕਜੁੱਟ ਹੋ ਗਈਆਂ ਹਨ ਅਤੇ ਆਰ-ਪਾਰ ਦੀ ਲੜਾਈ ਦਾ ਬਿਗਲ ਵੱਜ ਗਿਆ ਹੈ। ਕਿਸਾਨਾਂ ਨੇ ਤੈਅ ਕਰ ਲਿਆ ਹੈ ਕਿ ਜੋ ਨੇਤਾ ਅਤੇ ਪਾਰਟੀ ਇਨਾਂ ਕਿਸਾਨ ਵਿਰੋਧੀ ਕਾਨੂੰਨਾਂ ਦੇ ਹੱਕ ਵਿਚ ਹਨ, ਉਨਾਂ ਦੀ ਵੋਟ ਬੰਦ ਕਰ ਦੇਣਗੇ। ਕੇਂਦਰ ਹੋਵੇ ਜਾਂ ਰਾਜ ਸਰਕਾਰ, ਜੋ ਵੀ ਇਸ ਸਵਾਲ ਤੇ ਕਿਸਾਨ ਨਾਲ ਨਹੀਂ ਖੜੇਗੀ, ਉਸ ਦਾ ਬੋਰੀ ਬਿਸਤਰਾ ਬੰਨ ਦਿੱਤਾ ਜਾਵੇਗਾ। ਸੰਵਿਧਾਨ ਦਿਵਸ 26 ਨਵੰਬਰ ਤੋਂ ਕਿਸਾਨ ਆਪਣੇ ਸੰਵਿਧਾਨਕ ਹੱਕਾਂ ਦੀ ਲੜਾਈ ਸ਼ੁਰੂ ਕਰਨਗੇ।

***ਲੇਖਕ 'ਸਵਰਾਜ ਇੰਡੀਆ' ਦਾ ਆਗੂ ਹੈ।**

# ਮੋਦੀ ਸਰਕਾਰ ਦੀ ਨਿਗਰਾਨੀ ਹੇਠ ਹੁਣ ਆਨਲਾਈਨ ਮੀਡੀਆ

## ✪ ਸਰਕਾਰ ਵਿਰੁੱਧ ਬੋਲਣ ਵਾਲੇ, ਆਨਲਾਈਨ ਖ਼ਬਰ ਚੈਨਲ ਕੀਤੇ ਬੰਦ ✪ ਮੀਡੀਆ ’ਤੇ ਨਿਗਰਾਨੀ ਰੱਖਣ ਲਈ ‘ਪ੍ਰੈੱਸ ਕੌਂਸਲ ਆਫ਼ ਇੰਡੀਆ’ ਦਾ ਅਧਿਕਾਰ ਖੋਹਿਆ ✪ ਨਿਯਮ ਬਣਨ ਉਪਰੰਤ ਸਰਕਾਰ ਦੀ ਸਖ਼ਤੀ ਹੋਰ ਵਧੇਗੀ

**- ਪ੍ਰੋਫੈਸਰ ਕੁਲਬੀਰ ਸਿੰਘ**

ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਜਦੋਂ ਪਿਛਲੇ ਦਿਨੀਂ ਨੋਟੀਫਿਕੇਸ਼ਨ ’ਤੇ ਦਸਤਖ਼ਤ ਕਰ ਦਿੱਤੇ ਸਨ ਤਾਂ ਡਿਜੀਟਲ ਮੀਡੀਆ ਵੀ ਸੂਚਨਾ ਤੇ ਪ੍ਰਸਾਰਨ ਮਹਿਕਮੇ ਦੀ ਨਿਗਰਾਨੀ ਅਧੀਨ ਆ ਗਿਆ ਸੀ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਦਲੀਲ ਦਿੱਤੀ ਸੀ ਕਿ ਆਨਲਾਈਨ ਮੀਡੀਆ ਦੀ ਨਿਗਰਾਨੀ ਟੈਲੀਵਿਜ਼ਨ ਨਾਲੋਂ ਵੀ ਜ਼ਰੂਰੀ ਹੈ। ਆਨਲਾਈਨ ਉਪਲਬਧ ਖ਼ਬਰਾਂ, ਚਲੰਤ ਮਾਮਲਿਆਂ ਸਬੰਧੀ ਸਮਗਰੀ, ਫ਼ਿਲਮ, ਆਡੀਓ-ਵੀਡੀਓ ਪ੍ਰੋਗਰਾਮ, ਓ.ਟੀ.ਟੀ. ਪਲੇਟਫਾਰਮ ਆਦਿ ਇਸ ਸੂਚੀ ਵਿਚ ਸ਼ਾਮਿਲ ਹਨ। ਨਿਗਰਾਨੀ ਕਿਵੇਂ ਕਰਨੀ ਹੈ ਇਸ ਸਬੰਧ ਵਿਚ ਅਜੇ ਕੋਈ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਹੋਏ। ਓ.ਟੀ.ਟੀ. ਪਲੇਟਫਾਰਮ ਦਾ ਬਾਜ਼ਾਰ ਭਾਰਤ ਵਿਚ ਤੇਜ਼ੀ ਨਾਲ ਫੈਲ ਰਿਹਾ ਹੈ। ਅਨੁਮਾਨ ਹੈ ਕਿ 2025 ਤੱਕ ਪਹੁੰਚਦਿਆਂ ਇਹ ਉਦਯੋਗ 4000 ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ। 2019 ਤੱਕ ਭਾਰਤ ਵਿਚ ਓ.ਟੀ.ਟੀ. ਪਲੇਟਫਾਰਮਾਂ ਦੀ ਵਰਤੋਂ ਕਰਨ ਵਾਲੇ 17 ਕਰੋੜ ਲੋਕ ਸਨ।

ਕਿਹਾ ਜਾ ਰਿਹਾ ਹੈ ਕਿ ਇਸ ਦਾ ਮਨੋਰਥ ਜਾਅਲੀ ਖ਼ਬਰਾਂ ਫੈਲਾਉਣ ਵਾਲੀਆਂ ਨਿਊਜ਼ ਵੈਬਸਾਈਟਾਂ ਤੇ ਅਸ਼ਲੀਲਤਾ ਪਰੋਸਣ ਵਾਲੇ ਓ.ਟੀ.ਟੀ. ਪਲੇਟਫਾਰਮਾਂ ’ਤੇ ਕਾਰਵਾਈ ਕਰਨਾ ਹੈ। ਪਰ ਵੇਖਣ ਵਿਚ ਆਇਆ ਹੈ ਕਿ ਕੇਂਦਰ ਸਰਕਾਰ ਦੁਆਰਾ ਨੋਟੀਫਿਕੇਸ਼ਨ ਜਾਰੀ ਕਰਦਿਆਂ ਹੀ 11 ਅਤੇ 12 ਨਵੰਬਰ ਨੂੰ ਕਾਰਵਾਈ ਕਰਕੇ ਸਰਕਾਰ ਵਿਰੁੱਧ ਬੋਲਣ ਵਾਲੇ, ਆਨਲਾਈਨ ਖ਼ਬਰਾਂ ਮੁਹੱਈਆ ਕਰਨ ਵਾਲੇ ਕਈ ਚੈਨਲਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਅਸੀਂ ਜਾਣਦੇ ਹਾਂ ਕਿ ਪ੍ਰਿੰਟ ਮੀਡੀਆ ’ਤੇ ਨਿਗਰਾਨੀ ਰੱਖਣ ਲਈ ‘ਪ੍ਰੈੱਸ ਕੌਂਸਲ ਆਫ ਇੰਡੀਆ’ ਹੈ। ਨਿਊਜ਼ ਚੈਨਲਾਂ ’ਤੇ ਐਨ.ਬੀ.ਏ. ਦੀ ਨਜ਼ਰ ਰਹਿੰਦੀ ਹੈ। ਇਸ਼ਤਿਹਾਰਬਾਜ਼ੀ ਨੂੰ ਏ.ਐਸ.ਸੀ.ਆਈ. ਕੰਟਰੋਲ ਕਰਦੀ ਹੈ ਅਤੇ ਫ਼ਿਲਮਾਂ ਰਾਹੀਂ ਕੋਈ ਗ਼ਲਤ ਸੰਦੇਸ਼ ਨਾ ਜਾਵੇ, ਇਸ ਦਾ ਨਿਰਨਾ ਸੀ.ਬੀ.ਐਸ.ਸੀ ਕਰਦਾ ਹੈ। ਪ੍ਰੰਤੂ ਡਿਜੀਟਲ ਸਮੱਗਰੀ ’ਤੇ ਨਜ਼ਰ ਰੱਖਣ ਲਈ ਪਹਿਲਾਂ ਕੋਈ ਸੰਸਥਾ ਜਾਂ ਕਾਨੂੰਨ ਨਹੀਂ ਸੀ। ਕੇਂਦਰ ਸਰਕਾਰ ਹਮੇਸ਼ਾ ਇਸ ਦੀ ਜ਼ਰੂਰਤ ’ਤੇ ਜ਼ੋਰ ਦਿੰਦੀ ਰਹੀ ਹੈ। ਇਸ ਸਬੰਧ ਵਿਚ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਹੋਣ ’ਤੇ ਕੋਰਟ ਨੇ ਕੇਂਦਰ ਅਤੇ ਸਬੰਧਤ ਅਦਾਰਿਆਂ ਨੂੰ ਨੋਟਿਸ ਜਾਰੀ ਕੀਤੇ ਸਨ।

ਕੇਂਦਰ ਸਰਕਾਰ ਨੇ 10 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ ਜੋ ਨੇੜ-ਭਵਿੱਖ ਵਿਚ ਆਨਲਾਈਨ ਮੀਡੀਆ ’ਤੇ ਨਿਗਰਾਨੀ ਰੱਖਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦੀ ਹੈ। ਨਿਯਮਾਂ ਦਾ ਖਾਕਾ ਬਣ ਜਾਣ ਉਪਰੰਤ ਸਰਕਾਰ ਦੀ ਸਖ਼ਤੀ ਹੋਰ ਵਧ ਸਕਦੀ ਹੈ। ਹੁਣ ਨਿਊਜ਼ ਪੋਰਟਲ, ਨੈੱਟਫਲਿਕਸ, ਐਮਾਜ਼ੋਨ, ਪ੍ਰਾਈਮ ਵੀਡੀਓ, ਹੌਟਸਟਾਰ, ਯੂਟਿਊਬ, ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਆਦਿ ’ਤੇ ਇਤਰਾਜ਼ਯੋਗ ਸਮਗਰੀ ਨਹੀਂ ਪਾਈ ਜਾ ਸਕੇਗੀ। ‘ਹੇਟ ਸਪੀਚ’ ’ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇਗੀ। ਅਜੇ ਕੁਝ ਸਮਾਂ ਪਹਿਲਾਂ ਹੀ ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਸੀ ਕਿ ਸਰਕਾਰ ਅਜਿਹਾ ਕੋਈ ਕਦਮ ਨਹੀਂ ਚੁੱਕੇਗੀ ਜਿਸ ਨਾਲ ਮੀਡੀਆ ਦੀ ਆਜ਼ਾਦੀ ਨੂੰ ਸੱਟ ਵੱਜਦੀ ਹੋਵੇ। ਇਸ ਦੇ ਨਾਲ ਹੀ ਉਨਾਂ ਸੰਕੇਤ ਦਿੱਤਾ ਸੀ ਕਿ ਵੱਖ-ਵੱਖ ਉੱਚ ਪੱਧਰੀ ਪਲੇਟਫਾਰਮਾਂ ਨੂੰ ਨਿਯਮਬੱਧ ਕਰਨ ਲਈ ਕੁਝ ਤਾਂ ਕਰਨਾ ਹੀ ਹੋਵੇਗਾ। ਲਗਦਾ ਹੈ ਕਿ ਉਨਾਂ ਦਾ ਇਸ਼ਾਰਾ ਹੁਣ ਸਾਹਮਣੇ ਆਏ ਸਖ਼ਤ ਕਦਮ ਵੱਲ ਹੀ ਸੀ। ਭਾਰਤ ਸਰਕਾਰ ਵਲੋਂ ‘ਆਨਲਾਈਨ ਨਿਊਜ਼ ਪੋਰਟਲਜ਼’ ਅਤੇ ਵੱਖ-ਵੱਖ ਤਰਾਂ ਦੀ ਸਮੱਗਰੀ ਮੁਹੱਈਆ ਕਰਨ ਵਾਲੇ ਨੈੱਟਫਲਿਕਸ ਜਿਹੇ ਮੰਚਾਂ ਨੂੰ ਨਿਯਮਬੱਧ ਕਰਨ ਲਈ ਚੁੱਕੇ ਇਸ ਕਦਮ ਦੀ ਖ਼ਬਰ ਦੁਨੀਆ ਭਰ ਦੇ ਮੀਡੀਆ ਨੇ ਪ੍ਰਸਾਰਿਤ ਤੇ ਪ੍ਰਕਾਸ਼ਿਤ ਕੀਤੀ ਹੈ। ਕਤਰ ਦੇ ਚੈਨਲ ਅਲਜਜ਼ੀਰਾ ਨੇ ਇਹ ਖ਼ਬਰ ਪ੍ਰਸਾਰਿਤ ਕਰਦਿਆਂ ਕਿਹਾ ਕਿ ਇਸ ਦਿਸ਼ਾ ਵਿਚ ਭਾਰਤ ਸਰਕਾਰ ਦਾ ਇਹ ਪਹਿਲਾ ਕਦਮ ਹੈ। ਅਲਜਜ਼ੀਰਾ ਨੇ ਇਹ ਵੀ ਕਿਹਾ ਕਿ ਵਿਦੇਸ਼ੀ ਨਿਊਜ਼ ਪੋਰਟਲਜ਼ ਸਬੰਧੀ ਅਜੇ ਸਰਕਾਰ ਦਾ ਵਤੀਰਾ ਸਪਸ਼ਟ ਨਹੀਂ ਹੈ। ਭਾਰਤ ਵਿਚ ਇਲੈਕਟ੍ਰਾਨਿਕ ਮੀਡੀਆ ਨੂੰ ਕੇਬਲ ਟੈਲੀਵਿਜ਼ਨ ਨੈੱਟਵਰਕਸ (ਰੈਗੂਲੇਸ਼ਨ) ਐਕਟ 1995 ਤਹਿਤ ਪਹਿਲਾਂ ਹੀ ਨਿਯਮਬੱਧ ਕੀਤਾ ਹੋਇਆ ਹੈ। ਡਿਜੀਟਲ ਮੀਡੀਆ ’ਤੇ ਨਿਗਰਾਨੀ ਰੱਖਣ ਲਈ ਭਾਰਤ ਸਰਕਾਰ ਦੁਆਰਾ ਚੁੱਕੇ ਇਸ ਕਦਮ ਦੀ ਇਕ ਪਾਸੇ ਭਰਪੂਰ ਪ੍ਰਸੰਸਾ ਹੋ ਰਹੀ ਹੈ। ਇਸ ਨੂੰ ਚੰਗਾ ਸੰਕੇਤ ਮੰਨਿਆ ਜਾ ਰਿਹਾ ਹੈ ਪ੍ਰੰਤੂ ਦੂਸਰੇ ਪਾਸੇ ਇਸ ਨੂੰ ਮੀਡੀਆ ਦੀ ਆਜ਼ਾਦੀ ਵਿਚ ਸਿੱਧਾ ਦਖ਼ਲ ਵੀ ਕਰਾਰ ਦਿੱਤਾ ਜਾ ਰਿਹਾ ਹੈ। ਸਰਕਾਰ ਨਾਲ ਅਸਹਿਮਤੀ ਰੱਖਦੇ ਲੋਕਾਂ ਦਾ ਕਹਿਣਾ ਹੈ ਕਿ ‘ਇਨਫਾਰਮੇਸ਼ਨ ਟੈਕਨਾਲੋਜੀ ਐਕਟ’ ਤਹਿਤ ਪਹਿਲਾਂ ਹੀ ਡਿਜੀਟਲ ਮੀਡੀਆ ’ਤੇ ਕਈ ਸਖ਼ਤ ਨਿਯਮ ਲਾਗੂ ਹਨ ਜਿਹੜੇ ਟੈਲੀਵਿਜ਼ਨ ਚੈਨਲਾਂ ਅਤੇ ਅਖ਼ਬਾਰਾਂ ’ਤੇ ਲਾਗੂ ਨਹੀਂ ਹਨ। ਇਸ ਸਬੰਧ ਵਿਚ ਤਸਵੀਰ ਉਦੋਂ ਸਾਫ਼ ਤੇ ਸਪੱਸ਼ਟ ਹੋਵੇਗੀ ਜਦੋਂ ਨੇੜ ਭਵਿੱਖ ਵਿਚ ਸਰਕਾਰ ਵੱਲੋਂ ਨਿਗਰਾਨੀ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਜਾਣਗੇ ਅਤੇ ਇਨਾਂ ਤੋਂ ਸਭ ਧਿਰਾਂ ਦੇ ਪ੍ਰਤੀਕਰਮ ਆ ਜਾਣਗੇ।

‘ਦਾ ਗਾਰਡੀਅਨ’ ਨੇ ਇਸ ਨਵੇਂ ਕਾਨੂੰਨ ਦੇ ਪ੍ਰਸੰਗ ਵਿਚ ਸੈਂਸਰਸ਼ਿਪ ਦਾ ਖਦਸ਼ਾ ਜ਼ਾਹਰ ਕੀਤਾ ਹੈ। ਸੂਚਨਾ ਤੇ ਪ੍ਰਸਾਰਨ ਮਹਿਕਮਾ ਜਿਹੜਾ ਮੀਡੀਆ, ਫ਼ਿਲਮਾਂ, ਥੀਏਟਰ ’ਤੇ ਨਜ਼ਰ ਰੱਖਦਾ ਹੈ, ਹੁਣ ਡਿਜੀਟਲ ਮੀਡੀਆ ਅਤੇ ਮਨੋਰੰਜਨ ਪਲੇਟਫਾਰਮ ਵੀ ਉਸ ਦੀ ਨਿਗਰਾਨੀ ਹੇਠ ਆ ਗਏ ਹਨ। ‘ਵਾਚਡੌਗ ਫ੍ਰੀਡਮ ਹਾਊਸ’ ਨੇ ਵੀ ਇੰਟਰਨੈੱਟ ਦੀ ਆਜ਼ਾਦੀ ਦਾ ਮੁੱਦਾ ਉਠਾਇਆ ਹੈ। ਦਰਅਸਲ ਭਾਰਤ ਸਰਕਾਰ ਤੇਜ਼ੀ ਨਾਲ ਵਧ ਰਹੀ ਇੰਟਰਨੈੱਟ ਦੀ ਵਰਤੋਂ ਤੋਂ ਘਬਰਾ ਗਈ ਹੈ। ਆਨਲਾਈਨ ਨਿਊਜ਼ ਅਤੇ ਮਨੋਰੰਜਨ ਨਾਲ ਰੋਜ਼ਾਨਾ ਕਰੋੜਾਂ ਭਾਰਤੀ ਜੁੜਦੇ ਹਨ। ਇਕੱਲੇ ਨੈੱਟਫਲਿਕਸ ਨੂੰ ਵੇਖਣ ਵਾਲੇ ਭਾਰਤੀਆਂ ਦੀ ਗਿਣਤੀ 25 ਮਿਲੀਅਨ ਤੱਕ ਜਾ ਪੁੱਜੀ ਹੈ। ਆਨਲਾਈਨ ਨਿਊਜ਼ ਦਾ ਇਕ ਹਿੱਸਾ ਭਾਜਪਾ ਅਤੇ ਭਾਜਪਾ ਸਰਕਾਰ ਦੀ ਤਿੱਖੀ ਨੁਕਤਾਚੀਨੀ ਕਰਦਾ ਹੈ। ਮੁੱਖ ਧਾਰਾ ਦੇ ਮੀਡੀਆ ਦਾ ਵੱਡਾ ਹਿੱਸਾ ਪਹਿਲਾਂ ਹੀ ਸਰਕਾਰ ਪੱਖੀ ਹੈ। ਇਸੇ ਲਈ ਇਸ ਨਵੇਂ ਕਾਨੂੰਨ ਵਿਰੁੱਧ ਕੋਈ ਆਵਾਜ਼ ਨਹੀਂ ਉੱਠੀ ਹੈ।

# ਅਮਰੀਕਾ ਨਾਲ ਭਾਰਤ ਦੀ ਦੋਸਤਾਨਾ ਸਾਂਝ ਪਕੇਰੀ ਹੋਵੇਗੀ

## ✪ ਬਾਇਡਨ ਚੀਨ ਦੀ ਥਾਂ ਭਾਰਤ ਨਾਲ ਜ਼ਿਆਦਾ ਨੇੜਤਾ ਬਣਾਉਣਗੇ ✪ ਭਾਰਤ ਦੀ ਮੰਡੀ ਅਮਰੀਕਾ ਦੀ ਦਿਲਚਸਪੀ ਦਾ ਕੇਂਦਰ ਬਣੇਗੀ



**- ਪ੍ਰੋ. ਪੁਸਪੇਸ਼ ਪੰਤ**

ਦੁਨੀਆ ਨੂੰ ਦਿਸ਼ਾ ਦੇਣ ਵਾਲੇ ਦੇਸ਼ ਅਮਰੀਕਾ ’ਚ ਨਵਾਂ ਨਿਜ਼ਾਮ ਆਕਾਰ ਲੈ ਚੁੱਕਿਆ ਹੈ। ਡੈਮੋਕ੍ਰੇਟ ਉਮੀਦਵਾਰ ਜੋਅ ਬਾਇਡਨ ਰਾਸ਼ਟਰਪਤੀ ਚੁਣੇ ਜਾ ਚੁੱਕੇ ਹਨ। ਅੱਜ ਵੀ ਦੁਨੀਆ ਦਾ ਹਰ ਕੋਨਾ ਅਮਰੀਕੀ ਨੀਤੀਆਂ ਤੋਂ ਪ੍ਰਭਾਵਿਤ ਹੁੰਦਾ ਹੈ। ਸਾਮਵਾਦੀ ਦੇਸ਼ ਚੀਨ ਕਿੰਨੀ ਵੀ ਤਰੱਕੀ ਅਤੇ ਤਾਕਤ ਹਾਸਲ ਕਰ ਲਵੇ ਪਰ ਅੱਜ ਵੀ ਉਸ ਦੇ ਰਾਸ਼ਟਰਪਤੀ ਅਮਰੀਕਾ ਜਿਹੀ ਫ਼ੌਜੀ ਸਮਰੱਥਾ ਹਾਸਲ ਕਰਨ ਦਾ ਭਵਿੱਖ ਵਿਚ ਟੀਚਾ ਤੈਅ ਕਰਨ ਨੂੰ ਮਜਬੂਰ ਹਨ। ਭਾਰਤ ਹੁਣ ਅਮਰੀਕਾ ਦੀ ਜ਼ਰੂਰਤ ਬਣ ਚੁੱਕਿਆ ਹੈ। ਮਾਮਲਾ ਆਪਸੀ ਹਿੱਤਾਂ ’ਤੇ ਅਟਕ ਗਿਆ ਹੈ।

ਇਸ ਲਈ ਸਮਾਜਵਾਦੀ ਮੁੱਲਾਂ ਵਾਲੀ ਡੈਮੋਕ੍ਰੇਟ ਪਾਰਟੀ ਦੇ ਬਰਾਕ ਓਬਾਮਾ ਹੋਣ ਜਾਂ ਪੂਰੀ ਤਰਾਂ ਰਾਸ਼ਟਰਵਾਦੀ ਰਿਪਬਲਿਕਨ ਦੇ ਟਰੰਪ, ਸਭ ਨੂੰ ਏਸ਼ੀਆ ਵਿਚ ਭਾਰਤ ਜਿਹਾ ਕੋਈ ਸਾਂਝੀਦਾਰ ਦੇਸ਼ ਨਹੀਂ ਦਿਸ ਰਿਹਾ। ਭਾਰਤ ਦਾ ਦੁਨੀਆ ’ਚ ਅੱਜ ਇਕ ਵੱਖਰਾ ਮੁਕਾਮ ਹੈ। ਅਮਰੀਕਾ ਸਾਹਮਣੇ ਵਧਦੀ ਚੀਨੀ ਚੁਣੌਤੀ ਭਾਰਤ ਨੂੰ ਭਰੋਸੇਮੰਦ ਦੋਸਤ ਵਜੋਂ ਦੇਖਣ ਲਈ ਉਸ ਨੂੰ ਮਜਬੂਰ ਕਰਦੀ ਹੈ। ਅਜਿਹੀ ਸੂਰਤ ’ਚ ਆਲਮੀ ਮੰਚ ’ਤੇ ਭਾਰਤ ਨੂੰ ਨਜ਼ਰਅੰਦਾਜ਼ ਕਰਨਾ ਕਿਸੇ ਵੀ ਦੇਸ਼ ਲਈ ਤਾਂ ਕੀ, ਮਹਾਂਸ਼ਕਤੀ ਲਈ ਵੀ ਮੁਮਕਿਨ ਨਹੀਂ ਹੋਵੇਗਾ। ਏਸ਼ੀਆ ਸਬੰਧੀ ਅਮਰੀਕੀ ਵਿਦੇਸ਼ ਨੀਤੀ ਦੀ ਮਜਬੂਰੀ ਭਾਰਤ ਨੂੰ ਕੇਂਦਰ ਵਿਚ ਰੱਖਣ ਲਈ ਲਾਚਾਰ ਕਰੇਗੀ। ਜੋਅ ਬਾਇਡਨ ਦੇ ਅਮਰੀਕੀ ਰਾਸ਼ਟਰਪਤੀ ਚੁਣੇ ਜਾਣ ’ਤੇ ਹਰ ਕੋਈ ਇਹ ਜਾਣਨਾ ਚਾਹੁੰਦਾ ਹੈ ਕਿ ਭਾਰਤ ਨਾਲ ਉਨਾਂ ਦੇ ਰਿਸ਼ਤੇ ਕਿਹੋ ਜਿਹੇ ਰਹਿਣਗੇ? ਭਾਰਤ ਇਸ ਸਮੇਂ ਵਿਵਾਦਤ ਹਿਮਾਲਿਆਈ ਸਰਹੱਦ ’ਤੇ ਚੀਨ ਦੀ ਘੁਸਪੈਠ ਦਾ ਸਾਹਮਣਾ ਕਰ ਰਿਹਾ ਹੈ। ਇਸ ਸੰਘਰਸ਼ ਵਿਚ ਅਮਰੀਕਾ ਹੀ ਸਭ ਤੋਂ ਭਰੋਸੇਮੰਦ ਭਾਈਵਾਲ ਨਜ਼ਰ ਆਉਂਦਾ ਹੈ। ਇਸ ਦਾ ਕਾਰਨ ਭਾਰਤ ਪ੍ਰਤੀ ਅਮਰੀਕਾ ਦਾ ਕੋਈ ਸੁਭਾਵਿਕ ਪਿਆਰ ਜਾਂ ਰਵਾਇਤੀ ਭਾਈਚਾਰਾ ਨਹੀਂ ਸਗੋਂ ਦੋਵੇਂ ਦੇਸ਼ਾਂ ਦੇ ਰਾਸ਼ਟਰ ਹਿੱਤਾਂ ਦਾ ਆਪਸ ਵਿਚ ਜੁੜੇ ਹੋਣਾ ਹੈ।

ਚੀਨ ਦੇ ਦੱਖਣ ’ਚ ਚੀਨੀ ਸਾਗਰ ਅਤੇ ਪ੍ਰਸ਼ਾਂਤ ਖੇਤਰ ਵਿਚ ਫ਼ੌਜ ਦੇ ਵਿਸਤਾਰ ਨੂੰ ਦੇਖਦਿਆਂ ਅਮਰੀਕਾ ਨੂੰ ਇਹ ਲੱਗਦਾ ਰਿਹਾ ਹੈ ਕਿ ਚੀਨ ਵਿਸ਼ਵ ’ਚ ਸਭ ਤੋਂ ਤਾਕਤਵਰ ਸ਼ਕਤੀ ਦੇ ਰੂਪ ਵਿਚ ਖ਼ੁਦ ਨੂੰ ਸਥਾਪਤ ਕਰਨ ਦੀ ਮੁਹਿੰਮ ’ਚ ਜੁਟਿਆ ਹੋਇਆ ਹੈ। ਸ਼ੀ ਜਿਨਪਿੰਗ ਦਾ ਮੰਨਣਾ ਹੈ ਕਿ ਅੱਜ ਅਮਰੀਕਾ ਟਰੰਪ ਦੀ ਦੂਰਦਰਸ਼ਿਤਾ ਦੀ ਘਾਟ ਕਾਰਨ ਖ਼ਸਤਾਹਾਲ ਹੈ ਅਤੇ ਫ਼ਿਲਹਾਲ ਪੁਤਿਨ ਵੀ ਯੂਕ੍ਰੇਨ, ਕ੍ਰੀਮੀਆ ਅਤੇ ਮੱਧ ਪੂਰਬ ’ਚ ਉਲਝੇ ਹਨ। ਇਹੋ ਮੌਕਾ ਚੀਨ ਦੇ ਇਕ-ਧਰੁਵੀ ਕਬਜ਼ੇ ਨੂੰ ਸਥਾਪਤ ਕਰਨ ਦਾ ਹੈ। ਯੂਰਪੀ ਭਾਈਚਾਰਾ ਬ੍ਰੈਗਜ਼ਿਟ ਸੰਕਟ ਨਾਲ ਘਿਰਿਆ ਹੈ ਅਤੇ ਏਸ਼ੀਆ ਤੇ ਅਫ਼ਰੀਕਾ ਦੇ ਕਈ ਦੇਸ਼ਾਂ ਨੂੰ ਚੀਨ ਆਪਣੇ ਅਰਬਾਂ ਡਾਲਰ ਦੇ ਉਧਾਰ ਦੇ ਬੋਝ ਨਾਲ ਦਬਾ ਕੇ ਆਪਣੇ ਸ਼ਿਕੰਜੇ ਵਿਚ ਫਸ ਚੁੱਕਿਆ ਹੈ। ਇਹ ਕੰਮ ਉਸ ਨੇ ਵੱਡੀ ਸਾਜ਼ਿਸ਼ ਰਚ ਕੇ ਪੂਰਾ ਕੀਤਾ ਹੈ, ਜਿਸ ਨੂੰ ‘ਵਨ ਬੇਲਟ ਵਨ ਰੋਡ’ ਨਾਂ ਦਿੱਤਾ ਜਾਂਦਾ ਹੈ, ਜਿਸ ਨੂੰ ਸ਼ੀ ਆਪਣੇ ਕਾਰਜਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਬਣਾਉਣਾ ਚਾਹੁੰਦੇ ਹਨ। ਜਿਨਪਿੰਗ ਦੀ ਸੌੜੀ ਸੋਚ ਕਾਰਨ ਉਪਜੇ ਇਹ ਹਾਲਾਤ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਤੋਂ ਬਾਅਦ ਰੱਤੀ ਭਰ ਵੀ ਬਦਲਣ ਵਾਲੇ ਨਹੀਂ।

ਲਿਹਾਜ਼ਾ ਕੂਟਨੀਤਕ ਮਿੱਤਰ ਸੰਧੀ ਤੋਂ ਬਗ਼ੈਰ ਵੀ ਭਾਰਤ ਲਈ ਉਸ ਦੀ ਤਰਜੀਹ ਬਰਕਰਾਰ ਰਹੇਗੀ। ਆਰਥਿਕ ਮਾਮਲਿਆਂ ’ਚ ਵੀ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਵਿਚ ਜ਼ਿਆਦਾ ਉਲਟ ਫੇਰ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਜਦੋਂ ਤੋਂ ਭਾਰਤ ਨੇ ਆਰਥਿਕ ਉਦਾਰੀਕਰਨ ਅਤੇ ਸੁਧਾਰਾਂ ਦਾ ਆਗਾਜ਼ ਕੀਤਾ ਹੈ, ਸਾਡੇ ਅਤੇ ਉਨਾਂ ਦਰਮਿਆਨ ਕੋਈ ਵਿਚਾਰਧਾਰਕ ਤਰੇੜ ਨਹੀਂ। ਸਮਾਜਵਾਦੀ ਕੱਟੜਪੰਥੀ ਨੂੰ ਤਿਲਾਂਜਲੀ ਦੇ ਕੇ ਭਾਰਤ ਵੀ ਪੂੰਜੀਵਾਦੀ ਢਾਂਚੇ ਨੂੰ ਅਪਣਾ ਚੁੱਕਿਆ ਹੈ। ਹੁਣ ਇੱਥੇ ਵੀ ਬਾਜ਼ਾਰ ਦੇ ਤਰਕ ਅਤੇ ਜ਼ਰੂਰਤ ਦੇ ਅਨੁਸਾਰ ਹੀ ਆਰਥਿਕ ਵਿਕਾਸ ਦੀਆਂ ਨੀਤੀਆਂ ਤੈਅ ਕੀਤੀਆਂ ਜਾਂਦੀਆਂ ਰਹੀਆਂ ਹਨ। ਕਦੇ-ਕਦਾਈਂ ਜੋ ਮਨ ਮੁਟਾਅ ਦੇਖਣ ਨੂੰ ਮਿਲਦੇ ਹਨ, ਉਹ ਅਜਿਹੇ ਨਹੀਂ ਹਨ ਜਿਨਾਂ ਦਾ ਹੱਲ ਕੂਟਨੀਤਕ ਸੰਚਾਰ ਨਾਲ ਨਾ ਕੀਤਾ ਜਾ ਸਕਦਾ ਹੋਵੇ। ਅਮਰੀਕਾ ਵਿਚ ਚੋਣ ਵਰੇ ’ਚ ‘ਫਸਟ ਅਮਰੀਕਾ’ ਜਾਂ ‘ਮੇਡ ਇਨ ਅਮਰੀਕਾ’ ਦੇ ਨਾਅਰੇ ਬੁਲੰਦ ਕਰਨਾ ਉਮੀਦਵਾਰਾਂ ਦੀ ਮਜਬੂਰੀ ਰਹੀ ਹੈ।

ਅਮਰੀਕਾ ਨੇ ਚੀਨ ਵਿਰੁੱਧ ਬਕਾਇਦਾ ਵਪਾਰਕ ਯੁੱਧ ਦਾ ਐਲਾਨ ਕੀਤਾ ਹੈ ਅਤੇ ਉਸ ’ਤੇ ਸਖ਼ਤ ਆਰਥਿਕ ਪਾਬੰਦੀਆਂ ਲਾਈਆਂ ਹਨ। ਅਜਿਹਾ ਕੋਈ ਕਦਮ ਭਾਰਤ ਖ਼ਿਲਾਫ਼ ਪ੍ਰਸਤਾਵਿਤ ਵੀ ਨਹੀਂ ਹੈ। ਆਖ਼ਰਕਾਰ ਅਮਰੀਕੀ ਕੰਪਨੀਆਂ ਆਪਣੇ ਲਾਭ ਅਤੇ ਲਾਗਤ ਦਾ ਹਿਸਾਬ ਲਾ ਕੇ ਹੀ ਆਪਣੀ ਸਰਕਾਰ ’ਤੇ ਇਹ ਦਬਾਅ ਪਾਉਣਗੀਆਂ ਕਿ ਬੀਪੀਓ ਅਤੇ ਕਾਲ ਸੈਂਟਰਾਂ ਤੋਂ ਇਲਾਵਾ ਭਾਰਤ ਵਿਚ ਬਹੁਕੌਮੀ ਕੰਪਨੀਆਂ ਆਪਣਾ ਕਾਰੋਬਾਰ ਵਧਾਉਣਗੀਆਂ।

ਚੀਨ ਦੇ ਮੁਕਾਬਲੇ ਭਾਰਤ ਦਾ ਸਮਰੱਥ ਬਾਜ਼ਾਰ ਅਤੇ ਕੁਸ਼ਲ ਭੰਡਾਰ ਇਨਾਂ ਨੂੰ ਜ਼ਿਆਦਾ ਆਕਰਸ਼ਕ ਲੱਗਣ ਲੱਗੇਗਾ। ਤੇਲ, ਗੈਸ ਹੋਵੇ ਜਾਂ ਸਵੱਛ ਊਰਜਾ, ਅਮਰੀਕਾ ਦੇ ਕਾਰੋਬਾਰੀ ਇਨਾਂ ਦੇ ਨਿਰਯਾਤ ਲਈ ਭਾਰਤਮੁਖੀ ਬਣੇ ਰਹਿਣਗੇ। ਫ਼ੌਜ ਦੇ ਸਾਜ਼ੋ-ਸਾਮਾਨ, ਕੰਪਿਊਟਰ ਅਤੇ ਫਾਰਮਾਂ ਤਕਨੀਕ ਦੇ ਮਾਮਲੇ ਵਿਚ ਵੀ ਭਾਰਤ ਦੀ ਤੁਲਨਾ ਕਿਸੇ ਹੋਰ ਦੇਸ਼ ਨਾਲ ਨਹੀਂ ਕੀਤੀ ਜਾ ਸਕਦੀ।

ਭਾਰਤ ਅਤੇ ਅਮਰੀਕਾ ਦਰਮਿਆਨ ਜਮਹੂਰੀ ਭਾਈਚਾਰੇ ਦਾ ਰਿਸ਼ਤਾ ਹੈ। ਅਮਰੀਕਾ ਸਭ ਤੋਂ ਪੁਰਾਣਾ ਲੋਕਤੰਤਰ ਹੈ ਅਤੇ ਭਾਰਤ ਸਭ ਤੋਂ ਵੱਡਾ। ਇਸ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ, ਅਮਰੀਕੀ ਖਾਣ-ਪਾਣ, ਪਹਿਰਾਵੇ ਅਤੇ ਮਨੋਰੰਜਨ ਦੀ ਆਲਮੀ ਮਕਬੂਲੀਅਤ ਤੋਂ ਭਾਰਤ ਅਛੂਤਾ ਨਹੀਂ। ਅਮਰੀਕਾ ਵਿਚ ਰਹਿਣ ਵਾਲੇ ਭਾਰਤਵੰਸ਼ੀਆਂ ਦੀ ਸਮਰੱਥਾ ਅਤੇ ਯੋਗਤਾ ਨੂੰ ਅਮਰੀਕੀ ਪ੍ਰਸ਼ਾਸਨ ਅਣਦੇਖਿਆ ਨਹੀਂ ਕਰ ਸਕਦਾ। ਕਈ ਮਹੱਤਵਪੂਰਨ ਅਮਰੀਕੀ ਕੰਪਨੀਆਂ ਦੀ ਕਮਾਂਡ ਅੱਜ ਅਮਰੀਕੀ-ਭਾਰਤੀਆਂ ਦੇ ਹੱਥ ਵਿਚ ਹੈ। ਅਜਿਹੇ ਭਾਰਤਵੰਸ਼ੀ ਅਮਰੀਕੀਆਂ ਦੀ ਤਾਦਾਦ ਲਗਾਤਾਰ ਵਧਦੀ ਜਾ ਰਹੀ ਹੈ। ਅਮਰੀਕਾ ’ਚ ਭਾਰਤਵੰਸ਼ੀਆਂ ਦੀ ਗਿਣਤੀ ਵਿਚ ਪਿਛਲੇ ਅੱਠ ਸਾਲਾਂ ’ਚ 50 ਫ਼ੀਸਦੀ ਇਜ਼ਾਫ਼ਾ ਹੋਇਆ ਹੈ। ਭਾਰਤੀ ਮੂਲ ਦੇ ਲੋਕ ਇਸ ਦੇਸ਼ ’ਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਸਮੂਹਾਂ ਵਿਚੋਂ ਇਕ ਹਨ। 2010 ’ਚ 17.8 ਲੱਖ ਤੋਂ ਵਧ ਕੇ ਇਨਾਂ ਦੀ ਗਿਣਤੀ 2018 ਵਿਚ 26.5 ਲੱਖ ਹੋ ਚੁੱਕੀ ਹੈ।

ਅਮਰੀਕਾ ਵਿਚ ਬਦਲੇ ਨਿਜ਼ਾਮ ਤੋਂ ਬਾਅਦ ਹਰ ਕਿਸੇ ਦੇ ਜ਼ਿਹਨ ’ਚ ਇਹੋ ਸਵਾਲ ਹੈ ਕਿ ਨਵੇਂ ਰਾਸ਼ਟਰਪਤੀ ਬਾਇਡਨ, ਟਰੰਪ ਦੀ ਤਰਾਂ ਚੀਨ ਖ਼ਿਲਾਫ਼ ਭਾਰਤ ਦਾ ਖੁੱਲ ਕੇ ਸਮਰਥਨ ਕਰਨਗੇ। ਪਹਿਲੀ ਗੱਲ ਤਾਂ ਇਹ ਹੈ ਕਿ ਅਮਰੀਕਾ ’ਚ ਦੋਵੇਂ ਪਾਰਟੀਆਂ ਇਸ ਗੱਲ ਦਾ ਪੁਰਜ਼ੋਰ ਸਮਰਥਨ ਕਰਦੀਆਂ ਹਨ ਕਿ ਭਾਰਤ ਨਾਲ ਉਨਾਂ ਦੇ ਦੇਸ਼ ਦੇ ਆਰਥਿਕ ਅਤੇ ਰਾਜਨੀਤਕ ਸਬੰਧ ਮਜ਼ਬੂਤ ਹੋਣੇ ਚਾਹੀਦੇ ਹਨ। ਅਮਰੀਕਾ ਏਸ਼ੀਆ ਵਿਚ ਚੀਨ ਦੇ ਉਭਾਰ ਦਾ ਅਰਥ ਅਤੇ ਭਾਰਤ ਦੇ ਮਹੱਤਵ ਨੂੰ ਚੰਗੀ ਤਰਾਂ ਸਮਝਦਾ ਹੈ। ਇਸ ਲਈ ਬਾਇਡਨ ਏਸ਼ੀਆ ’ਚ ਅਮਰੀਕਾ ਦੀਆਂ ਜੜਾਂ ਨੂੰ ਪੁਨਰਜੀਵਤ ਕਰਨ ਅਤੇ ਕਵਾਡ ਵਿਚ ਨਵੀਂ ਊਰਜਾ ਭਰਨ ਦਾ ਕੰਮ ਕਰਨਗੇ। ਦੋਵੇਂ ਹੀ ਸਥਿਤੀਆਂ ਵਿਚ ਭਾਰਤ ਦੀ ਭੂਮਿਕਾ ਅਹਿਮ ਹੋਵੇਗੀ।

ਭਾਰਤ ਨਾਲ ਜਿਨਾਂ ਮੁੱਦਿਆਂ ’ਤੇ ਹੁਣ ਤਕ ਅਮਰੀਕਾ ਵੱਲੋਂ ਆਪਸੀ ਸਹਿਯੋਗ ਦੀ ਸ਼ੁਰੂਆਤ ਕੀਤੀ ਗਈ ਸੀ, ਉਨਾਂ ਨੂੰ ਜਾਰੀ ਰੱਖਣ ਦੇ ਨਾਲ-ਨਾਲ ਹੋਰ ਮਜ਼ਬੂਤੀ ਦਿੱਤੀ ਜਾ ਸਕਦੀ ਹੈ। ਚੀਨ ਬਾਰੇ ਬਿਆਨਬਾਜ਼ੀ ਦੇ ਸਬੰਧ ’ਚ ਅਮਰੀਕੀ ਰੁਖ਼ ਥੋੜਾ ਨਰਮ ਹੋ ਸਕਦਾ ਹੈ। ਟਰੰਪ ਪ੍ਰਸ਼ਾਸਨ ਦੇ ਖ਼ਰਚ ਵਿਚ ਕਟੌਤੀ, ਲੋਕ ਲੁਭਾਊ ਗੱਲਾਂ ਅਤੇ ਰਾਸ਼ਟਰਵਾਦ ਜਿਹੇ ਮੁੱਦਿਆਂ ਦਾ ਤਿਆਗ ਕਰਦਿਆਂ ਅਮਰੀਕਾ ਆਲਮੀ ਮਾਮਲਿਆਂ ’ਤੇ ਜ਼ੋਰ ਦੇਵੇਗਾ ਅਤੇ ਇਨਾਂ ਨੂੰ ਆਪਣੀਆਂ ਤਰਜੀਹਾਂ ’ਚ ਸ਼ਾਮਲ ਕਰੇਗਾ।

ਟਰੰਪ ਪ੍ਰਸ਼ਾਸਨ ਨੇ ਭਾਰਤ ਦੇ ਅੰਦਰੂਨੀ ਧਾਰਮਿਕ ਸੰਘਰਸ਼ ਅਤੇ ਮਨੁੱਖੀ ਅਧਿਕਾਰ ਦੇ ਮਾਮਲਿਆਂ ਨੂੰ ਪੂਰੀ ਤਰਾਂ ਨਜ਼ਰਅੰਦਾਜ਼ ਕਰ ਦਿੱਤਾ ਸੀ ਪਰ ਸਾਨੂੰ ਯਾਦ ਰੱਖਣਾ ਪਵੇਗਾ ਕਿ ਸ਼ੁਰੂਆਤ ਤੋਂ ਹੀ ਅਮਰੀਕੀ ਡੈਮੋਕ੍ਰੇਟ ਰਾਸ਼ਟਰਪਤੀ ਮਨੁੱਖੀ ਅਧਿਕਾਰ, ਆਜ਼ਾਦੀ ਅਤੇ ਜਮਹੂਰੀਅਤ ਜਿਹੇ ਮੁੱਲਾਂ ਪ੍ਰਤੀ ਗੰਭੀਰ ਰਹੇ ਹਨ। ਅਮਰੀਕਾ ਜਮਹੂਰੀ ਦੇਸ਼ ਵਜੋਂ ਭਾਰਤ ਦੀ ਹਮਾਇਤ ਕਰਦਾ ਰਹੇਗਾ ਅਤੇ ਸਾਂਝੇ ਹਿੱਤਾਂ ’ਤੇ ਗੱਲਬਾਤ ਜਾਰੀ ਰਹੇਗੀ। ਹਾਲਾਂਕਿ ਬਾਇਡਨ ਦਾ ਫ਼ਿਰਕੂਵਾਦ ਅਤੇ ਕਸ਼ਮੀਰ ਬਾਰੇ ਨਜ਼ਰੀਆ ਵੱਖਰਾ ਹੋ ਸਕਦਾ ਹੈ।

ਜੇ ਅਸੀਂ ਅਮਰੀਕਾ ਦੀ ਪਾਕਿਸਤਾਨ ਨੀਤੀ ਨੂੰ ਦੇਖੀਏ ਤਾਂ ਪਾਕਿਸਤਾਨ ਨਾਲ ਬਾਇਡਨ ਦੇ ਸਬੰਧ ਇਸ ਗੱਲ ’ਤੇ ਨਿਰਭਰ ਹੋਣਗੇ ਕਿ ਅਫ਼ਗਾਨਿਸਤਾਨ ਵਿਚ ਚੀਜ਼ਾਂ ਕਿਸ ਤਰਾਂ ਅੱਗੇ ਵਧਦੀਆਂ ਹਨ। ਜਦੋਂ ਤਕ ਅਫ਼ਗਾਨਿਸਤਾਨ ’ਚ ਸ਼ਾਂਤੀ ਪ੍ਰਕਿਰਿਆ ਜਾਰੀ ਹੈ ਅਤੇ ਪਾਕਿਸਤਾਨ ਇਸ ਵਿਚ ਲੱਗਿਆ ਹੋਇਆ ਹੈ, ਉਦੋਂ ਤਕ ਬਾਇਡਨ ਇਸਲਾਮਾਬਾਦ ਨਾਲ ਨਜ਼ਦੀਕੀਆਂ ਯਕੀਨੀ ਬਣਾਉਣਾ ਚਾਹੁਣਗੇ। ਨਵੀਂ ਦਿੱਲੀ ਦੇ ਵਿਰੋਧ ਕਾਰਨ ਬਾਇਡਨ ਲਈ ਨਾ ਸਿਰਫ਼ ਪਾਕਿਸਤਾਨ ਨਾਲ ਸਬੰਧ ਗੂੜੇ ਕਰਨਾ ਮੁਸ਼ਕਲ ਹੋਵੇਗਾ ਸਗੋਂ ਇਸ ਲਈ ਵੀ ਕਿਉਂਕਿ ਇਸਲਾਮਾਬਾਦ ਦੇ ਅਮਰੀਕਾ ਦੇ ਸਭ ਤੋਂ ਵੱਡੇ ਮੁਕਾਬਲੇਬਾਜ਼ ਚੀਨ ਨਾਲ ਗੂੜੇ ਸਬੰਧ ਹਨ।

**(ਲੇਖਕ ਸਕੂਲ ਆਫ਼ ਇੰਟਰਨੈਸ਼ਨਲ ਸਟੱਡੀਜ਼, ਜੇਐੱਨਯੂ ਵਿਚ ਪ੍ਰੋਫੈਸਰ ਹੈ।)**

# ਸਿੱਖੀ ਦੀ ਸਿਧਾਂਤਕ ਹਸਤੀ, ਸ਼੍ਰੋਮਣੀ ਕਮੇਟੀ ਦਾ ਵਰਤਮਾਨ ਤੇ ਭਵਿੱਖ



- ਗੁਰਬਚਨ ਸਿੰਘ ਦੇਸ ਪੰਜਾਬ
9815698451

ਆਪਣੀ ਜ਼ਿੰਦਗੀ ਦੇ ਆਖ਼ਰੀ 18 ਸਾਲ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਬਿਤਾਏ। ਇੱਥੇ ਹੀ ਉਨਾਂ ਨੇ ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦਾ ਆਪਣਾ ਸਿਧਾਂਤ ਅਮਲ ਵਿਚ ਲਾਗੂ ਕੀਤਾ। ਆਪਣੇ ਪਰਿਵਾਰ ਅਤੇ ਮਾਪਿਆਂ ਨੂੰ ਵੀ ਉਹ ਇੱਥੇ ਹੀ ਲੈ ਆਏ। ਇਕ ਦਿਨ ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ ਕਿ 'ਪੁੱਤਰ ਤੂੰ ਜਿਸ ਮੰਤਰ ਨਾਲ ਰੱਬ ਦਾ ਧਿਆਨ ਧਰਦਾ ਹੈ, ਉਹ ਠੀਕ ਨਹੀਂ ਹੈ। ਵੈਸ਼ਨਵ ਲੋਕ ਤੀਰਥ ਯਾਤਰਾ ਕਰਨ ਲਈ ਜਾਂਦੇ ਹਨ। ਕੇਸਰ ਤੇ ਸੰਦਲ ਦੀਆਂ ਸੁਗੰਧੀਆਂ ਦਾ ਆਨੰਦ ਮਾਣਦੇ ਹਨ। ਕੀ ਉਨਾਂ ਨੂੰ ਕਿਸੇ ਚੀਜ਼ ਦੀ ਘਾਟ ਹੈ? ਫਿਰ ਤੂੰ ਤਿਲਕ ਨਹੀਂ ਲਾਉਂਦਾ। ਧੋਤੀ ਨਹੀਂ ਪਹਿਨਦਾ। ਚੌਂਕੇ ਦੀ ਕਾਰ ਵੀ ਨਹੀਂ ਕੱਢਦਾ। ਤੇਰੀ ਜ਼ਿੰਦਗੀ ਨਾ ਵੈਸ਼ਨਵਾਂ ਤੇ ਨਾ ਦੁਨਿਆਵੀ ਲੋਕਾਂ ਨਾਲ ਮਿਲਦੀ ਹੈ। ਨਾ ਤੂੰ ਤਿਆਗੀ ਹੈ। ਨਾ ਤੂੰ ਬੈਰਾਗੀ ਹੈ। ਨਾ ਤੂੰ ਤਾਂਤਰਿਕ ਹੈ। ਫਿਰ ਤੇਰੀ ਰੱਬ ਬਾਰੇ ਕੀ ਸਮਝ ਹੈ।'

ਗੁਰੂ ਸਾਹਿਬ ਦਾ ਉੱਤਰ ਹੈ :

**'ਕੁੰਗੂਕੀਕਾਂਇਆਰਤਨਾਕੀਲਲਿਤਾਅਗਰਿਵਾਸੁਤਨਿਸਾਸੁ॥**
**ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ॥**
**ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ।।**
**ਬਾਬਾ ਹੋਰ ਮਤਿ ਹੋਰ ਹੋਰ।।**
**ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ।।'**
**(ਗੁਰੂ ਗ੍ਰੰਥ ਸਾਹਿਬ, ਪੰਨਾ 17)**

ਯਥਾ ਇਹ ਸਰੀਰ ਕੇਸਰ ਦੀ ਨਿਆਈਂ ਹੈ। ਸਰੀਰ ਵਿਚਲੀ ਜਬਾਨ ਹੀਰੇ ਦੀ ਨਿਆਈਂ ਹੈ। ਇਸ ਸਰੀਰ ਵਿਚੋਂ ਸਾਹ ਦਾ ਚਲਣਾ ਅਗਰ ਦੀਆਂ ਸੁਗੰਧੀਆ ਬਿਖੇਰਣ ਵਾਂਗ ਹੈ। ਅਠਾਹਠ ਤੀਰਥਾਂ ਦੀ ਯਾਤਰਾ ਟਿਕੇ ਵਾਂਗ ਚਿਹਰੇ ਉੱਤੇ ਭਾਹ ਮਾਰ ਰਹੀ ਹੈ। ਹਿਰਦੇ ਵਿਚ ਮਤਿ ਭਾਵ ਸਿਆਣਪ ਖਿੜ ਰਹੀ ਹੈ। ਇਸ ਸਿਆਣਪ ਨਾਲ ਗੁਣਾਂ ਦੇ ਖ਼ਜ਼ਾਨੇ ਉਸ ਸਿਰਜਣਹਾਰ ਦੇ ਗੁਣ ਗਾਉਣੇ ਹੀ ਰੱਬ ਦਾ ਧਿਆਨ ਧਰਨਾ ਹੈ। ਬਾਬਾ ਭਾਵ ਹੇ ਸਿਆਣੇ ਦਾਨੇ ਮਨੁਖ! ਇਸ ਤੋਂ ਬਿਨਾਂ ਹੋਰ ਸਾਰੇ ਮਤਿ ਝੂਠੇ ਹਨ। ਝੂਠ ਨੂੰ ਭਾਵੇਂ ਸੌ ਵੇਰ ਧਿਆਈ ਜਾਈਏ ਪਰ ਉਸ ਨੇ ਝੂਠ ਹੀ ਰਹਿਣਾ ਹੈ।

ਮਹਿਤਾ ਕਾਲੂ ਆਪਣੇ ਪੁੱਤਰ ਦੀ ਰੱਬ ਬਾਰੇ ਇਸ ਸਮਝ ਨਾਲ ਸਹਿਮਤੀ ਪ੍ਰਗਟ ਕਰਦਿਆਂ ਫਿਰ ਪੁੱਛਦੇ ਹਨ, "ਉਨਾਂ ਲੋਕਾਂ ਬਾਰੇ ਕੀ ਖ਼ਿਆਲ ਹੈ, ਜਿਹੜੇ ਆਪਣੇ ਆਪ ਨੂੰ ਸੰਸਾਰ ਦੇ ਪੀਰ ਸਦਵਾਉਂਦੇ ਹਨ ਅਤੇ ਸਾਰੇ ਉਨਾਂ ਦੀ ਪੂਜਾ ਕਰਦੇ ਹਨ? ਕੀ ਉਨਾਂ ਦੀ ਸਿਆਣਪ ਅਮਰ ਹੈ?'

ਗੁਰੂ ਸਾਹਿਬ ਦਾ ਫ਼ੁਰਮਾਨ ਹੈ :

'ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ।।
ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ।।
ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ।।' (ਪੰਨਾ 17)

ਯਥਾ ਕਿਸੇ ਦੀ ਪੂਜਾ ਹੋਣ ਲਗ ਪਵੇ। ਉਹ ਆਪਣੇ ਆਪ ਨੂੰ ਪੀਰ ਸਦਵਾਉਣ ਲਗ ਪਵੇ। ਸਾਰੇ ਸੰਸਾਰ ਵਿਚ ਉਸਦੀ ਮਾਨਤਾ ਹੋ ਜਾਏ। ਉਹ ਆਪਣਾ ਕੋਈ ਖ਼ਾਸ ਨਾਂ ਰੱਖ ਲਏ। ਆਪਣੇ ਕੋਲ ਰਿੱਧੀਆਂ ਸਿੱਧੀਆਂ ਭਾਵ ਕਰਾਮਾਤੀ ਸ਼ਕਤੀਆਂ ਹੋਣ ਦਾ ਦਾਅਵਾ ਕਰੇ। ਪਰ ਜੇ ਉਸ ਸਿਰਜਣਹਾਰ ਦੇ ਦਰਬਾਰ ਵਿਚ ਪ੍ਰਵਾਨਗੀ ਨਹੀਂ ਮਿਲਦੀ ਤਾਂ ਇਹ ਸਾਰੀ ਪੂਜਾ ਫ਼ਜ਼ੂਲ ਹੈ। ਨਿਰੋਲ ਖੱਜਲ ਖ਼ੁਆਰੀ ਹੈ। (ਹਵਾਲਾ 'ਸਰਹਦਾਂ ਤੋਂ ਪਾਰ ਸਿਖ ਵਿਰਾਸਤ')

ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਸਾਹਿਬ ਨੇ ਆਪਣੇ ਮਤਿ ਦਾ ਆਰੰਭ ਇਹ ਕਹਿ ਕੇ ਕੀਤਾ : 'ਨਾ ਕੋਈ ਹਿੰਦੂ, ਨਾ ਮੁਸਲਮਾਨ।' ਜਦੋਂ ਸੁਆਲ ਪੈਦਾ ਹੋਇਆ ਕਿ ਅਸੀਂ ਫਿਰ ਕੀ ਹਾਂ? ਤਾਂ ਇਸ ਦਾ ਬੜਾ ਸਪਸ਼ਟ ਜੁਆਬ ਹੈ : 'ਜੋ ਬ੍ਰਹਮੰਡੇ ਸੋਈ ਪਿੰਡੇ।।' ਯਥਾ ਜੋ ਬ੍ਰਹਿਮੰਡ ਵਿਚ ਹੈ ਸੋਈ ਸਾਡੇ ਪਿੰਡੇ ਭਾਵ ਸਰੀਰ ਵਿਚ ਹੈ। ਸਾਡਾ ਇਹ ਸਰੀਰ ਸਾਡੇ ਆਲੇਦੁਆਲੇ ਪਸਰੇ ਬ੍ਰਹਿਮੰਡ ਦਾ ਹੀ ਇਕ ਅੰਸ਼ ਹੈ। 'ਬ੍ਰਹਮੇ ਪਸਾਰਾ ਬ੍ਰਹਮ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ।।' (ਪੰਨਾ 782) ਯਥਾ ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ। ਸਭ ਪਾਸੇ ਬ੍ਰਹਮ ਹੀ ਨਜ਼ਰ ਆਉਂਦਾ ਹੈ। ਬ੍ਰਹਮ ਦਾ ਸਥੂਲ ਰੂਪ ਬ੍ਰਹਿਮੰਡ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਧਾਰਨਾ ਦੀ ਪੁਸ਼ਟੀ ਕੀਤੀ ਗਈ ਹੈ : 'ਨਾ ਹਮ ਹਿੰਦੂ ਨ ਮੁਸਲਮਾਨ ਅਲਹ ਰਾਮ ਕੇ ਪਿੰਡ ਪਰਾਨ।।' ਯਥਾ ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਹਾਂ। ਸਾਡਾ ਇਹ ਸਰੀਰ ਅਤੇ ਜ਼ਿੰਦਗੀ ਇਸ ਬ੍ਰਹਿਮੰਡ ਦੇ ਕਣ ਕਣ ਵਿਚ ਰਮੇ ਹੋਏ ਅਲਹ, ਰਾਮ ਦੀ ਦੇਣ ਹੈ। ਭਾਵ ਗੁਰੂ ਦੇ ਸਿੱਖ ਦੀ ਮਨੁੱਖੀ ਹੋਂਦ ਬ੍ਰਹਿਮੰਡੀ ਹੈ। ਇਸੇ ਕਰਕੇ ਸਿੱਖ ਇਕ ਅਕਾਲ ਦਾ ਪੁਜਾਰੀ ਹੈ। ਇਸੇ ਕਰਕੇ ਉਹ ਹਰ ਵੇਲੇ ਸਰਬੱਤ ਦੇ ਭਲੇ ਅਤੇ ਸਰਬ-ਸਾਂਝੀਵਾਲਤਾ ਦੀ ਅਰਦਾਸ ਕਰਦਾ ਹੈ। ਇਸ ਅਰਦਾਸ ਵਿਚੋਂ ਹੀ 'ਹਮ ਰਾਖਤ ਪਾਤਿਸਾਹੀ ਦਾਵਾ', ਹਲੇਮੀ ਰਾਜ ਅਤੇ ਬੇਗਮਪੁਰਾ ਸਮਾਜ ਦੇ ਸੰਕਲਪ ਪੈਦਾ ਹੁੰਦੇ ਹਨ। ਭਾਵੇਂ ਇਹ ਪਛਾਣ ਧਰਤੀ ਦੇ ਕਿਸੇ ਖ਼ਿੱਤੇ ਨਾਲ ਬੱਝੀ ਹੋਈ ਨਹੀਂ ਪਰ ਇਹ ਪਛਾਣ ਆਪਣੇ ਖ਼ਿੱਤੇ ਦੇ ਲੋਕਾਂ ਦੀ ਪੂਰਨ ਮੁਕਤੀ ਭਾਵ ਆਤਮਿਕ ਰਾਜਸੀ ਅਤੇ ਆਰਥਿਕ ਮੁਕਤੀ ਲਈ ਸੰਘਰਸ਼ਸ਼ੀਲ ਹੋਣ ਲਈ ਵਚਨਬੱਧ ਹੈ। 'ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ।।' (ਪੰਨਾ 295) ਗੁਰਮਤਿ ਐਨ ਮੁੱਢ ਤੋਂ ਹੀ ਮਨੁੱਖੀ ਹੋਂਦ ਬਾਰੇ ਬ੍ਰਾਹਮਣਵਾਦ ਨਾਲੋਂ ਸਪਸ਼ਟ ਨਿਖੇੜਾ ਕਰ ਕੇ ਚਲਦੀ ਹੈ।

ਬ੍ਰਾਹਮਣਵਾਦ ਆਦਮ ਜਾਤੀ ਦਾ ਮੁੱਢ ਤਿੰਨ ਮਨ-ਕਲਪਿਤ ਦੇਵਤਿਆਂ ਬ੍ਰਹਮਾ ਬਿਸ਼ਨੂੰ ਮਹੇਸ਼ ਦੀ ਹੋਂਦ ਤੋਂ ਮੰਨਦਾ ਹੈ। ਉਸ ਦਾ ਮੰਨਣਾ ਹੈ ਕਿ ਬ੍ਰਹਮਾ ਮਨੁੱਖ ਨੂੰ ਪੈਦਾ ਕਰਦਾ ਹੈ। ਬਿਸਨ (ਵਿਸ਼ਣੂ) ਮਨੁੱਖ ਦੀ ਪਾਲਣਾ ਕਰਦਾ ਹੈ। ਮਹੇਸ (ਸ਼ਿਵਜੀ) ਮਨੁੱਖ ਦਾ ਅੰਤ ਕਰਦਾ ਹੈ। ਬ੍ਰਾਹਮਣਵਾਦ ਦੇ ਸ਼੍ਰੋਮਣੀ ਗ੍ਰੰਥ ਮਨੂ ਸਿਮ੍ਰਿਤੀ ਵਿਚ ਬ੍ਰਹਮਾ ਦੇ ਪੈਦਾ ਹੋਣ ਬਾਰੇ ਦੱਸਿਆ ਗਿਆ ਹੈ :

'ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣਿਆ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ ਤਾਂ ਫਿਰ ਆਪਣੀ ਇੱਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁੱਖੀ ਇੰਦਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ ਸਰਬ-ਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ- ਆਕਾਸ਼ ਆਦਿ ਮੂਲ ਤੱਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁੱਖੀ ਗਿਆਨ ਇੰਦਰੀਆਂ ਦੀ ਪਹੁੰਚ ਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ, ਉਹ ਖ਼ੁਦ ਪ੍ਰਗਟ ਹੋਏ। ਫਿਰ ਉਸ ਭਗਵਾਨ ਨੇ ਅਨੇਕ ਤਰਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇੱਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜ਼ਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਵਰਗੇ ਸ਼ੁੱਧ ਆਂਡੇ ਦਾ ਰੂਪ ਧਾਰਨ ਕਰ ਲਿਆ ਅਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।'

ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤਪਾਤ ਦੇ ਬੀਜ ਬੀਜੇ ਗਏ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿਤਾ ਗਿਆ। ਜਿਸ ਦਾ ਖਮਿਆਜ਼ਾ ਹੁਣ ਤਕ ਇਸ ਦੇ ਲਿਖੇ ਜਾਣ ਤੋਂ ਹਜ਼ਾਰਾਂ ਸਾਲਾਂ ਬਾਅਦ ਵੀ ਮਨੁੱਖ ਜਾਤੀ ਦਾ ਵੱਡਾ ਹਿੱਸਾ ਭੁਗਤ ਰਿਹਾ ਹੈ। ਮਨੂ ਸਿਮ੍ਰਿਤੀ ਦੇ ਸੂਤਰਾਂ ਵਿਚ ਜਾਤਪਾਤ ਨੂੰ ਧਾਰਮਿਕ ਰੰਗਤ ਦੇ ਕੇ ਇਨਾਂ ਨੂੰ ਮੰਨਣਾ ਇਕ 'ਰੱਬੀ' ਆਦੇਸ਼ ਬਣਾ ਦਿੱਤਾ ਗਿਆ। ਮਨੂ ਸਿਮ੍ਰਿਤੀ ਵਿਚ ਦਰਜ ਹੈ : 'ਉਸ ਮਹਾਨ ਤੇਜ਼ ਵਾਲੇ ਬ੍ਰਹਮਾ ਨੇ ਇਸ ਲੋਕ ਦੀ ਰੱਖਿਆ ਲਈ ਆਪਣੇ ਮੂੰਹ ਬਾਂਹਾਂ ਜੰਘਾ ਅਤੇ ਪੈਰਾਂ ਵਿਚੋਂ ਕ੍ਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਨਾਂ ਦੇ ਅੱਡ-ਅੱਡ ਕੰਮ ਨਿਸ਼ਚਿਤ ਕਰ ਦਿੱਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿੱਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖ਼ਤੀ ਨਾਲ ਸ਼ੂਦਰਾਂ ਨੂੰ ਉਨਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।'

ਇਹੀ ਮਨੂਵਾਦੀ ਸੋਚ ਅਤੇ ਇਸ ਦੇ ਆਧਾਰ ਉੱਤੇ ਬਣੀ ਬ੍ਰਾਹਮਣੀ ਮਾਨਸਿਕਤਾ ਨੇ ਅਗਲੇ ਸਮੇਂ ਵਿਚ ਵਰਣ ਵੰਡ ਨੂੰ ਜਾਤਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਹਜ਼ਾਰਾਂ ਖ਼ਾਨਿਆਂ ਵਿਚ ਵੰਡ ਦਿੱਤਾ। ਇਹੀ ਵੰਡ ਸਾਡੇ ਦੇਸ ਦੀਆਂ ਸਾਰੀਆਂ ਸਮੱਸਿਆਵਾਂ ਦੀ ਮੂਲ ਜੜ ਹੈ। ਇਸ ਵੰਡ ਦੇ ਆਧਾਰ ਉੱਤੇ ਬਣੀ ਸੋਚ ਅਤੇ ਮਾਨਸਿਕਤਾ ਹੀ ਸਮੂਹ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵੱਡੀ ਰੁਕਾਵਟ ਹੈ।

ਮਨੁੱਖੀ ਸਮਾਜ ਦੇ ਐਨ ਮੁੱਢ ਵਿਚ ਕੁਦਰਤੀ ਤੌਰ ਉੱਤੇ ਵਿਕਸਿਤ ਹੋਇਆ ਔਰਤ ਪ੍ਰਧਾਨ ਸਮਾਜ ਭਾਰੂ ਸੀ। ਬਾਅਦ ਵਿਚ ਜਦੋਂ ਨਿੱਜੀ ਜਾਇਦਾਦ ਉੱਤੇ ਆਧਾਰਿਤ ਪਿਤਾ-ਪੁਰਖੀ ਮਰਦ ਪ੍ਰਧਾਨ ਸਮਾਜ ਹੋਂਦ ਵਿਚ ਆਇਆ ਤਾਂ ਕੁਦਰਤੀ ਦਸਤੂਰ ਦੇ ਉਲਟ ਬਣੇ ਇਸ ਜਾਤਪਾਤੀ ਸਮਾਜ ਦੀ ਜਾਇਜ਼ਤਾ ਠਹਿਰਾਉਣ ਲਈ ਕਿਸੇ ਜਾਅਲੀ 'ਰੱਬੀ' ਹਸਤੀ ਦਾ ਮਾਨਸਿਕ ਬਿੰਬ ਘੜਨ ਦੀ ਲੋੜ ਪਈ। ਉਸੇ ਲੋੜ ਵਿਚੋਂ ਇਕ ਛੋਟੇ ਜਿਹੇ ਸ੍ਰੇਸ਼ਠ ਪੁਜਾਰੀ (ਬ੍ਰਾਹਮਣ) ਵਰਗ ਨੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਦੀ 'ਰੱਬੀ' ਹਸਤੀ ਦਾ ਮਾਨਸਿਕ ਬਿੰਬ ਘੜ ਲਿਆ। ਆਪਣੇ ਆਪ ਨੂੰ 'ਰੱਬੋਂ' ਉੱਚ ਜਾਤੀ ਸਾਬਤ ਕਰਨ ਵਾਸਤੇ ਸਮਾਜ ਵਿਚ ਕਰਮਕਾਂਡ, ਵਰਣ ਵੰਡ ਅਤੇ ਜਾਤਪਾਤੀ ਕੋਹੜ ਫੈਲਾਉਣ ਦਾ ਧਾਰਮਿਕ ਆਧਾਰ ਤਿਆਰ ਕਰਨ ਲਈ ਬ੍ਰਹਮਾ ਦੇ ਰੂਪ ਵਿਚ ਘੜੀ ਗਈ ਇਹੀ ਮਾਨਸਿਕ ਕਲਪਨਾ ਅੱਜ ਤਕ ਮਨੁੱਖ ਜਾਤੀ ਨੂੰ ਉਚ-ਨੀਚ ਵਿਚ ਵੰਡਣ ਅਤੇ ਅਨੇਕ ਕਿਸਮ ਦੇ ਕਰਮਕਾਂਡੀ ਭਰਮ ਜਾਲ ਫੈਲਾਉਣ ਦਾ ਮੂਲ ਆਧਾਰ ਬਣੀ ਹੋਈ ਹੈ। ਗੁਰਮਤਿ ਨੇ ਮਨੂਵਾਦ ਅਤੇ ਇਸ ਦੇ ਪ੍ਰਗਟ ਰੂਪ ਬ੍ਰਾਹਮਣਵਾਦ ਦੇ ਮੁੱਢ ਬ੍ਰਹਮਾ ਦੀ ਹੋਂਦ ਨੂੰ ਮੁਲੋਂ ਹੀ ਨਕਾਰ ਕੇ ਬ੍ਰਾਹਮਣਵਾਦ ਦੀ ਜੜ ਹੀ ਪੁੱਟ ਦਿੱਤੀ ਹੈ।

'ਬ੍ਰਹਮਾ ਬਿਸਨੁ ਮਹੇਸੁ ਨ ਕੋਈ।।'(ਪੰਨਾ 1035) ਯਥਾ ਬ੍ਰਹਮਾ ਬਿਸਨ ਮਹੇਸ ਦੀ ਕੋਈ ਹੋਂਦ ਨਹੀਂ।

'ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ।।' (ਪੰਨਾ 559)

ਯਥਾ ਬ੍ਰਹਮਾ ਦੇ ਨਾਂ ਉੱਤੇ ਜਿਹੜਾ ਵੇਦਾਂ ਦਾ ਗਿਆਨ ਦਿੱਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਅਤੇ ਝੂਠ ਹੈ। ਗੁਰਮਤਿ ਨੇ ਇਹ ਗਿਆਨ ਵੀ ਦਿੱਤਾ ਹੈ :

'ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ।। ਮਾਇਆ ਮੋਹੁ ਪਸਰਿਆ ਪਸਾਰਾ।।
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ।।' (ਪੰਨਾ 1053)

ਯਥਾ ਸਿਮ੍ਰਿਤੀਆਂ ਤੇ ਸ਼ਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਮਨ-ਕਲਪਿਤ ਝੂਠ ਅਤੇ ਝੂਠੇ ਕਰਮਕਾਂਡ ਦਾ ਪਸਾਰਾ ਹੈ। ਮੂਰਖ ਮਨੁੱਖ ਇਨਾਂ ਪੜਦਾ ਹੈ ਪਰ ਸ਼ਬਦ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਆਤਮਿਕ ਗਿਆਨ ਵਲ ਮੂੰਹ ਕਰਨ ਵਾਲਾ ਕੋਈ ਵਿਰਲਾ ਮਨੁੱਖ ਹੀ ਇਸ ਦਾ ਭੇਦ ਪਾ ਸਕਦਾ ਹੈ।

'ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ।।ਸਾਂਕਲ ਜੇਵਰੀ ਲੈ ਹੈ ਆਈ।।
ਆਪਨ ਨਗਰੁ ਆਪ ਤੇ ਬਾਧਿਆ।। ਮੋਹ ਕੈ ਫਾਧਿ ਕਾਲ ਸਰੁ ਸਾਂਧਿਆ।। ਰਹਾਉ।।
ਕਟੀ ਨ ਕਟੈ ਤੂਟਿ ਨਹ ਜਾਈ।।ਸਾ ਸਾਪਨਿ ਹੋਇ ਜਗੁ ਕਉ ਖਾਈ।।' (ਪੰਨਾ 329)

ਯਥਾ ਵੇਦ ਹੀ ਸਿਮ੍ਰਿਤੀਆਂ ਦੇ ਜਨਕ ਹਨ। ਇਨਾਂ ਵਿਚਲਾ ਗਿਆਨ ਮਨੁੱਖੀ ਮਨ ਨੂੰ ਪਏ ਸੰਗਲ ਅਤੇ ਜ਼ੰਜੀਰਾਂ ਵਾਂਗ ਹਨ। ਇਹ ਇੰਝ ਹੈ ਜਿਵੇਂ ਕੋਈ ਮਨੁੱਖ ਆਪਣੇ ਆਲੇ ਦੁਆਲੇ ਆਪ ਹੀ ਜਾਲ ਬੁਣ ਲਏ ਅਤੇ ਫਿਰ ਉਸ ਦੇ ਮੋਹ ਵਿਚ ਆਪ ਹੀ ਫਸ ਕੇ ਮਰ ਜਾਏ। ਸਾਰੇ ਯਤਨਾਂ ਦੇ ਬਾਵਜੂਦ ਜਿਹੜਾ ਜਾਲ ਕੱਟਿਆ ਨਹੀਂ ਜਾ ਸਕਦਾ ਅਤੇ ਜਿਹੜਾ ਸੱਪਣੀ ਦਾ ਰੂਪ ਧਾਰ ਕੇ ਜਗਤ ਨੂੰ ਖਾ ਰਿਹਾ ਹੈ।

'ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ।।' (ਪੰਨਾ 747)

'ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀਂ ਕੀਮਤਿ ਪਾਈ ।।' (ਪੰਨਾ 747)

ਯਥਾ ਵੇਦ ਕਤੇਬ ਸਿਮ੍ਰਿਤੀਆਂ ਤੇ ਸਾਰੇ ਸ਼ਾਸਤਰ ਪੜ ਕੇ ਵੀ (ਮਨ ਦੀ) ਮੁਕਤੀ ਨਹੀਂ ਮਿਲਦੀ। ਵੇਦ ਪੜ ਪੜ ਕੇ ਬ੍ਰਹਮੇ ਵਰਗੇ ਅਨੇਕ ਹਾਰ ਹੰਭ ਗਏ ਪਰ ਉਨਾਂ ਨੇ ਉਸ ਇਕ (ਸਿਰਜਣਹਾਰ) ਦੀ ਰੱਤੀ ਭਰ ਵੀ ਕੀਮਤ ਨਹੀਂ ਜਾਣੀ।

ਗੁਰਮਤਿ ਅਤੇ ਬ੍ਰਾਹਮਣਵਾਦ ਵਿਚ ਇਹੀ ਬੁਨਿਆਦੀ ਟਕਰਾਅ ਹੈ। ਗੁਰਮਤਿ ਠੋਸ ਹਕੀਕਤ ਤੋਂ ਤੁਰਦੀ ਹੈ ਜਦੋਂ ਕਿ ਬ੍ਰਾਹਮਣਵਾਦ ਦੀ ਟੇਕ ਨਿਰੋਲ ਮਾਨਸਿਕ ਕਲਪਨਾ ਉੱਤੇ ਆਧਾਰਿਤ ਹੈ। ਇਹ ਦੋਵੇਂ ਇਕ ਦੂਜੇ ਨਾਲ ਇਕੱਠੇ ਨਹੀਂ ਚੱਲ ਸਕਦੇ। ਗੁਰੂ ਨਾਨਕ ਸਾਹਿਬ ਨੇ ਆਪਣੀ ਬ੍ਰਹਿਮੰਡੀ ਸੋਚ ਅਨੁਸਾਰ ਮਨੁੱਖੀ ਸਮਾਜ ਦੇ ਵਿਕਾਸ ਦਾ ਜੋ ਨਿਰਣਾ ਕੀਤਾ ਉਹ ਮੂਲ ਮੰਤਰ ਵਿਚ ਦਰਜ ਹੈ। ਗੁਰਮਤਿ ਮਨੁੱਖ ਨੂੰ ਕੁਦਰਤੀ ਨੇਮਾਂ ਦੇ ਅਧੀਨ ਚੱਲਣ ਦਾ ਆਦੇਸ਼ ਦੇਂਦੀ ਹੈ। ਗੁਰੂ ਸਾਹਿਬ ਕੁਦਰਤ ਦੇ ਕਰਤਾ ਨੂੰ 'ਸਿਰਜਣਹਾਰ' ਦਾ ਨਾਂ ਦੇ ਕੇ ਇਹ ਸਿੱਧ ਕਰਦੇ ਹਨ ਕਿ ਸਮਾਂ ਅਤੇ ਪੁਲਾੜ ਆਦਿ-ਅੰਤ ਤੋਂ ਰਹਿਤ ਹਨ। ਬਾਅਦ ਵਿਚ ਇਸ ਧਾਰਨਾ ਦੀ ਪੁਸ਼ਟੀ 20ਵੀਂ ਸਦੀ ਦੇ ਮਹਾਨ ਵਿਗਿਆਨੀ ਆਈਨਸਟਾਈਨ ਨੇ ਆਪਣੇ 'ਟਾਈਮ ਅਤੇ ਸਪੇਸ' ਦੇ ਰਿਸ਼ਤੇ ਦੀ ਵਿਆਖਿਆ ਰਾਹੀਂ ਕੀਤੀ ਹੈ। ਗੁਰੂ ਸਾਹਿਬ ਦੇ ਸਮੇਂ ਯੂਰਪ ਅਜੇ ਇਸ ਦੁਵਿਧਾ ਵਿਚ ਸੀ ਕਿ ਧਰਤੀ ਗੋਲ ਹੈ ਜਾਂ ਚਪਟੀ ਤੇ ਇਹ ਸੂਰਜ ਗਿਰਦ ਘੁੰਮਦੀ ਹੈ ਜਾਂ ਸੂਰਜ ਇਸ ਦੇ ਗਿਰਦ ਘੁੰਮਦਾ ਹੈ। ਪੱਛਮੀ ਦੇਸਾਂ ਵਿਚ ਉਦੋਂ ਇਹ ਸਭ ਤੋਂ ਵੱਡਾ ਮਤਭੇਦ ਸੀ ਕਿ ਹਕੀਕਤ ਸਥੂਲ ਹੈ ਜਾਂ ਕਲਪਨਾ। ਗੁਰੂ ਸਾਹਿਬ ਕੁਦਰਤ ਨੂੰ 'ਹੋਂਦ ਰੂਪ' ਯਥਾ 'ਸਥੂਲ' ਭਾਵ ਸੱਚ (ਸਤਿ) ਮੰਨਦੇ ਹਨ। ਸਾਰੇ ਵੱਡੇ ਧਰਮਾਂ ਦੇ ਰਹਿਬਰਾਂ ਨੇ ਆਪਣੇ ਵਿਚਾਰਾਂ ਅਧੀਨ ਜੋ ਦੇਣ ਦਿੱਤੀ, ਉਸ ਦਾ ਆਧਾਰ ਉਨਾਂ ਆਪਣੇ ਸਮੇਂ ਦੀ ਕੁਦਰਤ ਪ੍ਰਤੀ ਬਣੀ ਆਪਣੀ ਸੋਝੀ ਹੈ। ਸਿੱਖੀ ਤੋਂ ਪਹਿਲਾਂ ਲਗਪਗ ਸਾਰੇ ਧਰਮਾਂ ਵਿਚ ਕਰਾਮਾਤ ਉਨਾਂ ਦੇ ਰਹਿਬਰਾਂ ਦੀ ਵਿਚਾਰਧਾਰਾ ਵਿਚ ਬੜੀ ਮਜ਼ਬੂਤੀ ਨਾਲ ਸਥਾਪਿਤ ਹੈ। ਪਰ ਇਹ ਮਾਣ ਗੁਰੂ ਨਾਨਕ ਸਾਹਿਬ ਅਤੇ ਉਨਾਂ ਦੀ ਵਿਚਾਰਧਾਰਾ ਨੂੰ ਮਿਲਿਆ ਕਿ ਸਿੱਖੀ ਵਿਚ ਕਰਾਮਾਤ ਦੀ ਕੋਈ ਥਾਂ ਨਹੀਂ।

ਗੁਰੂ ਸਾਹਿਬਾਨ ਨੇ 239 ਸਾਲ ਇਸੇ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚਾਰਧਾਰਾ ਨੂੰ ਅਮਲ ਵਿਚ ਢਾਲਣ ਲਈ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ। ਜਿਸ ਦਾ ਨਿਸ਼ਾਨਾ ਮਿਥਿਆ ਗਿਆ 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ।' ਇੱਥੇ ਆਕੀ ਹੋਣ ਦਾ ਭਾਵ-ਅਰਥ ਕੁਦਰਤੀ ਨੇਮਾਂ ਤੋਂ ਆਕੀ ਹੋਣਾ ਹੈ। ਯਥਾ ਅਜਿਹੇ ਰਾਜ ਤੇ ਸਮਾਜ ਦੀ ਸਿਰਜਣਾ ਕਰਨੀ, ਜਿਸ ਵਿਚ ਸਾਰੇ ਮਨੁੱਖ ਕੁਦਰਤੀ ਨੇਮਾਂ ਅਧੀਨ ਭਾਵ ਕੁਦਰਤ ਨਾਲ ਇਕਸੁਰਤਾ ਵਿਚ ਰਹਿ ਕੇ ਜੀਵਨ ਬਤੀਤ ਕਰਨ। ਇਸੇ ਤਰਜ਼ ਦੇ ਰਾਜ ਨੂੰ ਸਥਾਪਿਤ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਧਰਤੀ ਉੱਤੇ ਇਕ ਬੇਮਿਸਾਲ ਯੁੱਧ ਲੜਿਆ। ਪਰ ਮਨੂਵਾਦ ਦੇ ਪੈਰੋਕਾਰ ਸਿੱਖਾਂ ਦੇ ਇਕ ਹਿੱਸੇ ਨੇ ਜਾਤਪਾਤ ਦੇ ਆਧਾਰ ਉੱਤੇ ਪੰਥ ਵਿਚ ਫੁੱਟ ਪੁਆ ਕੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀਆਂ ਨੂੰ ਪੰਥ ਵਿਚੋਂ ਛੇਕ ਦਿੱਤਾ। ਪੰਥ ਵਿਚ ਪਈ ਇਸ ਫੁੱਟ ਕਾਰਨ ਗੁਰਦਾਸ ਨੰਗਲ ਦੀ ਗੜੀ ਨੂੰ ਅੱਠ ਮਹੀਨੇ ਦੇ ਪਏ ਘੇਰੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਮੁਗ਼ਲ ਫ਼ੌਜ ਦੇ ਕਾਬੂ ਆ ਗਏ ਅਤੇ ਦਿੱਲੀ ਲਿਜਾ ਕੇ ਬੜੀ ਬੇਰਹਿਮੀ ਨਾਲ ਸ਼ਹੀਦ ਕੀਤੇ ਗਏ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸਰਕਾਰ ਖ਼ਾਲਸਾ ਕਾਇਮ ਹੋਈ ਪਰ ਸਿੱਖੀ ਸਿਧਾਂਤਾਂ ਤੋਂ ਇਕ ਵਾਰ ਥਿੜਕਿਆ ਸਿੱਖ ਪੰਥ ਫਿਰ ਕਦੀ ਵੀ ਪੈਰਾਂ ਸਿਰ ਖੜਾ ਨਾ ਹੋ ਸਕਿਆ। ਬੇਦੀ ਸੋਢੀ ਗੁਰੂ ਪਰਿਵਾਰਾਂ ਨੇ ਆਪਣੇ ਆਪਣੇ ਗੁਰੂ ਡੰਮ ਸਥਾਪਤ ਕਰ ਲਏ ਅਤੇ ਸਿੱਖਾਂ ਨੂੰ ਇਕ ਵਾਰ ਫਿਰ ਮਨੂਵਾਦੀ ਜਾਤਪਾਤ ਤੇ ਬ੍ਰਾਹਮਣੀ ਕਰਮਕਾਂਡ ਦੀ ਦਲਦਲ ਵਿਚ ਧੱਕ ਦਿੱਤਾ।

ਪੰਜਾਬ ਉੱਤੇ ਅੰਗਰੇਜ਼ ਸਾਮਰਾਜੀਆਂ ਦਾ ਕਬਜ਼ਾ 1849 ਵਿਚ ਹੋਇਆ। ਸਿੱਖ ਫ਼ੌਜਾਂ ਨੇ ਜਿਸ ਦਲੇਰੀ ਅਤੇ ਸੂਰਮਗਤੀ ਨਾਲ ਸਾਮਰਾਜੀ ਫ਼ੌਜ ਦਾ ਮੁਕਾਬਲਾ ਕੀਤਾ, ਉਸ ਨੇ ਇਕ ਗੱਲ ਅੰਗਰੇਜ਼ ਸਾਮਰਾਜੀਆਂ ਦੇ ਦਿਮਾਗਾਂ ਵਿਚ ਬਿਠਾ ਦਿੱਤੀ ਕਿ ਜੇ ਉਨਾਂ ਨੇ ਹਿੰਦੁਸਤਾਨ ਉੱਤੇ ਰਾਜ ਕਰਨਾ ਹੈ ਤਾਂ ਸਿੱਖਾਂ ਨੂੰ ਪੂਰੀ ਤਰਾਂ ਕਾਬੂ ਕਰ ਕੇ ਰੱਖਣਾ ਪਵੇਗਾ। ਯੂਰਪ ਵਿਚ ਉੱਭਰ ਰਹੇ ਪੂੰਜੀਵਾਦ ਨੇ ਲੋਕਾਂ ਨੂੰ ਕਾਬੂ ਕਰਨ ਦੇ ਸਾਮਰਾਜ ਨੂੰ ਦੋ ਹੀ ਢੰਗ ਸਿਖਾਏ ਸਨ। ਮਨੁੱਖੀ ਸਵੈਮਾਣ ਲਈ ਲੜ ਰਹੇ ਲੋਕਾਂ ਦੇ ਬਾਗ਼ੀ ਕਣ ਨੂੰ ਜਬਰ ਨਾਲ ਕੁਚਲਨਾ ਅਤੇ ਲੋਕਾਂ ਦੇ ਮਾਨਸਿਕ ਤੌਰ ਉੱਤੇ ਬਿਮਾਰ ਹਿੱਸੇ ਨੂੰ ਪਦਾਰਥਕ ਸਹੂਲਤਾਂ ਦਾ ਲਾਲਚ ਦੇ ਕੇ ਭਰਮਾਉਣਾ। ਪੰਜਾਬ ਅੰਦਰ ਉਨਾਂ ਇਹ ਦੋਵੇਂ ਹੀ ਢੰਗ ਅਪਣਾਏ। ਸਿੱਖ ਫ਼ੌਜੀਆਂ ਨੂੰ ਜਬਰੀ ਬੇਹਥਿਆਰੇ ਕੀਤਾ ਗਿਆ, ਪਿੰਡਾਂ ਨੂੰ ਘੇਰੇ ਪਾ ਕੇ ਉਨਾਂ ਕੋਲੋਂ ਛੋਟੇ ਤੋਂ ਛੋਟਾ ਹਥਿਆਰ ਵੀ ਖੋਹਿਆ ਗਿਆ ਅਤੇ ਫਿਰ ਹਰੇਕ ਉੱਠ ਰਹੀ ਬਾਗ਼ੀ ਲਹਿਰ ਨੂੰ ਵਹਿਸ਼ੀ ਜਬਰ ਨਾਲ ਕੁਚਲਿਆ। ਨਾਮਧਾਰੀ ਲਹਿਰ ਉੱਤੇ ਹੋਇਆ ਵਹਿਸ਼ੀ ਜਬਰ ਇਸ ਵਰਤਾਰੇ ਦੀ ਉੱਘੜਵੀਂ ਮਿਸਾਲ ਹੈ। ਸੁਭਾਵਿਕ ਹੈ ਕਿ ਆਗੂ ਰਹਿਤ ਸਿੱਖ ਪੰਥ ਘੋਰ ਨਿਰਾਸ਼ਾ, ਬਦਜਨੀ ਤੇ ਖਿੰਡਾਅ ਦਾ ਸ਼ਿਕਾਰ ਹੋ ਕੇ ਸਿੱਖ ਕਦਰਾਂ-ਕੀਮਤਾਂ ਤੋਂ ਪਤਿਤ ਹੁੰਦਾ-ਹੁੰਦਾ ਇਕ ਵਾਰ ਫਿਰ ਆਲ਼ੇ-ਦੁਆਲੇ ਪਸਰੇ ਮੂਰਤੀ-ਮਾਇਆ ਪੂਜਾ, ਮਨੂਵਾਦੀ ਸੋਚ ਅਤੇ ਬ੍ਰਾਹਮਣਵਾਦੀ ਕਰਮਕਾਂਡ ਦੀ ਦਲ-ਦਲ ਵਿਚ ਜਾ ਧਸਿਆ। ਅੰਗਰੇਜ਼ ਸਾਮਰਾਜੀਆਂ ਦੀ ਪੰਜਾਬੀਆਂ ਨੂੰ ਹਰੇਕ ਪੱਧਰ ਉੱਤੇ ਵੰਡਣ ਦੀ ਨੀਤੀ ਅਧੀਨ ਪੰਜਾਬੀ ਸਮਾਜ ਦੇ ਪਿਛੋਕੜ ਵਿਚ ਪਈਆਂ ਇਤਿਹਾਸਕ ਵੰਡਾਂ ਨੂੰ ਉਭਾਰਿਆ ਗਿਆ ਅਤੇ ਪਹਿਲੀ ਵਾਰ ਜਨ ਸਮੂਹਾਂ ਦੀ ਧਰਮਾਂ ਦੇ ਆਧਾਰ ਉੱਤੇ ਗਿਣਤੀ ਕਰਵਾ ਕੇ ਹਰੇਕ ਧਰਮ ਨੂੰ ਇਕ ਦੂਜੇ ਦੇ ਮੁਕਾਬਲੇ ਖੜਾ ਕਰ ਦਿੱਤਾ ਗਿਆ। ਸਾਮਰਾਜੀ ਰਾਜ ਵਿਚ ਪੱਛਮੀ ਤਰਜ਼ ਦੀ ਆਈ ਵਿੱਦਿਆ ਕਾਰਨ ਸਿੱਖਾਂ ਨੇ ਵੀ ਆਪਣੀ ਸਿਧਾਂਤਕ ਆਗੂ ਹੋਂਦ ਨੂੰ ਅਣਗੌਲਿਆ ਕਰ ਕੇ ਗਿਣਤੀਆਂ ਮਿਣਤੀਆਂ ਨੂੰ ਤਰਜੀਹ ਦੇਣੀ ਆਰੰਭ ਦਿੱਤੀ ਅਤੇ ਆਪਣੇ ਆਪ ਨੂੰ ਘੱਟ ਗਿਣਤੀ ਤਸਲੀਮ ਕਰ ਲਿਆ। ਬਾਕੀ ਸਫ਼ਾ 28 'ਤੇ


ਵਾਰਿਸ ਪੰਜਾਬ ਦੇ
ਆਉ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਹਰਿਆਣਾ ਸਰਕਾਰ ਭਜਨ ਲਾਲ ਦੇ ਰਾਹ, ਕਿਸਾਨੀ ਅੰਦੋਲਨ ਨੂੰ ਕੁਚਲਣ ਦੇ ਰਾਹ

## ✪ ਦਿੱਲੀ ਚੱਲੋ ਅੰਦੋਲਨ ਕਾਰਣ ਪੰਜਾਬ ਦੇ ਸੈਂਕੜੇ ਕਿਸਾਨ ਹਰਿਆਣਾ ਪੁਲੀਸ ਨੇ ਸਰਹੱਦ 'ਤੇ ਰੋਕੇ ✪ ਸਖ਼ਤੀ ਦੇ ਮੂਡ ਵਿਚ ਹਰਿਆਣਾ ਸਰਕਾਰ ✪ ਹਰਿਆਣਾ ਸਰਕਾਰ ਨੇ ਦਰਜਨਾਂ ਕਿਸਾਨ ਨੇਤਾਵਾਂ ਨੂੰ ਕੀਤਾ ਗ੍ਰਿਫਤਾਰ- ਯੋਗੇਂਦਰ ਯਾਦਵ ✪ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਗੱਲਬਾਤ ਲਈ 3 ਦਸੰਬਰ ਦਾ ਦਿੱਤਾ ਸੱਦਾ ✪ 26-27 ਨਵੰਬਰ ਤੋਂ ਬਾਅਦ ਹੀ ਗੱਲਬਾਤ ਬਾਰੇ ਲਿਆ ਜਾਵੇਗਾ ਫ਼ੈਸਲਾ- ਏ.ਆਈ.ਕੇ.ਐੱਸ.ਸੀ.ਸੀ. ✪ ਸਰਹੱਦ ਦੇ ਲਾਂਘਿਆਂ 'ਤੇ ਕਿਸਾਨਾਂ ਨੇ ਸਟੇਜਾਂ ਅਤੇ ਲੰਗਰ ਲਗਾਏ




**ਚੰਡੀਗੜ੍ਹ/ਏ.ਟੀ.ਨਿਊਜ਼:** ਪੰਜਾਬ ਦੇ ਸੈਂਕੜੇ ਕਿਸਾਨ ਬੁੱਧਵਾਰ ਸਵੇਰੇ ਹਰਿਆਣਾ ਦੇ ਨਾਲ ਲੱਗਦੀ ਅੰਤਰਰਾਜੀ ਸਰਹੱਦ 'ਤੇ ਇਕੱਠੇ ਹੋਣੇ ਸ਼ੁਰੂ ਹੋ ਗਏ। ਕਿਸਾਨਾਂ ਨੇ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਦਿੱਲੀ ਚੱਲੋ ਦੇ ਸੱਦੇ ਤਹਿਤ ਰਾਜਧਾਨੀ ਜਾਣਾ ਹੈ। ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਦੀ ਭਾਜਪਾ ਸਰਕਾਰ ਭਜਨ ਲਾਲ ਦੇ ਰਾਹਾਂ ਉਪਰ ਚਲ ਪਈ ਹੈ ਜਿਸ ਨੇ ਧਰਮਯੁਧ ਅੰਦੋਲਨ ਦੌਰਾਨ ਫਿਰਕੂ ਪਤਾ ਖੇਡਕੇ ਪੰਜਾਬੀਆਂ ਉਪਰ ਫਿਰਕੂ ਹਮਲੇ ਕਰਵਾਏ ਤੇ ਪੁਲੀਸ ਰਾਹੀਂ ਧਰਮ ਯੁਧ ਅੰਦੋਲਨ ਦਾ ਰਾਹ ਰੋਕਕੇ ਤਸ਼ਦਦ ਕਰਵਾਇਆ ਤੇ ਜੇਲਾਂ ਵਿਚ ਡਕਿਆ। ਹੁਣ ਖਟੜ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੇ ਇਕੱਠ ਨੂੰ ਰੋਕਣ ਲਈ ਸੀਆਰਪੀਸੀ ਦੀ ਧਾਰਾ 144 ਲਾਗੂ ਕੀਤੀ ਹੈ।ਦਿੱਲੀ ਤੋਂ ਹਰਿਆਣਾ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ 'ਤੇ ਭਾਰੀ ਪੁਲਿਸ ਤਾਇਨਾਤ ਕੀਤੀ ਗਈ ਹੈ। ਕਿਸਾਨਾਂ ਲਈ ਰਾਸ਼ਨ ਲੈ ਕੇ ਜਾਣ ਵਾਲੇ ਟਰੱਕਾਂ ਨੂੰ ਪਹਿਲਾਂ ਹੀ ਭਾਜਪਾ ਸ਼ਾਸਿਤ ਸੂਬਿਆਂ ਵਿੱਚੋਂ ਲੰਘਣ ਨਹੀਂ ਦਿੱਤਾ ਜਾ ਰਿਹਾ। ਬੀਤੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐਲਾਨ ਕਰਕੇ ਸੂਬੇ ਦੀਆਂ ਸਾਰੀਆਂ ਸਰਹੱਦਾਂ ਨੂੰ ਸੀਲ ਕਰ ਦਿੱਤਾ ਗਿਆ ਹੈ, ਬਾਰਡਰਾਂ 'ਤੇ ਧਾਰਾ 144 ਲਾਗੂ ਕਰ ਦਿੱਤੀ ਗਈ ਹੈ, ਨਾਲ ਹੀ ਪੁਲਿਸ ਨੂੰ ਸਖ਼ਤੀ ਅਖ਼ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਕਿਸਾਨ ਯੂਨੀਅਨਾਂ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਉਨ੍ਹਾਂ ਨੂੰ ਜਿੱਥੇ ਵੀ ਰੋਕਿਆ ਗਿਆ ਉਹ ਅਣਮਿੱਥੇ ਸਮੇਂ ਲਈ ਉਸੇ ਥਾਂ 'ਤੇ ਧਰਨੇ ਲਾਉਣ ਲਈ ਤਿਆਰ ਹਨ।

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਹਰਿਆਣਾ ਦੇ ਮੁਖ ਮੰਤਰੀ ਮਨੋਹਰ ਲਾਲ ਖੱਟੜ ਨੇ ਪੰਜਾਬ ਦੇ ਕਿਸਾਨਾਂ ਲਈ ਸਰਹੱਦ ਸੀਲ ਕਰਕੇ ਇਹ ਸਾਬਤ ਕੀਤਾ ਹੈ ਕਿ ਪੰਜਾਬ ਭਾਰਤ ਦਾ ਹਿੱਸਾ ਨਹੀਂ ਹੈ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਕਿਸਾਨ ਸ਼ਾਂਤੀਪੂਰਨ ਢੰਗ ਨਾਲ ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਮਾਰਗਾਂ ਨੂੰ ਬਲਾਕ ਕਰਨਗੇ ਅਤੇ ਸੜਕਾਂ 'ਤੇ ਹੀ ਧਰਨਾ ਸ਼ੁਰੂ ਕਰ ਦੇਣਗੇ।

ਪੁਲੀਸ ਨੇ ਰਾਜ ਵਿੱਚ ਤਕਰੀਬਨ 100 ਕਿਸਾਨ ਨੇਤਾਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਦੱਸ ਦਈਏ ਕਿ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ 'ਚ 26-27 ਨਵੰਬਰ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਸੀ। ਬੇਸ਼ੱਕ ਕਿਸਾਨਾਂ ਨਾਲ ਕੇਂਦਰ ਦੀ ਇੱਕ ਮੀਟਿੰਗ ਹੋ ਚੁੱਕੀ ਹੈ ਤੇ ਇੱਕ ਅਜੇ 3 ਦਸੰਬਰ ਨੂੰ ਹੋਣੀ ਹੈ ਪਰ ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਤਕ ਮੋਦੀ ਸਰਕਾਰ ਇਹ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰਦੀ, ਉਹ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਕਿਸਾਨਾਂ ਪ੍ਰਤੀ 26-27 ਨਵੰਬਰ ਨੂੰ ਅਪਣਾਏ ਜਾਣ ਵਾਲੇ ਰੁਖ਼ ਤੋਂ ਬਾਅਦ ਹੀ ਗੱਲਬਾਤ ਬਾਰੇ ਫ਼ੈਸਲਾ ਲਿਆ ਜਾਵੇਗਾ। ਇਸ ਦੇ ਨਾਲ ਹੀ ਬੀ.ਕੇ.ਯੂ. (ਡਕੌਂਦਾ) ਦੇ ਆਗੂ ਜਗਮੋਹਨ ਸਿੰਘ ਨੇ ਅੱਗੇ ਇਹ ਵੀ ਕਿਹਾ ਕਿ ਜੇਕਰ ਗੱਲਬਾਤ ਲਈ ਸਰਕਾਰ ਵਲੋਂ ਅੰਦੋਲਨ ਵਾਪਸ ਲੈਣ ਦੀ ਸ਼ਰਤ ਰੱਖੀ ਜਾਂਦੀ ਹੈ ਤਾਂ ਉਹ ਕਿਸੇ ਵੀ ਸੂਰਤ 'ਚ ਪ੍ਰਵਾਨ ਨਹੀਂ ਕੀਤੀ ਜਾਵੇਗੀ। ਕਿਸਾਨ ਸਮਝਦੇ ਹਨ ਮੋਦੀ ਸਰਕਾਰ ਜਾਣ ਬੁਝਕੇ ਮੀਟਿੰਗ ਰਾਹੀਂ ਸੰਘਰਸ਼ ਉਲਝਾ ਰਹੀ ਹੈ। ਦੱਸ ਦਈਏ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਤਕਰੀਬਨ 3 ਲੱਖ ਕਿਸਾਨ ਪੰਜਾਬ ਤੋਂ ਦਿੱਲੀ ਲਈ ਰਵਾਨਾ ਹੋ ਰਹੇ ਹਨ। 472 ਕਿਸਾਨ ਯੂਨੀਅਨਾਂ ਦੇ ਯੂਨਾਈਟਿਡ ਫਾਰਮਰਜ਼ ਫਰੰਟ ਦਾ ਹਿੱਸਾ ਪੰਜਾਬ ਦੇ 33 ਸੰਗਠਨਾਂ ਦੇ ਝੰਡੇ ਹੇਠ ਕਿਸਾਨ 26-27 ਨਵੰਬਰ ਨੂੰ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣਗੇ।ਕਿਸਾਨ ਆਗੂ 26 ਅਤੇ 27 ਨਵੰਬਰ ਦੇ 'ਦਿੱਲੀ ਚਲੋ' ਪ੍ਰੋਗਰਾਮ ਨੂੰ ਦੋ ਦਿਨਾਂ ਤੱਕ ਸੀਮਤ ਕਰਕੇ ਨਹੀਂ ਚੱਲ ਰਹੇ ਸਗੋਂ ਹਰਿਆਣਾ ਸਰਕਾਰ ਦਾ ਦਾ ਰੁਖ਼ ਵੇਖ ਕੇ ਇਹ ਵੀ ਜਾਪ ਪਿਹਾ ਹੈ ਕਿ ਕਿਸਾਨਾਂ ਨੂੰ ਹਰਿਆਣਾ ਪਾਰ ਕਰਕੇ ਦਿੱਲੀ ਜਾਣ ਨਹੀਂ ਦਿੱਤਾ ਜਾਵੇਗਾ ਪਰ ਕਿਸਾਨ ਅਣਮਿੱਥੇ ਸਮੇਂ ਤੱਕ ਦੇ ਸੰਘਰਸ਼ ਲਈ ਤਿਆਰ ਹਨ। ਇਹ ਬਿਆਨ ਦਿੰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਮੁਖੀ ਡਾ: ਦਰਸ਼ਨ ਪਾਲ ਨੇ ਜਾਰੀ ਕੀਤਾ। ਸਰਬ ਭਾਰਤੀ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਖੇਤੀਬਾੜੀ ਕਾਨੂੰਨਾਂ ਦੀ ਮੁਖਾਲਫ਼ਤ ਸਿਰਫ ਪੰਜਾਬ ਦੇ ਕਿਸਾਨ ਹੀ ਨਹੀਂ ਕਰ ਰਹੇ ਸਗੋਂ ਦੇਸ਼ ਭਰ ਦੇ ਕਿਸਾਨ ਕਰ ਰਹੇ ਹਨ। ਕਿਸਾਨ ਆਗੂਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਇਸ ਸੰਘਰਸ਼ ਨੂੰ ਜਾਰੀ ਰੱਖਣ ਲਈ ਮਜ਼ਬੂਤੀ ਪ੍ਰਦਾਨ ਕਰਦੇ ਹਨ।

**ਕਈ ਆਗੂ ਗ੍ਰਿਫ਼ਤਾਰ**

ਸਵਰਾਜ ਪਾਰਟੀ ਦੇ ਆਗੂ ਯੋਗੇਂਦਰ ਯਾਦਵ ਨੇ ਆਪਣੇ ਟਵੀਟ ਵਿੱਚ ਲਿਖਿਆ ਹੈ ਕਿ 26 ਨਵੰਬਰ ਦੇ 'ਦਿੱਲੀ ਚਲੋ' ਪ੍ਰੋਗਰਾਮ ਤੋਂ ਫਿਕਰਮੰਦ ਹਰਿਆਣਾ ਸਰਕਾਰ ਨੇ ਰਾਜ ਭਰ ਵਿੱਚ ਦਰਜਨਾਂ ਕਿਸਾਨੀ ਨੇਤਾਵਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਛਾਪੇਮਾਰੀ ਅਜੇ ਵੀ ਜਾਰੀ ਹੈ। ਸਾਡਾ ਸ਼ਾਂਤਮਈ ਅਤੇ ਜਮਹੂਰੀ ਸੰਘਰਸ਼ ਜਾਰੀ ਰਹੇਗਾ।

ਦੱਸਿਆ ਜਾ ਰਿਹਾ ਹੈ ਕਿ ਫਤਿਆਬਾਦ ਵਿੱਚ ਦੇਰ ਰਾਤ 1 ਵਜੇ ਤੋਂ 2 ਵਜੇ ਤੱਕ ਪੁਲਿਸ ਅਪਰਾਧੀਆਂ ਵਾਂਗ ਕਿਸਾਨ ਨੇਤਾਵਾਂ ਦੇ ਘਰ ਪਹੁੰਚੀ ਅਤੇ ਕਈ ਕਿਸਾਨ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ। ਰਾਤ ਨੂੰ ਪੁਲਿਸ ਨੇ ਜ਼ਿਲ੍ਹੇ ਦੇ ਕਿਸਾਨ ਆਗੂ ਮਨਦੀਪ ਨਥਵਾਨ ਦੇ ਘਰ ਵੀ ਛਾਪਾ ਮਾਰਿਆ। ਖੇਤੀ ਬਚਾਓ ਸੰਘਰਸ਼ ਕਮੇਟੀ ਦੇ ਪ੍ਰਧਾਨ ਰਾਮਚੰਦਰ ਸਹਿਨਾਲ 'ਤੇ 2 ਵਜੇ ਉਸ ਦੇ ਘਰ' ਤੇ ਪੁਲਿਸ ਨੇ ਛਾਪਾ ਮਾਰਿਆ, ਉਸਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਪ੍ਰਹਿਲਾਦ ਸਿੰਘ ਨੂੰ ਸਿਰਸਾ ਪੱਕਾ ਫਰੰਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮਨਦੀਪ ਨਥਵਾਨ ਦੇ ਘਰ ਰਤੀਆ ਤੋਂ ਛਾਪਾ ਮਾਰਿਆ ਗਿਆ।

**ਜੰਤਰ-ਮੰਤਰ 'ਚ ਪ੍ਰਦਰਸ਼ਨ ਕਰਨ ਲਈ ਪੁਲਿਸ ਨਾਲ ਗੱਲਬਾਤ ਜਾਰੀ**

ਦਿੱਲੀ ਪੁਲਿਸ ਨੇ ਕਿਹਾ ਹੈ ਕਿ ਕੋਵਿਡ-19 ਮਹਾਂਮਾਰੀ ਫੈਲਣ ਨੂੰ ਰੋਕਣ ਲਈ ਦਿੱਲੀ 'ਚ ਇੱਕਠੇ ਹੋਣ ਵਾਲੇ ਅੰਦੋਲਨਕਾਰੀ ਕਿਸਾਨਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਆਲ ਇੰਡੀਆ ਕਿਸਾਨ-ਮਜ਼ਦੂਰ ਸਭਾ ਦੇ ਡਾ: ਅਸ਼ੀਸ਼ ਮਿੱਤਲ ਮੁਤਾਬਿਕ ਰਾਮਲੀਲ੍ਹਾ ਗਰਾਊਂਡ 'ਚ ਪ੍ਰਦਰਸ਼ਨ ਲਈ ਪਹਿਲਾਂ ਇਜਾਜ਼ਤ ਦੇ ਦਿੱਤੀ ਗਈ ਸੀ ਪਰ ਬਾਅਦ 'ਚ ਮਨ੍ਹਾ ਕਰ ਦਿੱਤਾ ਗਿਆ। ਮਿੱਤਲ ਮੁਤਾਬਿਕ ਗੁਰਦੁਆਰਾ ਰਕਾਬਗੰਜ 'ਚ ਠਹਿਰਨ ਸਬੰਧੀ ਵੀ ਪਹਿਲਾਂ ਇਜਾਜ਼ਤ ਦਿੱਤੀ ਗਈ ਸੀ ਪਰ ਬਾਅਦ 'ਚ ਸਰਕਾਰੀ ਦਬਾਅ ਹੇਠ ਉਸ ਨੂੰ ਵਾਪਸ ਲੈ ਲਿਆ ਗਿਆ ਹਾਲਾਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਗੁ: ਰਕਾਬਗੰਜ ਸਾਹਿਬ 'ਚ ਠਹਿਰਾਉਣ ਸਬੰਧੀ ਸੀਮਤ ਥਾਂ ਹੋਣ ਕਰਕੇ ਕਿਸਾਨਾਂ ਲਈ ਸਾਰੇ ਪ੍ਰਬੰਧ ਗੁਰਦੁਆਰਾ ਮਜਨੂੰ ਕੇ ਟਿੱਲੇ 'ਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਉਚੇਚੇ ਤੌਰ 'ਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

**ਪੰਜਾਬ ਦੇ ਕਿਸਾਨਾਂ ਲੰਗਰ ਲਗਾਏ**

ਹਰਿਆਣਾ ਰਾਹੀਂ ਦਿੱਲੀ ਜਾਣ ਲਈ ਛਾਂਟੇ 9 ਪ੍ਰਮੁੱਖ ਲਾਂਘਿਆਂ ਉਪਰ ਕਿਸਾਨਾਂ ਨੇ ਟੈਂਟ ਲਗਾ ਕੇ ਸਟੇਜ ਤੇ ਲੰਗਰ ਦੇ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ। ਕੇਂਦਰ ਤੇ ਹਰਿਆਣਾ ਸਰਕਾਰ ਦੇ ਵਤੀਰੇ ਨੂੰ ਅਗਾਊਂ ਭਾਂਪਦਿਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਹਫਤਾ ਭਰ ਬੈਠ ਕੇ ਸਾਰੀ ਸਰਹੱਦ ਹੀ ਜਾਮ ਕਰ ਦੇਣ ਦੀ ਰਣਨੀਤੀ ਅਪਣਾ ਲਈ ਹੈ। ਕੁਝ ਇਕ ਥਾਵਾਂ ਤੋਂ ਇਹ ਵੀ ਖ਼ਬਰਾਂ ਹਨ ਕਿ ਕੁਝ ਕਿਸਾਨ ਹਾਲਾਤ ਨੂੰ ਦੇਖਦਿਆਂ ਪਹਿਲਾਂ ਹੀ ਦਿੱਲੀ ਵੱਲ ਰਵਾਨਾ ਹੋ ਗਏ ਹਨ ਪਰ ਸ਼ੰਭੂ ਵਿਖੇ ਹਰਿਆਣਾ ਦੀ ਸਰਹੱਦ ਉਪਰ ਜਾਣ ਵਾਲੇ ਵਾਹਨਾਂ ਦੀ ਕਾਫ਼ੀ ਸਖ਼ਤੀ ਨਾਲ ਪੜਤਾਲ ਕੀਤੀ ਜਾਂਦੀ ਹੈ ਪਰ ਪੰਜਾਬ ਦੀ ਹੱਦ ਨਾਲ ਲੱਗਦੇ ਹਰਿਆਣੇ ਦੇ ਪਿੰਡਾਂ 'ਚ ਕਿਸਾਨ ਅੰਦੋਲਨ ਪ੍ਰਤੀ ਭਾਰੀ ਉਤਸ਼ਾਹ ਹੈ। ਖੇਤੀ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ 'ਚ ਦਿੱਲੀ ਮੋਰਚੇ ਲਈ ਵੱਡਾ ਉਤਸ਼ਾਹ ਨਜ਼ਰ ਆ ਰਿਹਾ ਹੈ। ਕਿਸਾਨਾਂ ਨੇ ਮਿਥੇ ਸਮੇਂ ਤੋਂ ਇਕ ਦਿਨ ਪਹਿਲਾਂ ਹੀ ਦਿੱਲੀ ਵੱਲ ਕੂਚ ਕਰਨਾ ਸ਼ੁਰੂ ਕਰ ਦਿੱਤਾ ਸੀ। ਕਿਸਾਨਾਂ ਨੇ ਟਰਾਲੀਆਂ ਰਾਸ਼ਨ ਨਾਲ ਲੱਦੀਆਂ ਹੋਈਆਂ ਸਨ। ਦਿੱਲੀ ਕੂਚ ਦੌਰਾਨ ਪੰਜਾਬ ਦੀਆਂ ਮਾਈਆਂ ਅਤੇ ਬੱਚਿਆਂ ਵਲੋਂ ਵੀ ਕਿਸਾਨ ਸੰਘਰਸ਼ਾਂ ਵਿਚ ਆਪਣਾ ਯੋਗਦਾਨ ਦਿੰਦਿਆਂ ਬਹੁਤ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਜਾ ਰਹੀ ਹੈ।

## ਭਾਈ ਹਵਾਰਾ ਵਲੋਂ ਕਿਸਾਨਾਂ ਦੇ ਦਿੱਲੀ ਚੱਲੋ ਸੰਘਰਸ਼ ਨੂੰ ਹਮਾਇਤ

ਨਵੀਂ ਦਿੱਲੀ ਦੀ ਤਿਹਾੜ੍ਹ ਜੇਲ੍ਹ 'ਚ ਨਜ਼ਰਬੰਦ ਸਰਬੱਤ ਖ਼ਾਲਸਾ ਵਲੋਂ ਥਾਪੇ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਪੰਜਾਬ ਦੇ ਕਿਰਤੀ ਕਿਸਾਨਾਂ ਅਤੇ ਨਾਨਕ ਨਾਮ ਲੇਵਾ ਸੰਗਤ ਦੇ ਨਾਮ ਪੱਤਰ ਜਾਰੀ ਕਰਕੇ ਅਪੀਲ ਕੀਤੀ ਹੈ ਕਿ ਉਹ 26 ਨਵੰਬਰ ਨੂੰ ਕਿਸਾਨਾਂ ਦੇ ਦਿੱਲੀ ਚੱਲੋ ਕਾਫ਼ਲੇ ਦਾ ਹਿੱਸਾ ਬਣਨ ਅਤੇ ਕਿਸਾਨ ਭਰਾਵਾਂ ਦੇ ਸੰਘਰਸ਼ ਨੂੰ ਸ਼ਾਂਤਮਈ ਢੰਗ ਨਾਲ ਕਾਮਯਾਬ ਕਰਨ। ਭਾਈ ਹਵਾਰਾ ਕਮੇਟੀ ਦੇ ਮੁੱਖ ਬੁਲਾਰੇ ਪ੍ਰੋ: ਬਲਜਿੰਦਰ ਸਿੰਘ ਵਲੋਂ ਜਾਰੀ ਪੱਤਰ ਵਿਚ ਜਥੇਦਾਰ ਭਾਈ ਹਵਾਰਾ ਨੇ ਕਿਹਾ ਹੈ ਕਿ ਸਮੁੱਚੇ ਦੇਸ਼ ਦਾ ਕਿਸਾਨ ਭਾਈਚਾਰਾ ਆਪਣੀ ਕਿਰਤ ਕਰਕੇ ਸਮਾਜ ਵਿਚ ਵਿਸ਼ੇਸ਼ ਸਤਿਕਾਰ ਦਾ ਸਥਾਨ ਰੱਖਦਾ ਹੈ ਤੇ ਅਸੀਂ ਇਨ੍ਹਾਂ ਕਿਰਤੀਆਂ ਦੇ ਸਮਾਜਿਕ ਸਨਮਾਨ ਅਤੇ ਆਰਥਿਕ ਤਰੱਕੀ ਲਈ ਹਮੇਸ਼ਾ ਹੀ ਚਿੰਤਤ ਰਹੇ ਹਾਂ ਅਤੇ ਭਵਿੱਖ ਵਿਚ ਵੀ ਇਨ੍ਹਾਂ ਨਾਲ ਖੜ੍ਹੇ ਰਹਾਂਗੇ।

## ਅਕਾਲੀ ਦਲ ਨੇ ਕੀਤੀ ਖੱਟਰ ਦੇ ਐਲਾਨ ਦੀ ਨਿਖੇਧੀ

ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਸਰਕਾਰ ਵੱਲੋਂ ਕੇਂਦਰੀ ਖੇਤੀਬਾੜੀ ਕਾਨੂੰਨਾਂ ਖਿਲਾਫ ਸ਼ਾਂਤੀਪੂਰਨ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾਂ ਨੂੰ ਰੋਕਣ ਦੇ ਐਲਾਨ ਦੀ ਜ਼ੋਰਦਾਰ ਨਿਖੇਧੀ ਕੀਤੀ ।ਚੰਡੀਗੜ੍ਹ ਤੋਂ ਜਾਰੀ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਦਲਜੀਤ ਚੀਮਾ ਨੇ ਕਿਹਾ ਕਿ ਅਜਿਹੇ ਗੈਰ ਲੋਕਤੰਤਰੀ ਤਰੀਕਿਆਂ ਨਾਲ ਲੋਕ ਲਹਿਰ ਨੂੰ ਦਬਾਇਆ ਨਹੀਂ ਜਾ ਸਕਦਾ। ਚੀਮਾ ਨੇ ਹਰਿਆਣਾ ਦੀਆਂ ਸਰਹੱਦਾਂ ਸੀਲ ਕਰਨ ਨੂੰ ਬਹੁਤ ਹੀ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਕਿਹਾ, "ਹਰਿਆਣਾ ਸਰਕਾਰ ਕੋਲ ਇਸ ਦੀਆਂ ਸੜਕਾਂ 'ਤੇ ਕਿਸਾਨਾਂ ਨੂੰ ਲੰਘਣ ਤੋਂ ਰੋਕਣ ਦਾ ਕੋਈ ਅਧਿਕਾਰ ਨਹੀਂ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦਾ ਅਧਿਕਾਰ ਹੈ ਕਿ ਉਹ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ ਰੋਸ ਪ੍ਰਗਟ ਕਰਨ ਲਈ ਦਿੱਲੀ ਜਾਣ। ਉਹਨਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਸਿਰਫ ਕੇਂਦਰ ਸਰਕਾਰ ਨੂੰ ਖੁਸ਼ ਕਰਨ ਵਾਸਤੇ ਅੰਨਦਾਤਾ ਨੂੰ ਦਬਾਉਣ ਲਈ ਜਬਰ ਵਾਲੇ ਤਰੀਕੇ ਨਹੀਂ ਅਪਣਾਉਣੇ ਚਾਹੀਦੇ।"

# ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ

**- ਅਮਰੀਕ ਸਿੰਘ**
**(ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-26 ਚੰਡੀਗੜ੍ਹ)**

ਵਿਸ਼ਵੀਕਰਨ ਦੇ ਯੁਗ ਅੰਦਰ ਅੱਜ ਜਿੱਥੇ ਮਨੁੱਖ ਇਕ ਭਰਮ ਭਰਿਆ ਜੀਵਨ ਬਸ਼ਰ ਕਰ ਰਿਹਾ ਹੈ ਉੱਥੇ ਹੀ ਉਸ ਨੂੰ ਇਸ ਮ੍ਰਿਤ ਮੰਡਲ ਵਿਚ ਆਪਣੀ ਹੋਂਦ ਦੀ ਪਛਾਣ ਬਿਸਰ ਰਹੀ ਹੈ। ਇਸ ਅਲੌਕਿਕ ਜਗਤ ਵਰਤਾਰੇ ਅੰਦਰ ਜੀਵ ਆਤਮਾ ਅਸ਼ਾਂਤ ਚਿੱਤ ਭਟਕ ਰਹੀ ਹੈ ਜਿਸ ਦੇ ਫਲਸਰੂਪ ਧਰਤ ਉੱਪਰ ਜ਼ੁਲਮ ਅਤੇ ਵਿਨਾਸ਼ ਵਧ ਰਹੇ ਹਨ। ਅਜਿਹੇ ਕਰੋਪੀਆਂ ਭਰੇ ਹਾਲਾਤ ਨਾਲ ਜੂਝਦਾ ਹੋਇਆ ਪਾਵਨ ਪਰਮ ਸੂਰਾ ਇਸ ਜਗਤ ਅੰਦਰ ਆਪਣੀ ਵਿਲੱਖਣ ਪਹਿਚਾਣ ਦੇ ਝੰਡੇ ਝੁਲਾਅ ਰਿਹਾ ਹੈ। ਅਜਿਹੇ ਪਰਮ ਪੁਰਖ ਨੂੰ ਮਰਦ ਅਗੰਮੜੇ ਨੇ ਖ਼ਾਲਸੇ ਦੇ ਰੂਪ ਵਿਚ ਜਣਿਆ ਹੈ।

ਖ਼ਾਲਸਾ ਮਜ਼ਲੂਮ ਦਾ ਰੱਖਿਅਕ ਅਮਾਨਵੀ ਸ਼ਕਤੀਆਂ ਦਾ ਸੰਘਾਰ ਕਰਨ ਵਾਲਾ ਹੈ। ਖ਼ਾਲਸੇ ਦੇ ਮੁੱਖ ਉੱਪਰ ਬਾਣੀ ਅਤੇ ਕਰਮ ਵਿਚ ਜੂਝਣ ਕਾ ਚਾਓ ਹੈ। ਇਹ ਉਹ ਨਿਆਰਾ ਖ਼ਾਲਸਾ ਹੈ ਜੋ ਨਾ ਭੈ ਦਿੰਦਾ ਹੈ ਤੇ ਨਾ ਭੈ ਮੰਨਦਾ ਹੈ। ਮੁਖ ਵਿਚ ਹਰਿ ਦੇ ਬੋਲ ਹੋਣ ਕਰਕੇ ਖ਼ਾਲਸੇ ਦਾ ਕਰਮ ਹਮੇਸ਼ਾ ਸੱਚ ਧਰਮ ਵਾਲਾ ਭਾਵ ਜਿਸ ਨਾਲ ਪ੍ਰੇਮ ਦਾ ਖੇੜਾ ਹੁੰਦਾ ਹੈ ਅਤੇ ਜਗਤ ਜਿਸ ਦੀ ਉਪਮਾ ਕਰਦਾ ਨਹੀਂ ਥੱਕਦਾ। ਕਬੀਰ ਜੀ ਖ਼ਾਲਸੇ ਨੂੰ ਪ੍ਰੇਮਾ ਭਗਤੀ ਨਾਲ ਉਪਮਾਉਂਦੇ ਹਨ। (1)

ਬੇਸ਼ੱਕ ਜੀਵ ਆਤਮਾ ਦਾ ਖ਼ਾਲਸਾਈ ਸਰੂਪ ਕਬੀਰ ਜੀ ਨੇ ਉਸਾਰ ਦਿੱਤਾ ਸੀ ਪਰ ਅਨੰਦਪੁਰ ਦੀ ਮੁਕੱਦਸ ਜ਼ਮੀਨ ਉੱਪਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਅਕਾਲ ਪੁਰਖ ਕੀ ਫ਼ੌਜ ਦਾ ਰੂਪ ਬਖ਼ਸ਼ ਕੇ ਆਪਣੀ ਹੋਂਦ ਦਾ ਪ੍ਰਗਟਾਅ ਖ਼ਾਲਸੇ ਵਿੱਚ ਕੀਤਾ। (2) ਓਦੋਂ ਤੋਂ ਹੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਖ਼ਾਲਸਾ ਪੰਥ ਨੂੰ ਸ਼ਾਸਤਰ ਅਤੇ ਸ਼ਸਤਰ ਦੀ ਬਖਸ਼ਿਸ਼ ਕੀਤੀ ਅਤੇ ਇਕ ਨਿਸ਼ਾਨ ਥੱਲੇ ਇਕੱਤਰ ਕੀਤਾ। ਗੁਰੂ ਸਾਹਿਬ ਨੇ ਸ਼ਸਤਰ ਨੂੰ ਸ਼ਾਸਤਰ ਦੇ ਅਧੀਨ ਰੱਖਦਿਆਂ ਖ਼ਾਲਸਾ ਪੰਥ ਨੂੰ ਆਪਣੇ ਪਿਉ-ਦਾਦੇ (3) ਦੇ ਦਰਸਾਏ ਮਾਰਗ ਉੱਪਰ ਚੱਲਣ ਦਾ ਆਦੇਸ਼ ਦਿੱਤਾ (4) ਜਿਸ ਕਰਕੇ ਖ਼ਾਲਸੇ ਨੂੰ ਮਜ਼ਲੂਮ ਦਾ ਰੱਖਿਅਕ ਕਹਿ ਕੇ ਵਡਿਆਇਆ ਜਾਂਦਾ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਖ਼ਾਲਸੇ ਦੇ ਰੂਪ ਵਿਚ ਪਾਤਸ਼ਾਹੀ ਬਖਸ਼ਿਸ਼ ਕੀਤੀ ਹੈ। (5) ਇੱਥੇ ਗੁਰੂ ਸਾਹਿਬ ਨੇ ਸਿੱਖ ਨੂੰ ਗ਼ਰੀਬ ਭਾਵ ਹਲਮੀ ਗੁਣਾਂ ਦੇ ਧਾਰਨੀ ਪੁਰਸ਼ ਵਜੋਂ ਨਿਵਾਜਿਆ ਹੈ।




ਦਰਅਸਲ 'ਖ਼ਾਲਸਾ ਪੰਥ' ਜਾਂ 'ਨਿਆਰਾ ਪੰਥ' ਦੀ ਹੋਂਦ ਦਾ ਦਾਅਵਾ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ ਪੰਥ ਨਾਲ ਕਰ ਦਿੱਤਾ ਸੀ। (6) ਸਿੱਖ ਧਰਮ ਭਾਵ ਵਿਲੱਖਣ ਧਰਮ ਦੀ ਬਖਸ਼ਿਸ਼ ਕਰ ਕੇ ਕੁਰਾਹੇ ਪਈ ਲੋਕਾਈ ਨੂੰ ਸੱਚ ਦਾ ਮਾਰਗ ਦਿੱਤਾ। ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤ ਦੇ ਇਸ ਮਿਸ਼ਨ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਸਾਹਿਬ ਬਖ਼ਸ਼ ਕੇ ਇੱਕ ਨਿਸ਼ਾਨ ਭਾਵ ਇੱਕ ਝੰਡੇ ਹੇਠ ਇਕੱਤਰ ਕਰਕੇ ਮੀਰੀ ਅਤੇ ਪੀਰੀ ਦੀ ਬਖਸ਼ਿਸ਼ ਕੀਤੀ। ਦਸਮੇਸ਼ ਪਿਤਾ ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਨਿਸ਼ਾਨ ਹੇਠਾਂ ਇਕੱਤਰ ਹੋਈ ਸੰਗਤ ਨੂੰ ਖ਼ਾਲਸਾ ਪੰਥ ਦੀ ਇਲਾਹੀ ਬਖਸ਼ਿਸ਼ ਨਾਲ ਨਿਵਾਜਿਆ ਅਤੇ ਖ਼ਾਲਸੇ ਨੂੰ ਇਲਾਹੀ ਨਿਸ਼ਾਨ ਭੇਟ ਕਰਕੇ ਮਰਜੀਵੜਾ ਰੂਪ ਦੇ ਦਿੱਤਾ। ਇਹ ਉਹ ਖ਼ਾਲਸਾ ਪੰਥ ਹੈ ਜਿਸ ਨੇ ਤਕਰੀਬਨ ਢਾਈ ਹਜ਼ਾਰ ਵਰਸ਼ ਤੋਂ ਉੱਤਰ ਪੱਛਮ ਦੀ ਹੱਦ ਵੱਲੋਂ ਇਸ ਮੁਲਖ ਉੱਤੇ ਜ਼ੁਲਮ ਕਰਨ ਵਾਲੇ ਜਰਵਾਣਿਆਂ ਦੇ ਮੂੰਹ ਮੋੜ ਕੇ ਰੱਖੇ। ਇਹ ਸਭ ਕਲਾ (ਕੌਤਕ) ਗੁਰੂ ਦਸਮੇਸ਼ ਪਿਤਾ ਦੇ ਖੰਡੇ ਦੇ ਅੰਮ੍ਰਿਤ ਦੀ ਬਰਕਤ ਅਤੇ ਖੰਡੇ ਦੀ ਸ਼ਕਤੀ ਕਰਕੇ ਹੈ। ਗੁਰੂ ਸਾਹਿਬ ਜੀ ਦੀ ਇਸ ਸਰਬਲੋਹ ਦੀ ਬਖਸ਼ਿਸ਼ ਦੀ ਮਹੱਤਤਾ ਬਾਰੇ ਐਡਮੰਡ ਕੈਡਹਲਰ ਆਪਣੀ ਕਿਤਾਬ ਮੈਂਟਲ ਆਫ਼ ਦੀ ਈਸਟ ਵਿਚ ਲਿਖਦਾ ਹੈ। (7)

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਖੰਡੇ ਦੀ ਬਰਕਤ ਅਤੇ ਬਖਸ਼ਿਸ਼ ਨੂੰ ਬੋਧੀ, ਜੈਨੀ ਅਤੇ ਹੋਰ ਅਜੋਕੇ ਅਖੌਤੀ ਅਹਿੰਸਾਵਾਦੀ ਨਹੀਂ ਸਮਝ ਸਕਦੇ। ਸਿੱਖ ਪੰਥ ਸ਼ਸਤਰਾਂ ਨੂੰ ਅਕਾਲ ਪੁਰਖ ਦੇ ਬਖ਼ਸ਼ੇ ਨਿਸ਼ਾਨ ਸਮਝ ਕੇ ਧਿਆਉਂਦਾ ਹੈ। ਗੁਰੂ ਪਾਤਸ਼ਾਹ ਖ਼ੁਦ ਅਕਾਲ ਪੁਰਖ ਨੂੰ ਸ਼ਸਤਰਾਂ ਦੇ ਨਾਮ ਨਾਲ ਯਾਦ ਕਰਦੇ ਹਨ। ਅੱਜ ਤੱਕ ਸਿੱਖ ਪੰਥ ਆਪਣੀ ਅਰਦਾਸ ਇਨਾਂ ਸ਼ਸਤਰਾਂ ਭਾਵ ਇਲਾਹੀ ਨਿਸ਼ਾਨਾਂ ਦੇ ਧਿਆਉਣ ਤੋਂ ਸ਼ੁਰੂ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ। (8)

ਖ਼ਾਲਸਾ ਪੰਥ ਧਰਮ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਅਤੇ ਜ਼ੁਲਮ ਤੇ ਜ਼ਾਲਮ ਦਾ ਸੰਘਾਰ ਕਰਨ ਹਿਤ ਸਾਜਿਆ ਗਿਆ ਜਿਸ ਦੀ ਜੇਕਰ ਮਹੱਤਤਾ ਸਮਕਾਲੀ ਪ੍ਰਸੰਗ ਅੰਦਰ ਵਿਚਾਰੀਏ ਤਾਂ ਬਿਹਤਰ ਸਮਝ ਲਗਦੀ ਹੈ। ਜਦ ਅਸੀਂ ਇਤਿਹਾਸ ਦੇਖਦੇ ਹਾਂ ਤਾਂ ਜ਼ਾਹਿਰ ਹੁੰਦਾ ਹੈ ਕੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਚਾਰ ਅਤੇ ਦਸਵੇਂ ਪਾਤਸ਼ਾਹ ਨੇ ਅਠਾਰਾਂ ਜੰਗ ਕੀਤੇ। ਜਿੰਨਾ ਵਿਚੋਂ ਕੋਈ ਵੀ ਦੂਜੇ ਉੱਪਰ ਜ਼ੁਲਮ ਕਰਨ ਵਾਲੀ (offensive) ਨਹੀਂ ਸੀ ਸਗੋਂ ਸਾਰੇ ਜੰਗ ਸਵੈ ਰੱਖਿਆ ਦੇ ਸਿਧਾਂਤ ਵਾਲੇ ਅਤੇ ਲੋਕਾਈ ਦੇ ਭਲੇ ਲਈ ਸਨ। ਇਹ ਸਭ ਗੁਰੂ ਨਾਨਕ ਪਾਤਸ਼ਾਹ ਦੇ ਵਿਲੱਖਣ ਪੰਥ ਦੇ ਨਿਸ਼ਾਨ ਦੀ ਅਪਾਰ ਕ੍ਰਿਪਾ ਸਦਕਾ ਹੀ ਸੀ।

ਸਰਦਾਰ ਕਪੂਰ ਸਿੰਘ ਦਾ ਕਥਨ ਹੈ ਕਿ, 'ਜਿਸ ਦਾ ਝੰਡਾ ਉਸਦੀ ਜਿੱਤ।' ਇਸ ਲਈ ਸਪੱਸ਼ਟ ਹੈ ਕਿ ਖ਼ਾਲਸਾ ਪੰਥ ਨੂੰ ਆਪਣੇ ਨਿਆਰੇਪਣ ਨੂੰ ਬਰਕਰਾਰ ਰੱਖਣ ਲਈ ਆਪਣੇ ਗੁਰੂ ਪਾਤਸ਼ਾਹ ਦੇ ਬੋਲ ਬਾਲੇ ਆਪਣੇ ਅਕੀਦੇ ਬਣਾ ਕੇ ਰੱਖਣ ਦੀ ਲੋੜ ਹੈ। ਕਿਉਂਕਿ ਗੁਰੂ ਸਾਹਿਬ ਖ਼ਾਲਸੇ ਨੂੰ ਇਹ ਤਾਕੀਦ ਕਰਦੇ ਹਨ।

**ਜਬ ਲਗ ਖਾਲਸਾ ਰਹੇ ਨਿਆਰਾ।**
**ਤਬ ਲਗ ਤੇਜ ਦੀਉ ਮੈਂ ਸਾਰਾ॥**

ਇਸ ਲਈ ਸਾਡੀ ਗੁਰੂ ਪਾਤਸ਼ਾਹ ਅੱਗੇ ਇਹੋ ਅਰਦਾਸ ਹੈ ਕਿ ਖ਼ਾਲਸਾ ਪੰਥ ਹਰ ਮੈਦਾਨ ਫਤਹਿ ਕਰੇ!

**✪ ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ ਭਾਸ਼ਾ ਵਿਭਾਗ ਪਟਿਆਲਾ, ਪੰਨਾ: 1008**

1. ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਸ ਜਾਨੀ।। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ: 655)
2. ਖਾਲਸਾ ਮੇਰੋ ਰੂਪ ਹੈ ਖਾਸ।। ਖਾਲਸੇ ਮਹਿ ਹਉ ਕਰਉ ਨਿਵਾਸ।। (ਸਰਬਲੋਹ ਗ੍ਰੰਥ)
3. ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ: 186)
4. ਭੈ ਕਾਹੂ ਦੇਤ ਨਹਿ ਨਹਿ ਭੈ ਮਾਨਤ ਆਨ ।। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ : 1427)
5. ਇਨ ਗਰੀਬ ਸਿਖਨ ਕੋ ਦਿਓ ਪਾਤਸ਼ਾਹੀ
6. ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।। (ਵਾਰ ਪਹਿਲੀ ਪਉੜੀ 45)

G. Edmond Candler, Mental of The East, p.120-121

8. ਪ੍ਰਿਥਮ ਭਗੌਤੀ ਸਿਮਰਿ ਹੈ ਗੁਰੁ ਨਾਨਕ ਲਈਂ ਧਿਆਇ।। (ਚੰਡੀ ਕੀ ਵਾਰ)

**E-mail id: ammisingh084@gmail.com**

# ਪੰਜਾਬ ਦਾ ਕਿਸਾਨ ਇਸ ਮੋੜ ਤੋਂ ਕਿੱਧਰ ਨੂੰ ਤੁਰੇ

## (ਦਿੱਲੀ ਅੱਗੇ ਗੋਡੇ ਟੇਕਣ ਜਾਂ ਨਵੇਂ ਖੇਤੀ ਮਾਡਲ ਵੱਲ)

**- ਸਤਵੰਤ ਸਿੰਘ**

ਕਿਊਬਾ 'ਚ ਇਨਕਲਾਬ ਤੋਂ ਪਹਿਲਾਂ ਅਮਰੀਕਾ ਦੀਆਂ ਹਰਸ਼ੇਅ (Hershey) ਵਰਗੀਆਂ ਵੱਡੀਆਂ ਕੰਪਨੀਆਂ ਵੱਲੋਂ ਵੱਡੇ ਪੱਧਰ 'ਤੇ ਖੇਤੀ ਕੀਤੀ ਜਾਂਦੀ ਸੀ। ਜਿਵੇਂ ਆਪਣੇ ਮੁੱਖ ਰੂਪ ਵਿਚ ਕਣਕ-ਝੋਨੇ ਦੀ ਖੇਤੀ ਹੁੰਦੀ ਹੈ ਉਸੇ ਤਰਾਂ ਕਿਊਬਾ 'ਚ ਕਮਾਦ ਬੀਜਿਆ ਜਾਂਦਾ ਸੀ। ਕੰਪਨੀਆਂ ਆਪਣੀਆਂ ਜ਼ਮੀਨਾਂ ਉੱਤੇ ਅਤੇ ਖੇਤੀ ਇਕਰਾਰਨਾਮੇ (contract framing) ਰਾਹੀਂ ਗੰਨੇ ਦੀ ਖੇਤੀ ਕਰਦੀਆਂ ਸਨ। ਪਰ ਜਦੋਂ ਸਮਾਜਿਕ ਇਨਕਲਾਬ ਆਉਣ ਤੋਂ ਬਾਅਦ ਫੀਦਲ ਕੈਸਟਰੋ ਨੇ ਸੱਤਾ ਸੰਭਾਲੀ ਤਾਂ ਉਸ ਨੇ ਅਮਰੀਕੀ ਕੰਪਨੀਆਂ ਦੀਆਂ ਜ਼ਮੀਨਾਂ ਦਾ ਰਾਸ਼ਟਰੀਕਰਨ ਕਰਕੇ ਸਰਕਾਰ ਦੇ ਕਬਜ਼ੇ ਵਿਚ ਲੈ ਲਈਆਂ। ਜਿਸ ਕਾਰਨ ਪੂੰਜੀਵਾਦੀ ਸਟੇਟ ਅਮਰੀਕਾ ਅਤੇ ਸਮਾਜਵਾਦੀ ਕਿਊਬਾ ਵਿਚਕਾਰ ਸਬੰਧ ਵਿਗੜ ਗਏ। ਕਿਊਬਾ ਵਿਚ ਗੰਨੇ ਦੀ ਫ਼ਸਲ ਅਮਰੀਕੀ ਕੀਟਨਾਸ਼ਕ, ਨਦੀਨਨਾਸ਼ਕ, ਖਾਦ, ਬੀਜਾਂ ਤੇ ਸਪਰੇਆਂ 'ਤੇ ਨਿਰਭਰ ਕਰਦੀ ਸੀ। ਅਮੀਰਕਾ ਨਾਲ ਸਬੰਧ ਵਿਗੜਨ ਤੋਂ ਬਾਅਦ ਅਮਰੀਕਾ ਨੇ ਕਿਊਬਾ ਉੱਤੇ ਇਤਿਹਾਸ ਦੀਆਂ ਸਭ ਤੋ ਵੱਢੀਆਂ ਵਪਾਰਕ ਰੋਕਾਂ (US Trade embergo) ਲਗਾ ਦਿੱਤੀਆਂ।

ਪਰ ਉਸ ਵੇਲੇ ਕਿਊਬਾ ਲਈ ਸੋਵੀਅਤ ਰੂਸ ਸਹਾਈ ਹੋਇਆ। ਕਿਊਬਾ ਨੇ ਵਪਾਰ ਦਾ ਸਾਰਾ ਅਦਾਨ-ਪ੍ਰਦਾਨ ਸੋਵੀਅਤ ਰੂਸ ਨਾਲ ਕਰਨਾ ਸ਼ੁਰੂ ਕਰ ਦਿੱਤਾ। ਰੂਸ ਨੇ ਕਿਊਬਾ ਦੀ ਇੱਕ ਸਮਾਜਵਾਦੀ ਦੇਸ਼ ਹੋਣ ਦੇ ਨਾਤੇ ਕਾਫ਼ੀ ਮਦਦ ਕੀਤੀ। ਪਰ 1991 'ਚ ਸੋਵੀਅਤ ਰੂਸ ਦੇ ਟੁੱਟਣ ਨਾਲ ਅਤੇ ਅਮਰੀਕਾ ਵੱਲੋਂ ਲਗਾਈਆਂ ਵਪਾਰਕ ਰੋਕਾਂ ਕਾਰਨ ਕਿਊਬਾ ਦਾ ਅਰਥਚਾਰਾ ਕੌਮਾ 'ਚ ਧੱਕਿਆ ਗਿਆ। ਬੀਜਾਂ, ਖਾਦਾਂ, ਸਪਰੇਆਂ ਦੀ ਘਾਟ ਪੈ ਗਈ। ਗੰਨਾ ਖ਼ਰੀਦਣ ਵਾਲਾ ਕੋਈ ਗਾਹਕ ਨਾ ਰਿਹਾ। ਥੋੜੇ ਸਮੇਂ ਅੰਦਰ ਹੀ ਬਹੁਤੀਆਂ ਗੰਨਾ ਮਿੱਲਾਂ ਬੰਦ ਹੋ ਗਈਆਂ। ਲੋਕ ਬੇਰੁਜ਼ਗਾਰ ਹੋ ਗਏ। ਫ਼ਸਲਾਂ ਦੀ ਘਾਟ ਕਰਨ ਡੇਅਰੀ ਫਾਰਮਾਂ 'ਚ ਪਸ਼ੂ ਮਰਨ ਲੱਗੇ। ਦੇਸ਼ ਵਿਚ ਅੰਨ ਦੀ ਘਾਟ ਕਾਰਨ ਭੁੱਖਮਰੀ ਵਰਗੇ ਹਾਲਾਤ ਪੈਦਾ ਹੋ ਗਏ।

ਹੁਣ ਕਿਊਬਾ ਅੱਗੇ ਦੋ ਹੀ ਰਾਹ ਸੀ ਕਿ ਜਾਂ ਤਾਂ ਪੂੰਜੀਵਾਦੀ ਅਮਰੀਕਾ ਅੱਗੇ ਗੋਡੇ ਟੇਕ ਦੇਵੇ ਅਤੇ ਜਾਂ ਫਿਰ ਆਪਣਾ ਨਵਾਂ ਖੇਤੀਬਾੜੀ ਮਾਡਲ ਪੈਦਾ ਕਰੇ। ਕਿਊਬਾ ਵਿਚ ਬਹੁਤੀ ਜ਼ਮੀਨ ਸਟੇਟ ਦੀ ਹੀ ਹੈ; ਸਟੇਟ ਨੇ ਛੋਟੀ ਖੇਤੀਬਾੜੀ ਲਈ ਛੋਟੇ ਕਿਸਾਨਾਂ ਨੂੰ ਜ਼ਮੀਨਾਂ ਅਲਾਟ ਕੀਤੀਆਂ। ਕਿਊਬਾ ਕਦੇ ਵੀ ਆਪਣੀਆਂ ਲੋੜਾਂ ਪੂਰੀਆਂ ਕਰਨ ਜੋਗਾ ਅਨਾਜ ਨਹੀਂ ਪੈਦਾ ਕਰਦਾ ਸੀ। ਉਹ ਕੇਵਲ ਗੰਨੇ ਦੀ ਖੇਤੀ ਤੇ ਨਿਰਭਰ ਸੀ। ਨਵੇਂ ਮਾਡਲ ਅਨੁਸਾਰ ਉਨਾਂ ਨੇ ਲੋਕਾਂ ਨੂੰ ਪੰਜਾਹ ਤੋਂ ਵੱਧ ਵੱਖ-ਵੱਖ ਫ਼ਸਲਾਂ ਬੀਜਣ ਲਈ ਕਿਹਾ ਜਿਸ ਨਾਲ ਆਪਣੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਛੋਟੀ ਖੇਤੀ ਤੇ ਜ਼ਿਆਦਾ ਫ਼ਸਲਾਂ ਵਾਲਾ ਇਹ ਤਜਰਬਾ ਆਪਣਾ ਢਿੱਡ ਭਰਨ ਲਈ ਸਫਲ ਰਿਹਾ ਜਿਸ ਨੂੰ ਬਾਅਦ ਵਿਚ ਉਨਾਂ ਨੇ ਕੀਟਨਾਸ਼ਕ ਅਤੇ ਖਾਦਾਂ ਤੋਂ ਖਹਿੜਾ ਛਡਵਾਉਣ ਲਈ ਜੈਵਿਕ (organic) ਖੇਤੀ ਵਿਚ ਬਦਲਣਾ ਸ਼ੁਰੂ ਕਰ ਦਿੱਤਾ।

ਜੇ ਗੱਲ ਪੰਜਾਬ ਦੀ ਕਰੀਏ ਤਾਂ ਭਾਰਤ ਦੀ ਸਰਕਾਰ ਸਾਡੀਆਂ ਮਾਲ ਗੱਡੀਆਂ ਰੋਕ ਕੇ ਉਹੀ ਕੁਝ ਕਰ ਰਹੀ ਹੈ ਜਿਹੜਾ ਕੁਝ ਅਮਰੀਕਾ ਨੇ ਆਪਣੀ ਵਿਰੋਧੀ ਦੇਸ ਕਿਊਬਾ ਨਾਲ ਕੀਤਾ। ਕਿਸਾਨ ਜਥੇਬੰਦੀਆਂ ਦਿੱਲੀ ਅੱਗੇ ਗੋਡੇ ਟੇਕਣ ਦੀ ਥਾਂ ਤੇ ਨਵੇਂ ਖੇਤੀ ਮਾਡਲ ਲਈ ਕੰਮ ਕਰਨ। ਇਹ ਖੇਤੀ ਮਾਡਲ ਪੰਜਾਬ ਦੀ ਸਰਕਾਰ ਤੋਂ ਬਿਨਾਂ ਪੂਰੀ ਤਰਾਂ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਲਈ ਦਿੱਲੀ ਦੇ ਹਾੜੇ ਕੱਢਣੇ ਛੱਡ ਕੇ ਜਾਂ ਤਾਂ ਆਪਣੇ ਦਬਾਅ ਨਾਲ ਪੰਜਾਬ ਸਰਕਾਰ ਨੂੰ ਰਾਜ਼ੀ ਕਰੋ ਜਾਂ ਪੰਜਾਬ ਵਿਚ ਆਪਣੀ ਰਾਜਨੀਤਿਕ ਧਿਰ ਖੜੀ ਕਰਕੇ ਸੱਤਾ ਵਿਚ ਆਓ। ਕਿਊਬਾ 'ਚ ਨਾ ਤਾਂ ਜ਼ਮੀਨ ਪੰਜਾਬ ਜਿੰਨੀ ਅਪਜਾਊ ਹੈ ਅਤੇ ਨਾ ਹੀ ਵਾਤਾਵਰਣ ਪੰਜਾਬ ਵਰਗਾ ਹੈ ਜਿੱਥੇ ਸਾਲ ਵਿਚ ਤਿੰਨ-ਤਿੰਨ ਫ਼ਸਲਾਂ ਹੋ ਸਕਣ। ਇੱਥੇ ਪੰਜਾਬ 'ਚ ਛੋਟੀ ਖੇਤੀਬਾੜੀ ਲਈ ਲੋਕਾਂ ਕੋਲ ਪਹਿਲਾਂ ਹੀ ਛੋਟੇ-ਛੋਟੇ ਖੇਤ ਹਨ। ਇਸ ਧਰਤੀ ਤੇ ਕਣਕ-ਝੋਨੇ ਦੀ ਥਾਂ ਜ਼ਿਆਦਾ ਫ਼ਸਲਾਂ ਵਾਲਾ ਖੇਤੀ ਮਾਡਲ ਸਿਰਜਿਆ ਜਾ ਸਕਦਾ ਹੈ। ਪੰਜਾਬ ਨੂੰ ਕੋਈ ਚੀਜ਼ ਬਾਹਰੋਂ ਨਾ ਖ਼ਰੀਦਣੀ ਪਵੇ। ਆਪਣੀ ਲੋੜ ਜਿਨਾਂ ਅਨਾਜ ਇੱਥੇ ਹੀ ਪੈਦਾ ਕੀਤਾ ਜਾਵੇ। ਖੇਤੀਬਾੜੀ ਨਾਲ ਸਬੰਧਤ ਉਦਯੋਗ ਲਗਾਏ ਜਾਣ ਤਾਂ ਕਿ ਵਪਾਰੀਆਂ ਦਾ ਕੰਮ ਵੀ ਚੱਲਦਾ ਰਹੇ। ਆਪਣੇ ਵਾਪਰੀਆਂ ਰਾਹੀਂ ਭਾਰਤ ਤੋਂ ਬਾਹਰ ਹੋਰ ਮੰਡੀਆਂ ਲੱਭੀਆਂ ਜਾਣ। ਜੇਕਰ ਖਾਦਾਂ ਤੇ ਸਪਰੇਆਂ ਦਿੱਲੀ ਪੰਜਾਬ ਨਹੀਂ ਆਉਣ ਦਿੰਦੀ ਤਾਂ ਪੰਜਾਬ ਦਾ ਕਿਸਾਨ ਆਰਗੈਨਿਕ ਖੇਤੀ ਵੱਲ ਕਦਮ ਪਟੇ ਜਿਹੜੀ ਪੰਜਾਬ ਦੇ ਭਵਿੱਖ ਲਈ ਵੀ ਲਾਭਦਾਇਕ ਹੈ। ਅਜਿਹੇ ਵੱਡੇ ਫ਼ੈਸਲੇ ਔਖੇ ਸਮਿਆਂ ਵਿਚ ਹੀ ਲਏ ਜਾਂਦੇ ਹੁੰਦੇ ਹਨ। ਜੇ ਸੰਘਰਸ਼ ਦੇ ਰਸਤੇ ਪਏ ਹੋ ਤਾਂ ਰੱਬ ਦਾ ਵਾਸਤਾ ਰੇਲਾਂ ਚਲਾਉਣ ਲਈ ਲੇਲੜੀਆਂ ਨਾ ਕੱਢੋ ਆਪਣਾ ਰਸਤਾ ਅਖ਼ਤਿਆਰ ਕਰੋ। ਸਾਡਾ ਆਰਥਿਕ, ਰਾਜਨੀਤਕ, ਸਮਾਜਕ, ਧਾਰਮਿਕ ਤੇ ਸੱਭਿਆਚਾਰਕ ਸਨਮਾਨ ਦਿੱਲੀ ਤੇ ਨਿਰਭਰ ਰਹਿਣ 'ਚ ਨਹੀਂ ਹੈ। ਸਾਡੀ ਹੋਂਦ ਸਾਡੀ ਖ਼ੁਦਮੁਖ਼ਤਿਆਰੀ ਤੇ ਸਾਡੀ ਪ੍ਰਭੁਸਤਾ ਵਿਚ ਪਈ ਹੈ ਜੇਕਰ ਭਾਰਤੀ ਸਟੇਟ ਅੱਗੇ ਗੋਡੇ ਟੇਕ ਦਿੱਤੇ ਤਾਂ ਗੱਲ ਖ਼ਤਮ ਹੈ। ਫਿਰ ਉਹੀ ਖ਼ੁਦਕੁਸ਼ੀਆਂ, ਉਹੀ ਕਰਜ਼ੇ, ਉਹੀ ਪਰਵਾਸ ਤੇ ਉਹੀ ਉਜਾੜਾ।

# jus HINDI HD

## DAILY LIVE CALL IN SHOWS







## CALL NOW FOR SPECIAL ADVERTISEMENT RATES







America's Premiere Indian Television Channel

WATCH jus HINDI HD CHANNEL 725 ON

dish | sling TELEVISION

CALL TO ADVERTISE + 1-718-752-9293 | CALL TO SUBSCRIBE +1-800-246-6242

www.jusbroadcasting.com

# ਇੱਕ ਓਅੰਕਾਰ



- ਇਕਵਾਕ ਸਿੰਘ ਪੱਟੀ

ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ, ਹਮੇਸ਼ਾ ਹੀ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਰਹਿਣਗੀਆਂ, ਕਿਉਂਜੋ ਉਹ ਸਿੱਖਿਆਵਾਂ ਹਰੇਕ ਇਨਸਾਨੀ ਜਾਮੇ ਵਿੱਚ ਇਸ ਸੰਸਾਰ ਅੰਦਰ ਜਨਮ ਲੈਣ ਵਾਲੇ ਮਨੁੱਖ ਦੇ, ਮਨੁੱਖੀ ਅਧਿਕਾਰਾਂ ਦੀ ਗੱਲ ਤਾਂ ਕਰਦੀਆਂ ਹੀ ਹਨ, ਉੱਥੇ ਮਨੁੱਖਾ ਜਿੰਦਗੀ ਨੂੰ ਸੰਵਾਰਨ ਅਤੇ ਸੁਹਜ ਢੰਗ ਨਾਲ ਜਿਊਣ ਦੀ ਕਲਾ ਵੀ ਦੱਸਦੀਆਂ ਹਨ। ਭਾਵੇਂ ਕਿ ਮਨੁੱਖ ਨੇ ਆਪੋ-ਆਪਣੀ ਸੋਚ ਦੇ ਨਾਲ ਕਈ ਧਰਮ, ਮਜ਼ਬ, ਜਾਤਾ-ਪਾਤਾਂ ਆਦਿ ਬਣਾ ਕੇ ਆਪਣੇ ਆਪ ਨੂੰ ਹੀ, ਆਪਣੀ ਜਿੰਦਗੀ ਦੀ ਕੁੱਲ ਉਮਰ ਦੇ ਨਾਲੋਂ ਕਈ ਗੁਣਾਂ ਵੱਧ ਵੰਡੀਆਂ ਵਿੱਚ ਵੰਡ ਲਿਆ ਹੈ।

ਪਰ ਇਹ ਵੀ ਸੱਚ ਹੈ ਕਿ ਰੱਬ ਦੀ ਹੋਂਦ ਨੂੰ ਮੰਨਣ ਵਾਲਾ ਕੋਈ ਐਸਾ ਮਨੁੱਖ ਨਹੀਂ ਹੋਵੇਗਾ, ਜੋ ਬਾਬੇ ਨਾਨਕ ਦੇ 'ਇੱਕ' ਦੇ ਸਿਧਾਂਤ ਤੋਂ ਮੁਨਕਰ ਹੁੰਦਾ ਹੋਵੇ। ਬਾਬੇ ਨਾਨਕ ਦਾ 'ਪ੍ਰਮਾਤਮਾ ਇੱਕ ਹੈ' ਦਾ ਸਿਧਾਂਤ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਸਮਰੱਥਾ ਰੱਖਦਾ ਹੈ ਅਤੇ ਸ਼ਬਦ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭਤਾ ਵੀ ਬਾਬੇ ਨਾਨਕ ਦੀ 'ਜਪੁ' ਬਾਣੀ ਤੋਂ ਹੁੰਦੀ ਹੈ ਅਤੇ ਉੱਥੇ ਵੀ ਪਹਿਲਾਂ 'ਇੱਕ' ਤੋਂ ਸ਼ੁਰੂਆਤ ਹੁੰਦੀ ਹੈ। ਜੋ ਬ੍ਰਹਿਮੰਡ ਦੇ ਇਸ ਵੇਖੇ ਜਾਂ ਨਾ ਵੇਖੇ ਜਾ ਸਕਣ ਵਾਲੇ ਬੇਅੰਤ ਪਸਾਰੇ ਅਤੇ ਇਸਦੇ ਇੱਕੋ ਇੱਕ ਕਰਤੇ ਦਾ ਸੂਚਕ ਹੈ। ਇਸੇ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਸ ਮਹਾਨ ਸਤਿਕਾਰਤ ਗ੍ਰੰਥ ਦਾ ਪਹਿਲਾ ਅੱਖਰ ਹੀ ਐਨਾ ਵਿਸ਼ਾਲ ਹੈ ਤਾਂ ਸਮੁੱਚਾ ਗ੍ਰੰਥ, ਵਿਸ਼ਵ ਲਈ ਕਿੰਨਾ ਭਾਵਪੂਰਤ ਹੋਵੇਗਾ। ੴ ਨੂੰ ਸਿੱਖ ਵਿਚਾਰਧਾਰਾ ਦੀ ਨੀਂਹ ਕਿਹਾ ਜਾ ਸਕਦਾ ਹੈ। ੴ ਗੁਰਬਾਣੀ ਅੰਦਰ 568 ਵਾਰ ਦਰਜ ਹੈ, ਜਿਸ ਦਾ ਭਾਵ ਹੈ ਕਿ 'ਸ੍ਰਿਸ਼ਟੀ ਦੀ ਸਾਜਣਾ, ਪਾਲਣਾ ਅਤੇ ਨਾਸ਼ ਕਰਨ ਦੀ ਸਮਰੱਥਾ ਰੱਖਣ ਵਾਲਾ ਕਰਤਾ 'ਇੱਕ' ਹੈ ਅਤੇ ਉਹ ਹਰ ਥਾਈਂ ਕਣ ਕਣ ਵਿੱਚ ਸਰਬ ਵਿਆਪਕ ਹੈ। ਵਿਦਵਾਨਾਂ ਵੱਲੋਂ ੴ ਸ਼ਬਦ ਦਾ ਉਚਾਰਨ 'ਇੱਕ ਓਅੰਕਾਰ' ਜਾਂ 'ਏਕੰਕਾਰ' ਕੀਤਾ ਗਿਆ, ਭਾਵੇਂ ਕਿ ਕਿਤੇ ਨਾ ਕਿਤੇ ਇਸ ਦੇ ਉਚਾਰਨ ਸਬੰਧੀ ਮੱਤਭੇਦ ਹੈ, ਪਰ ਸਾਂਝੇ ਤੌਰ ਤੇ ਸਿੱਖ ਕੌਮ ਵੱਲੋਂ 'ਇੱਕ ਓਅੰਕਾਰ' ਹੀ ਪ੍ਰਵਾਨ ਕੀਤਾ ਹੋਇਆ ਹੈ। ਬਾਬੇ ਨਾਨਕ ਦੇ ਆਗਮਨ ਤੋਂ ਪਹਿਲਾਂ ਜਾਂ ਆਗਮਨ ਸਮੇਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਹਾਲਾਤ ਬਦ ਤੋਂ ਵੀ ਬਦਤਰ ਹੋ ਚੁੱਕੇ ਸਨ। ਹੁਕਮਰਾਨਾਂ ਵੱਲੋਂ ਲੁੱਟ-ਖਸੁੱਟ ਜਬਰੀ ਕੀਤੀ ਜਾਂਦੀ ਸੀ ਅਤੇ ਧਾਰਮਿਕ ਆਗੂਆਂ ਵੱਲੋਂ ਧਰਮ ਦੇ ਨਾਂ ਤੇ ਕਰਮ-ਕਾਂਡਾਂ, ਅੰਧਵਿਸ਼ਵਾਸਾਂ, ਆਡੰਬਰਾਂ ਦੇ ਨਾਂ ਤੇ ਮਨੁੱਖ ਦੀ ਲੁੱਟ ਕੀਤੀ ਜਾ ਰਹੀ ਸੀ। ਮਨੁੱਖ ਨੇ ਆਪੋ ਆਪਣੀ ਸੋਚ-ਸਮਝ ਅਨੁਸਾਰ ਵੱਖ-ਵੱਖ ਕਿਸਮਾਂ ਦੇ ਰੱਬ ਬਣਾ ਲਏ ਜਾਂ ਕਹਿ ਲਈਏ ਕੇ ਕੁੱਝ ਚਤੁਰ ਧਾਰਮਿਕ ਪੁਜਾਰੀਆਂ ਨੇ ਆਪਣਾ ਨਫ਼ਾ ਨੁਕਸਾਨ ਵੇਖਦੇ ਹੋਏ ਬਹੁਤ ਸਾਰੇ ਕਲਪਿਤ ਰੱਬਾ ਦਾ ਵਿਸ਼ਵਾਸ ਮਨੁੱਖੀ ਦਿਮਾਗਾਂ ਅੰਦਰ ਭਰ ਦਿੱਤਾ ਸੀ, ਜਿਸ ਕਰਕੇ ਅਨੇਕਤਾ ਦੀ ਪੂਜਾ ਵਿੱਚ ਵਾਧਾ ਹੋਇਆ। ਮਨੁੱਖਤਾ ਧਰਮ ਦੇ ਨਾਂ ਤੇ ਉੱਚੀਆਂ-ਨੀਵੀਂਆਂ ਜਾਤਾਂ-ਪਾਤਾਂ ਦੇ ਨਾਂ 'ਤੇ, ਰੰਗ-ਨਸਲ ਦੇ ਨਾਂ 'ਤੇ, ਅਮੀਰ-ਗ਼ਰੀਬ ਦੇ ਨਾਂ 'ਤੇ, ਰੰਗ-ਨਸਲ-ਭੇਦ ਦੇ ਨਾਂ 'ਤੇ ਬੁਰੀ ਤਰਾਂ ਵੰਡੀ ਪਈ ਸੀ।

'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥'
(ਸਲੋਕ ਮ:1, 145)

ਇਹ ਉਸ ਵੇਲੇ ਦੀ ਸਚਾਈ ਸੀ ਜਿਸ ਨੂੰ ਗੁਰੂ ਬਾਬੇ ਨਾਨਕ ਜੀ ਨੇ ਬਿਆਨ ਕੀਤਾ ਸੀ। ਇਸ ਲਈ ਮਨੁੱਖਤਾ ਇੱਕ ਧਾਗੇ ਵਿੱਚ ਪਰੋਣ ਲਈ, ਲੋਕ ਮਨਾਂ ਬਰਾਬਰਤਾ ਦਾ ਅਹਿਸਾਸ ਕਰਵਾਉਣ ਲਈ, ਅਣਖ ਅਤੇ ਗ਼ੈਰਤ ਭਰਿਆ ਸਤਿਕਾਰਤ ਜੀਵਣ ਜਿਊਣ ਲਈ, ਸਤਿਗੁਰੂ ਨਾਨਕ ਜੀ ਨੇ ਮਨੁੱਖਤਾ ਨੂੰ 'ਇੱਕ ਓਅੰਕਾਰ' ਦਾ ਸਿਧਾਂਤ ਬਖਸ਼ਿਸ਼ ਕੀਤਾ। ਆਪ ਵੀ 'ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥' ਨੂੰ ਮੰਨਿਆ ਵੀ ਤੇ ਪ੍ਰਚਾਰਿਆ ਵੀ। ਕਹੀ ਜਾਂਦੀ ਅਖੌਤੀ ਨੀਵੀਂ ਜਾਤ ਦੇ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਬਣਾਇਆ ਅਤੇ ਮਨੁੱਖੀ ਮਨਾਂ ਅੰਦਰ ਬਣੀ ਊਚ-ਨੀਚ, ਜਾਤ-ਪਾਤ ਦੀ ਕੰਧ ਨੂੰ ਢਹਿ ਢੇਰੀ ਕਰਦੇ ਹੋਏ ਐਲਾਨ ਕੀਤਾ, 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ। ਜਿਥੇ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥'

ਹਜ਼ਾਰਾਂ ਮੀਲ ਸਫ਼ਰ ਤੈਅ ਕੀਤਾ, ਲੰਮੇ ਪ੍ਰਚਾਰਕ ਦੌਰੇ ਕੀਤੇ ਅਤੇ ਮਨੁੱਖਤਾ ਨੂੰ 'ਕੁਦਰਿਤ ਕੇ ਸਭ ਬੰਦੇ' ਦਾ ਪਾਠ ਪੜਾਇਆ। ਮਨੁੱਖਤਾ ਨੂੰ ਦੱਸਿਆ ਕਿ ਪ੍ਰਮਾਤਮਾ ਇੱਕ ਹੈ ਅਤੇ ਉਹ ਹਰ ਥਾਂ ਹੈ, ਉਹ ਸਭ ਜੀਵਾਂ ਅੰਦਰ ਵੱਸਦਾ ਹੈ, 'ਸਭ ਮਹਿ ਜੋਤਿ ਜੋਤਿ ਹੈ ਸੋਇ॥'

ਗੁਰੂ ਨਾਨਕ ਸਾਹਿਬ ਜੀ ਦਾ 551ਵਾਂ ਪ੍ਰਕਾਸ਼ ਪੁਰਬ ਮਨਾਉਂਦੇ ਹੋਏ, ਆਓ! ਨਾਨਕ ਵਿਚਾਰਧਾਰਾ ਨੂੰ ਸੰਸਾਰ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਜਤਨ ਕਰੀਏ ਅਤੇ ਆਪ ਵੀ ਨਿੱਜਤਾ ਤੋਂ ਉੱਠ ਕੇ ਕਰਤੇ ਦੀ ਕੁਦਰਤ, ਮਨੁੱਖਤਾ ਦੀ ਸੇਵਾ ਅਤੇ ਮਨੁੱਖੀ ਬਰਾਬਰਤਾ ਦੇ ਸਿਧਾਂਤ ਨੂੰ ਆਪਣੇ ਜੀਵਣ ਦਾ ਹਿੱਸਾ ਬਣਾਈਏ। ਸਮੁੱਚੀ ਸ੍ਰਿਸ਼ਟੀ ਦੇ ਕਰਤਾ ਇੱਕ ਪ੍ਰਮਾਤਮਾ ਜਿਸ ਨੂੰ ਅੰਗਰੇਜ਼ੀ ਵਿੱਚ ਅਸੀਂ 'ਗਾਡ ਇਸ ਵੰਨ' ਕਹਿੰਦੇ ਹਾਂ ਅਤੇ ਗੁਰੂ ਸਾਹਿਬ ਨੇ ਇਸ ਨੂੰ ੴ 'ਇੱਕ ਓਅੰਕਾਰ' ਕਿਹਾ ਸੀ ਨੂੰ ਸਮਝਦੇ ਹੋਏ ਮਨੁੱਖਤਾ ਹੀ ਧਰਮ ਹੈ ਨੂੰ ਮੰਨੀਏ ਅਤੇ ਪ੍ਰਚਾਰੀਏ। ਗੁਰੂ ਰਾਖਾ!

# ਗੁਰੂ ਨਾਨਕ ਸਾਹਿਬ ਦਾ ਵਿਗਿਆਨਿਕ ਦ੍ਰਿਸ਼ਟੀਕੋਣ



- ਡਾਕਟਰ ਵਿਦਵਾਨ ਸਿੰਘ ਸੋਨੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਉਚਰੀ ਬਾਣੀ ਵਿਚ ਵਿਗਿਆਨਿਕ ਸੋਚ ਦੀ ਭਰਮਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਜੋ ਜਪੁਜੀ ਸਾਹਿਬ ਵਿਚ ਹੈ, ਉਸ ਵਿਚ ਵੀ ਉਨਾਂ ਨੇ ਲਿਖਿਆ ਹੈ,

**'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥'**

ਇਸ ਨੂੰ ਸੁਣ ਕੇ ਸਮਝ ਆਉਂਦਾ ਹੈ ਕਿ ਕਿਵੇਂ ਉਨਾਂ ਦੀ ਦਿੱਬ ਦ੍ਰਿਸ਼ਟੀ ਵਿਚ ਅਣਗਿਣਤ ਹੀ ਧਰਤੀਆਂ ਤੇ ਆਕਾਸ਼ਾਂ ਦੀ ਸੋਝੀ ਸਮਾਈ ਹੋਈ ਸੀ। ਏਥੇ ਲੱਖ ਤੋਂ ਭਾਵ 'ਅਣਗਿਣਤ ਹੈ'। ਵੇਦ ਤਾਂ ਓੜਕ ਭਾਲ ਕੇ ਇੱਕ ਆਕਾਸ਼ (ਦੇਵ ਲੋਕ), ਤੇ ਇੱਕ ਪਾਤਾਲ (ਸਮੁੰਦਰ ਦੇ ਹੇਠਾਂ ਜਾਂ ਧਰਤੀ ਹੇਠਾਂ) ਦੀ ਗੱਲ ਕਰਦੇ ਹਨ, ਪਰ ਗੁਰੂ ਸਾਹਿਬ ਨੇ ਕਿਹਾ ਕਿ ਉਹ ਤਾਂ ਅਨੇਕਾਂ ਹਨ:

**'ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥'**

ਆਕਾਸ਼ਾਂ ਪਾਤਾਲਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਉਸ ਨੂੰ ਲੇਖੇ ਦੁਆਰਾ ਪ੍ਰਗਟ ਨਹੀਂ ਕੀਤਾ ਜਾ ਸਕਦਾ ਭਾਵ ਮਨੁੱਖ ਦੀਆਂ ਮਿਥੀਆਂ ਲੇਖੇ ਦੀਆਂ ਇਕਾਈਆਂ (ਲੱਖ, ਕਰੋੜ, ਅਰਬ, ਅਸੰਖ ਆਦਿ) ਵੀ ਇਸ ਲੇਖੇ ਨੂੰ ਪ੍ਰਗਟਾਉਣ ਲਈ ਅਸਮਰਥ ਹਨ। ਇਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ। ਜਿੰਨਾ ਖੋਜੋ, ਇਹ ਓਨਾ ਹੋਰ ਡੂੰਘੀ ਦਿਸਦੀ ਹੈ।

ਇਸ ਸਥਿਤੀ ਦਾ ਵਿਗਿਆਨ ਨੂੰ ਹੁਣ ਅਹਿਸਾਸ ਹੋਇਆ ਹੈ। ਇਕ ਵਿਗਿਆਨਿਕ ਮਨ ਦੀ ਵਿਸਲੇਸ਼ਣਾਤਮਕ ਰੁਚੀ ਵੀ ਇਸ ਸੱਚ ਨੂੰ ਪਹਿਚਾਣ ਲੈਂਦੀ ਹੈ ਕਿ ਉਹ ਕਿੰਨੀ ਗਹਿਰਾਈ ਤੱਕ ਸੋਚ ਸਕਦੇ ਸੀ। ਇਕ ਸਤਰ ਹੋਰ ਹੈ ਜਿਵੇਂ;

**'ਏਹੁ ਅੰਤੁ ਨ ਜਾਣੈ ਕੋਇ॥**
**ਬਹੁਤਾ ਕਹੀਐ ਬਹੁਤਾ ਹੋਇ॥'**

ਜਦੋਂ ਬ੍ਰਹਿਮੰਡ ਉਪਜਿਆ ਸੀ ਤਾਂ ਤਾਰਾ ਵਿਗਿਆਨੀਆਂ ਦੀ ਸੋਚ ਅਨੁਸਾਰ ਓਦੋਂ ਬ੍ਰਹਿਮੰਡ ਇੱਕ ਸੁੰਨ ਅਵਸਥਾ ਵਿਚ ਸੀ। ਸਮਾਂ ਅਜੇ ਸ਼ੁਰੂ ਨਹੀਂ ਸੀ ਹੋਇਆ ਤੇ ਪਦਾਰਥ ਇੱਕ ਬਿੰਦੂ-ਨੁਮਾ ਗੋਲੇ ਵਿਚ ਸੰਕੁਚਿਤ ਸੀ। ਨਾ ਧਰਤੀ ਸੀ ਤੇ ਨਾ ਹੀ ਓਦੋਂ ਅਜੇ ਦਿਨ-ਰਾਤ ਬਣੇ ਸਨ, ਕੋਈ ਚੰਨ ਨਹੀਂ ਸੀ ਤੇ ਨਾ ਹੀ ਅੱਜ ਵਾਂਗ ਕੋਈ ਸੂਰਜ ਸੀ। ਉਹ ਗੋਲਾ ਫਟਿਆ, ਗੈਸਾਂ ਦਾ ਅੰਬਾਰ ਉਪਜਿਆ ਜਿਵੇਂ ਗੁਰੂ ਸਾਹਿਬ ਨੇ ਲਿਖਿਆ ਹੈ, ਓਵੇਂ ਹੀ:

**'ਅਰਬਦ ਨਰਬਦ ਧੁੰਧੂਕਾਰਾ॥**
**ਧਰਣਿ ਨ ਗਗਨਾ ਹੁਕਮੁ ਅਪਾਰਾ॥**
**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ**
**ਸੁੰਨ ਸਮਾਧਿ ਲਗਾਇਦਾ॥'**

ਗੁਰੂ ਨਾਨਕ ਦੇਵ ਜੀ ਕਿਸੇ ਵੀ ਬਹਿਸ ਵਿਚ ਆਪਣਾ ਸੰਤੁਲਿਤ ਦ੍ਰਿਸ਼ਟੀਕੋਣ ਕਾਇਮ ਰੱਖਦੇ ਹਨ। ਜਦੋਂ ਗੁਰੂ ਸਾਹਿਬ ਮੱਕੇ ਗਏ ਤਾਂ ਉਨਾਂ ਦੀ ਹਾਜੀਆਂ ਨਾਲ ਬਹਿਸ ਹੋਈ। ਹਾਜੀ ਕੁਰਾਨ ਖੋਲ ਕੇ ਪੁੱਛਣ ਲੱਗੇ ਕਿ ਹਿੰਦੂ ਚੰਗਾ ਹੁੰਦਾ ਹੈ ਕਿ ਮੁਸਲਮਾਨ? ਤਾਂ ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਦਾ ਇਹ ਉੱਤਰ ਸੀ,

**'ਬਾਬਾ ਆਖੇ ਹਾਜੀਆਂ ਸੁਭਿ**
**ਅਮਲਾਂ ਬਾਝਹੁ ਦੋਨੋ ਰੋਈ॥'** (**ਵਾਰ 1, ਪਾਉੜੀ** : 33)

ਇਹ ਸਾਰਾ ਕੁਝ ਮਨੁੱਖ ਜਾਤੀ ਦੇ ਇਕ ਹੋਣ ਦੀ ਗੱਲ ਕਰਦਾ ਹੈ। ਸੰਸਾਰ ਦਾ ਮਨੁੱਖ ਕਿਸੇ ਇਕ ਦੇਸ਼, ਕੌਮ ਜਾਂ ਫ਼ਿਰਕੇ ਦਾ
ਨਹੀਂ ਸਗੋਂ ਸਮੁੱਚੀ ਮਾਨਵ ਜਾਤ ਇਕ ਹੀ ਹੈ।ਗੁਰੂ ਨਾਨਕ ਸਾਹਿਬ ਦੀ ਪਾਖੰਡਾਂ ਦੇ ਵਿਰੁੱਧ ਨਿਰੋਲ ਵਿਗਿਆਨਿਕ ਸੋਚ ਸੀ। ਜਦੋਂ ਉਹ ਹਰਿਦੁਆਰ ਗਏ ਤਾਂ ਉਨਾਂ ਦੇਖਿਆ ਕਿ ਲੋਕ ਸੂਰਜ ਵੱਲ ਮੂੰਹ ਕਰ ਕੇ ਆਪਣੇ ਪਿਤਰਾਂ ਵੱਲ ਗੰਗਾ ਜਲ ਸੁੱਟ ਰਹੇ ਹਨ। ਗੁਰੂ ਜੀ ਨੇ ਓਧਰ ਪਿੱਠ ਕਰ ਕੇ ਤੇ ਕਰਤਾਰਪੁਰ ਸਾਹਿਬ ਵੱਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਲੋਕ ਪੁੱਛਣ ਲੱਗੇ ਕਿ ਇਹ ਕੀ ਕਰ ਰਹੇ ਹੋ? ਗੁਰੂ ਜੀ ਨੇ ਅੱਗੋਂ ਉਨਾਂ ਨੂੰ ਸਵਾਲ ਕੀਤਾ ਕਿ ਤੁਸੀਂ ਕੀ ਰਹੇ? ਲੋਕ ਕਹਿਣ ਲੱਗੇ ਕਿ ਅਸੀਂ ਤਾਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੈਂ ਆਪਣੇ ਪਿੰਡ ਕਰਤਾਰਪੁਰ ਵਿਖੇ ਆਪਣੇ ਖੇਤਾਂ ਵੱਲ ਪਾਣੀ ਸੁੱਟ ਰਿਹਾ ਹਾਂ। ਲੋਕੀਂ ਹੱਸ ਕੇ ਕਹਿਣ ਲੱਗੇ ਕਿ ਤੁਹਾਡਾ ਪਿੰਡ ਏਥੋਂ ਸੈਂਕੜੇ ਮੀਲ ਦੂਰ ਹੈ, ਉੱਥੇ ਪਾਣੀ ਕਿਵੇਂ ਪੁੱਜੇਗਾ? ਤਾਂ ਗੁਰੂ ਜੀ ਨੇ ਉਨਾਂ ਨੂੰ ਸਵਾਲ ਕੀਤਾ ਕਿ ਜੇ ਸੈਂਕੜੇ ਮੀਲਾਂ ਤੱਕ ਮੇਰਾ ਪਾਣੀ ਨਹੀਂ ਪੁੱਜ ਸਕਦਾ ਤਾਂ ਕਰੋੜਾਂ ਮੀਲ ਦੂਰ ਸੂਰਜ ਜਾਂ ਤੁਹਾਡੇ ਪਿਤਰਾਂ ਕੋਲ ਤੁਹਾਡਾ ਪਾਣੀ ਕਿਵੇਂ ਪੁੱਜ ਜਾਂਦਾ ਹੈ? ਸਾਰੇ ਗੁਰੂ ਜੀ ਦੀ ਗੱਲ ਸਮਝ ਗਏ। ਇੰਜ ਗੁਰੂ ਜੀ ਆਪਣੀਆਂ ਤਾਰਕਿਕ ਦਲੀਲਾਂ ਵਾਲੀ ਕਥਨੀ ਨੂੰ ਕਰਨੀ ਵਿਚ ਬਦਲਦੇ ਸਨ। ਗੁਰੂ ਨਾਨਕ ਦੇਵ ਜੀ ਕੁਦਰਤ ਦੇ ਕਵੀ ਸਨ। ਉਨਾਂ ਨੇ ਆਰਤੀ ਨੂੰ ਬ੍ਰਹਿਮੰਡੀ ਰੂਪ ਦੇ ਦਿੱਤਾ ਸੀ, ਤੇ ਸਾਰੀ ਸ੍ਰਿਸ਼ਟੀ ਦੀ ਹੀ ਆਰਤੀ ਉਤਾਰ ਦਿੱਤੀ;

**'ਗਗਨ ਮੈ ਥਾਲੁ ਰਵਿ ਚੰਦੁ ਦੀਪਕ**
**ਬਨੇ ਤਾਰਿਕਾ ਮੰਡਲ ਜਨਕ ਮੋਤੀ ॥'**

ਭਾਰਤ ਵਿਚ ਔਰਤ ਨੂੰ ਮਾੜਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਸ਼ਾਇਦ ਸਭ ਤੋਂ ਪਹਿਲੇ ਸਨ ਜਿਨਾਂ ਨੇ ਔਰਤ ਨੂੰ ਮਰਦ ਦੇ ਬਰਾਬਰ ਸਮਝਿਆ
ਸੀ।ਉਨਾਂਨੇਆਪਣੀਤਾਰਕਿਕਸੋਚਣੀਅਨੁਸਾਰਕਿਹਾਸੀ;

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

(**ਅੰਗ** : 473)

ਵਾਸਤਵ ਵਿਚ ਸਾਰੀ ਗੁਰਬਾਣੀ ਵਿਚ ਹੀ ਵਿਗਿਆਨਿਕ ਸੋਚ ਸੰਮਲਿਤ ਹੈ, ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਧਿਐਨ ਸੱਚਮੁੱਚ ਵਿਗਿਆਨਿਕ ਸੋਚ ਦੇ ਧਾਰਨੀਆਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਦਾ ਹੈ।



# ਗੁਰੂ ਨਾਨਕ ਬਾਣੀ 'ਚ ਵਹਿਮਾਂ-ਭਰਮਾਂ ਦਾ ਖੰਡਨ



- ਇੰਦਰਜੀਤ ਸਿੰਘ ਗੋਗੋਆਣੀ
(ਪ੍ਰਿੰਸੀਪਲ)

ਗੁਰੂ ਨਾਨਕ ਬਾਣੀ ਰੂਪੀ ਅਮੁੱਲ ਖ਼ਜ਼ਾਨਾ ਸਮੁੱਚੇ ਸਮਾਜ ਨੂੰ ਭਰਮ ਮੁਕਤ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਸ ਭਰਮ ਭਰਪੂਰ ਲੋਕ ਮਨਾਉਤ ਨੂੰ ਇਸ ਤਰਾਂ ਵਰਣਨ ਕੀਤਾ ਹੈ ਕਿ ਮੈਂ ਤੰਤਰ-ਮੰਤਰ ਆਦਿ ਪਾਖੰਡ ਨੂੰ ਕੁਝ ਨਹੀਂ ਜਾਣਦਾ, ਕਿਉਂਕਿ ਪ੍ਰਭੂ ਦਾ ਨਾਮ ਮੇਰੇ ਹਿਰਦੇ ਵਿਚ ਹੈ। ਫ਼ੁਰਮਾਣ ਹੈ:

'ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥'
(ਸੂਹੀ ਮਹਲਾ 1, ਅੰਗ : 766)

ਇਸ ਭਰਮ ਦੇ ਨਾਲ ਇਕ ਹੋਰ ਵੱਡਾ ਭਰਮ ਲੋਕ ਮਾਨਸਿਕਤਾ ਵਿਚ ਹੈ ਕਿ ਕਬਰਾਂ-ਮੜੀਆਂ ਦੇ ਨਾਉਂ ਉੱਤੇ ਮੁਰਦਿਆਂ ਦੀ ਪੂਜਾ ਹੁੰਦੀ ਹੈ। ਮੁਰਦੇ ਖ਼ਿਆਲਾਂ ਵਿਚ ਮੁਰਦੇ ਪੂਜਣ ਦੀ ਭਾਵਨਾ ਕਿਸੇ ਸਮਾਜ ਦੇ ਵਿਕਾਸ ਵਿਚ ਵੱਡੀ ਰੁਕਾਵਟ ਹੁੰਦੀ ਹੈ। ਇਸ ਤਰਾਂ ਮਨੁੱਖ ਅਨੇਕ ਪ੍ਰਕਾਰ ਦੇ ਕਈ ਭਰਮ ਸਿਰਜ ਕੇ ਡਰੂ ਬਿਰਤੀ ਵਾਲਾ ਹੋ ਕੇ ਰਹਿ ਜਾਂਦਾ ਹੈ। ਗੁਰੂ ਜੀ ਨੇ ਇਸ ਤਰਾਂ ਦੀ ਮੰਨਤਾਂ ਵਾਲੇ ਭਰਮੀਆਂ ਪ੍ਰਤੀ ਉਪਦੇਸ਼ ਦਿੱਤਾ ਹੈ:

**'ਦੁਬਿਧਾ ਨ ਪੜਉ ਹਰਿ ਬਿਨੁ ਹੋਰੁ**
**ਨ ਪੂਜਉ ਮੜੈ ਮਸਾਣਿ ਨ ਜਾਈ॥**
**ਤ੍ਰਿਸਨਾ ਰਾਚਿ ਨ ਪਰ ਘਰਿ**
**ਜਾਵਾ ਤ੍ਰਿਸਨਾ ਨਾਮਿ ਬੁਝਾਈ॥'**
**(ਸੋਰਠਿ ਮਹਲਾ 1, ਅੰਗ : 634)**

ਜੀਵ-ਜੰਤੂਆਂ ਦੀ ਬਲੀ ਤੋਂ ਲੈ ਕੇ ਮਨੁੱਖੀ ਬੱਚਿਆਂ ਦੀ ਬਲੀ ਦੇਣ ਤੱਕ ਦੀਆਂ ਖ਼ਬਰਾਂ ਵੀ ਭਰਮੀ ਸਮਾਜ ਵਿਚੋਂ ਮਿਲ ਜਾਂਦੀਆਂ ਹਨ, ਐਸੇ ਸਮਾਜ ਦੀ ਤਸਵੀਰ ਪੇਸ਼ ਕਰਦਿਆਂ ਹਨ। ਗੁਰੂ ਨਾਨਕ ਦੇਵ ਫ਼ੁਰਮਾਉਂਦੇ ਹਨ:

**'ਗਿਆਨ ਹੀਣੰ ਅਗਿਆਨ ਪੂਜਾ॥**
**ਅੰਧ ਵਰਤਾਵਾ ਭਾਉ ਦੂਜਾ॥'**
**(ਸਲੋਕ ਵਾਰਾਂ ਤੇ ਵਧੀਕ, ਮ: 1, ਅੰਗ : 1412)**

ਭਰਮੀ ਸਮਾਜ ਨੂੰ ਸ਼ੈਤਾਨ ਲੋਕ ਹਮੇਸ਼ਾ ਲੁੱਟਦੇ ਹਨ, ਕਿਉਂਕਿ ਭਰਮੀ ਮਨੁੱਖ ਨੂੰ ਹੋਰ ਭਰਮਾਂ ਵਿਚ ਪਾਉਣਾ ਬਹੁਤ ਸੌਖਾ ਹੁੰਦਾ ਹੈ, ਜਿਵੇਂ ਡਰੇ ਹੋਏ ਨੂੰ ਡਰਾਉਣਾ ਸੁਖਾਲਾ ਹੁੰਦਾ ਹੈ। ਦਿਨਾਂ-ਦਿਹਾਰਾਂ ਦੇ ਭਰਮ, ਥਿਤਾਂ-ਵਾਰਾਂ ਦੀਆਂ ਵਿਚਾਰਾਂ, ਸੂਰਜ-ਚੰਦ ਗ੍ਰਹਿਣ ਦਾ ਡਰ, ਧਾਗੇ-ਤਵੀਤਾਂ ਦਾ ਹਊਆ ਵਹਿਮੀ ਸਮਾਜ ਦੇ ਮਨਾਂ ਉੱਪਰ ਬੇਲੋੜਾ ਬੋਝ ਹੈ। ਗੁਰੂ ਜੀ ਜਗਤ ਗੁਰੂ ਸਨ ਤੇ ਉਹਨਾਂ ਨੇ 'ਨਿਰਭਉ ਤੇ ਨਿਰਵੈਰ' ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਸੰਸਾਰ ਨੂੰ ਵੀ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੱਤੀ। ਪੱਤਰੀਆਂ ਵਾਚ ਕੇ ਸਮਾਜ ਨੂੰ ਗੁੰਮਰਾਹ ਕਰਨ ਵਾਲਿਆਂ ਪ੍ਰਤੀ ਗੁਰੂ ਜੀ ਨੇ ਫ਼ੁਰਮਾਇਆ ਹੈ:

**'ਗਣਿ ਗਣਿ ਜੋਤਕੁ ਕਾਂਡੀ ਕੀਨੀ॥**
**ਪੜੈ ਸੁਣਾਵੈ ਤਤੁ ਨ ਚੀਨੀ॥**
**ਸਭਸੈ ਊਪਰਿ ਗੁਰ ਸਬਦੁ ਬੀਚਾਰੁ॥**
**ਹੋਰ ਕਥਨੀ ਬਦਉ ਨ ਸਗਲੀ ਛਾਰੁ॥'**
**(ਰਾਮਕਲੀ ਮਹਲਾ 1, ਅੰਗ : 904)**

ਭਾਵ ਗੁਰੂ ਦੇ ਸ਼ਬਦ ਦੀ ਵਿਚਾਰ ਸਭ ਤੋਂ ਉੱਪਰ ਹੈ, ਬਾਕੀ ਗੱਲਾਂ ਵਿਅਰਥ ਹਨ ਅਤੇ ਜੋ ਗਿਣਤੀਆਂ ਗਿਣ-ਗਿਣ ਕੇ ਜਨਮ-ਪੱਤਰੀ ਬਣਾਉਂਦਾ ਹੈ, ਉਹ ਸੱਚ ਨੂੰ ਨਹੀਂ ਸਮਝਦਾ। ਭਰਮੀ ਤੇ ਅੰਧ-ਵਿਸ਼ਵਾਸੀ ਸਮਾਜ ਵਿਚ ਮਕਰ ਫ਼ਰੇਬ ਨਾਲ ਲੋਕਾਈ ਦਾ ਸ਼ੋਸ਼ਣ ਕਰਨ ਵਾਲਿਆਂ ਦੇ ਗਰੋਹ ਬਣਦੇ ਹਨ।

ਜੋ ਮਿਹਨਤ ਨਾਲ ਕਮਾ ਕੇ ਖਾਂਦੇ ਹਨ, ਐਸੇ ਮਨੁੱਖ ਜੀਵਨ ਦੀ ਜੁਗਤ ਨੂੰ ਪਹਿਚਾਣਦੇ ਹਨ:

**'ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥' (ਅੰਗ : 1245)**

ਦਰਅਸਲ ਕਿਰਤ ਵਿਹੂਣਾ ਨਿਖੱਟੂ ਵਰਗ ਕਈ ਵਾਰੀ ਅੰਧ-ਵਿਸ਼ਵਾਸ ਤੇ ਝੂਠੀਆਂ ਅਫ਼ਵਾਹਾਂ ਫੈਲਾ ਕੇ ਭੋਲੇ ਭਾਲੇ ਸਮਾਜ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦਾ ਹੈ। ਫਿਰ ਇਨਾਂ ਦੇ ਚੁੰਗਲ ਵਿਚ ਫਸਿਆ ਹੋਇਆ ਸਮਾਜ ਗਿਆਨ ਪ੍ਰਾਪਤੀ ਤੋਂ ਬਿਨਾਂ ਛੁਟਕਾਰਾ ਨਹੀਂ ਪਾ ਸਕਦਾ। ਇਸ ਤਰਾਂ ਦੇ ਲੋਕਾਂ ਦੀ ਦਸ਼ਾ ਦਾ ਵਰਣਨ ਹੈ:

**'ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥'**
(ਵਾਰ ਮਲਾਰ ਕੀ, ਮਹਲਾ 1, ਅੰਗ : 1287)

ਸਾਡੇ ਸਮਾਜ ਦਾ ਇਹ ਵੀ ਇਕ ਭਰਮ ਹੈ ਕਿ ਕੱਪੜਿਆਂ ਨੂੰ ਰੱਤ ਲੱਗ ਜਾਵੇ ਤਾਂ ਅਸੀਂ ਜਾਮਾ ਪਲੀਤ ਹੋਇਆ ਸਮਝਦੇ ਹਾਂ, ਪਰ ਜਿਹੜੇ ਲੋਕ ਮਾਨਵਤਾ ਦੀ ਰੱਤ ਪੀਂਦੇ ਜਾਂ ਸ਼ੋਸ਼ਣ ਕਰਦੇ ਹਨ ਤਾਂ ਫਿਰ ਉਹ ਨਿਰਮਲ ਜਾਂ ਪਵਿੱਤਰ ਕਿਵੇਂ ਹੋ ਸਕਦੇ ਹਨ? ਗੁਰੂ ਜੀ ਦਾ ਸੰਦੇਸ਼ ਐਸੀ ਵਹਿਮੀ ਮਾਨਸਿਕਤਾ ਵਾਲੇ ਸਮਾਜ ਨੂੰ ਪ੍ਰੇਰਦਾ ਹੈ:

**'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ**
**ਤਿਨ ਕਿਉ ਨਿਰਮਲੁ ਚੀਤੁ॥'**
**(ਮਾਝ ਮਹਲਾ 1, ਅੰਗ : 140)**

ਭਾਵੇਂ ਇਸ ਧਰਤੀ 'ਤੇ ਕਿਰਤ ਕਰਨ ਵਾਲੇ, ਨਾਮ ਜਪਣ ਵਾਲੇ ਤੇ ਵੰਡ ਛਕਣ ਵਾਲੇ ਭਲੇ ਪੁਰਖਾਂ ਦੀ ਵੀ ਬਹੁਤਾਤ ਹੈ, ਜਿਹਨਾਂ ਦੇ ਜੀਵਨ ਵਿਚੋਂ ਗੁਰੂ ਨਾਨਕ ਸਿੱਖਿਆ ਪ੍ਰਤੱਖ ਝਲਕਦੀ ਹੈ, ਪਰ ਸਿੱਕੇ ਦੇ ਦੂਜੇ ਪਾਸੇ ਵਾਂਗ ਧਾਗੇ ਤਵੀਤ ਕਰਨ ਤੋਂ ਲੈ ਕੇ ਲਿਖ-ਲਿਖ ਕੇ ਮੰਤਰ ਤੇ ਨਾਮ ਵੇਚਣ ਵਾਲੇ ਵੀ ਸਾਧਾਰਨ ਮਾਨਵਤਾ ਨੂੰ ਭਰਮ ਪਾ ਕੇ ਲੁੱਟਣ ਲਈ ਵੱਡੀ ਗਿਣਤੀ 'ਚ ਕਾਰਜਸ਼ੀਲ ਹਨ। ਗੁਰੂ ਜੀ ਦੇ ਇਹ ਬਚਨ ਜਾਗ੍ਰਿਤ ਕਰਦੇ ਹਨ:

**ਧ੍ਰਿਗੁ ਤਿਨਾ ਕਾ ਜੀਵਿਆ**
**ਜਿ ਲਿਖ ਲਿਖ ਵੇਚਹਿ ਨਾਉ॥**
**(ਸਾਰੰਗ ਕੀ ਵਾਰ, ਮਹਲਾ 1, ਅੰਗ :1245)**

ਸੋ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਸਮਾਜ ਨੂੰ ਭਰਮ ਮੁਕਤ ਕਰਦੀ ਹੈ ਅਤੇ ਹਰ ਯੁੱਗ ਵਿਚ ਵਿਸ਼ਵ ਨੂੰ ਮਹਾਨ ਸੰਦੇਸ਼ ਹੈ।

# ਸਿੱਖ ਇਨਕਲਾਬ ਦੇ ਜਨਮਦਾਤਾ ਗੁਰੂ ਨਾਨਕ ਸਾਹਿਬ ਜੀ



- ਡਾਕਟਰ ਜਸਪਾਲ ਸਿੰਘ ਦਿੱਲੀ

ਗੁਰੂ ਨਾਨਕ ਸਾਹਿਬ ਨੇ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਆਗਾਜ਼ ਕੀਤਾ ਸੀ। ਇਸ ਸਮਾਜ ਦੀ ਬੁਨਿਆਦ ਮਨੁੱਖੀ ਅਧਿਕਾਰਾਂ ਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ ਉੱਪਰ ਰੱਖੀ ਗਈ ਸੀ। ਸਵੈ-ਮਾਣ ਤੇ ਸਹਿਹੋਂਦ ਇਸ ਬਹੁਲਵਾਦੀ ਸਮਾਜ ਦੀਆਂ ਮੁੱਖ ਖ਼ਾਸੀਅਤਾਂ ਸਨ। ਇਤਿਹਾਸਕ ਲਿਖਤਾਂ 'ਚੋਂ ਪੁਖ਼ਤਾ ਸੰਕੇਤ ਮਿਲਦੇ ਹਨ ਕਿ ਗੁਰੂ ਸਾਹਿਬ ਕਿਸੇ ਆਧਾਰ 'ਤੇ, ਕਿਸੇ ਵੀ ਵਰਗ ਨਾਲ ਵਿਤਕਰਾ ਹੁੰਦਾ ਨਹੀਂ ਸਨ ਵੇਖ ਸਕਦੇ। ਸਮਾਜਕ ਬਰਾਬਰੀ ਦੇ ਮੁੱਦਈ ਬਣ ਕੇ ਗੁਰੂ ਸਾਹਿਬ ਨੇ ਹਰ ਤਰਾਂ ਦੇ ਵਿਤਕਰੇ ਦਾ ਬੁਲੰਦ ਆਵਾਜ਼ ਵਿਚ ਵਿਰੋਧ ਕੀਤਾ ਸੀ ਅਤੇ ਨੀਵੇਂ ਕਹੇ ਜਾਣ ਵਾਲੇ ਦਲਿਤਾਂ ਦਾ ਸਾਥ ਦਿੱਤਾ ਸੀ।

ਫਿਰ ਗੁਰੂ ਸਾਹਿਬ ਨੇ ਜਾਤੀਵਾਦੀ ਵਿਵਸਥਾ ਦਾ ਸਿਰਫ਼ ਬਾਦਲੀਲ ਵਿਰੋਧ ਤੇ ਖੰਡਨ ਹੀ ਨਹੀਂ ਕੀਤਾ ਸਗੋਂ ਉਸ ਦੀ ਥਾਂ 'ਤੇ ਵਿਤਕਰਿਆਂ ਤੋਂ ਮੁਕਤ, ਸਮਾਜ ਉਸਾਰਨ ਲਈ ਜ਼ਮੀਨ ਵੀ ਤਿਆਰ ਕੀਤੀ ਸੀ। ਜਾਤੀਵਾਦੀ ਵਿਵਸਥਾ ਹੱਥੋਂ ਵਿਤਕਰੇ ਦੇ ਸ਼ਿਕਾਰ ਪਿਛੜੇ ਵਰਗ ਦੇ ਹਿਤਾਂ ਦੀ ਰਾਖੀ ਕਰਨ ਦੀ ਪਹਿਲੀ ਪ੍ਰਤੀਬੱਧਤਾ ਸਾਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿਚੋਂ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਜਾਤ-ਵਰਣ ਦੇ ਹੱਥ ਵਿਚ ਕੁਝ ਨਹੀਂ, ਪਰਖ ਤਾਂ ਸੱਚ ਦੇ ਆਧਾਰ 'ਤੇ ਹੋਵੇਗੀ।

ਜਾਤ ਦਾ ਅਹੰਕਾਰ ਤਾਂ ਇਕ ਜ਼ਹਿਰ ਹੈ। ਜਿਹੜਾ ਵੀ ਉਸ ਦਾ ਸੁਆਦ ਚੱਖਣ ਦੀ ਕੋਸ਼ਿਸ਼ ਕਰੇਗਾ, ਉਸ ਦੀ ਮੌਤ ਨਿਸ਼ਚਿਤ ਹੈ :

**ਜਾਤੀ ਦੈ ਕਿਆ ਹਥਿ ਸਚੁ ਪਰਖੀਐ॥**
**ਮਹੁਰਾ ਹੋਵੈ ਹਥਿ ਮਰੀਐ ਚਖੀਐ॥**
**(ਅੰਗ : 142)**

ਗੁਰੂ ਨਾਨਕ ਦੇਵ ਜੀ ਨੇ ਖੁੱਲਾ ਐਲਾਨ ਕੀਤਾ ਸੀ ਕਿ ਮਨੁੱਖ ਦੀ ਜਾਤ-ਪਾਤ ਉਸ ਦੇ ਜਨਮ ਤੋਂ ਨਹੀਂ, ਉਸ ਦੇ ਕਰਮਾਂ ਤੋਂ ਨਿਰਧਾਰਿਤ ਹੁੰਦੀ ਹੈ :

**'ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥'**
**(ਅੰਗ : 1330)**

ਸਿਰੀ ਰਾਗ 'ਚ ਅੰਕਿਤ ਗੁਰੂ ਸਾਹਿਬ ਦਾ ਇਹ ਵਾਕ, ਉਨਾਂ ਦੀ ਸਮੁੱਚੀ ਵਿਚਾਰਧਾਰਾ ਦੀ ਤਰਜਮਾਨੀ ਕਰਦਾ ਹੈ :

**'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥'**
**(ਅੰਗ : 15)**

ਜਾਤੀਵਾਦ ਤੋਂ ਇਲਾਵਾ ਇਕ ਵੱਡਾ ਮਸਲਾ ਸਾਧਨ-ਵਿਹੂਣੇ ਲੋਕਾਂ ਦੇ ਸ਼ੋਸ਼ਣ ਦਾ ਸੀ ਜਿਸ ਬਾਰੇ ਗੁਰੂ ਸਾਹਿਬ ਨੇ ਆਪਣਾ ਪ੍ਰਤੀਕਰਮ ਖੁੱਲ ਕੇ ਦਰਜ ਕੀਤਾ ਹੈ। ਅਸਲ ਵਿਚ, ਭਾਰਤੀ ਸਮਾਜ ਦਾ ਵੱਡਾ ਹਿੱਸਾ ਸਾਧਨ-ਵਿਹੂਣੇ ਲੋਕਾਂ ਦਾ ਸੀ ਜਿਹੜਾ ਸਮਾਜਕ ਤੇ ਆਰਥਿਕ ਪੱਖੋਂ ਕਮਜ਼ੋਰ ਅਤੇ ਨਿਰੰਤਰ ਵਿਤਕਰੇ, ਵੰਡ ਤੇ ਸ਼ੋਸ਼ਣ ਦਾ ਸ਼ਿਕਾਰ ਸੀ। ਗੁਰੂ ਸਾਹਿਬ ਨੇ ਆਰਥਿਕ ਸ਼ੋਸ਼ਣ ਰਾਹੀਂ ਵੱਡੇ ਰੁਤਬੇ 'ਤੇ ਪਹੁੰਚੇ ਲੋਕਾਂ ਵਿਰੁੱਧ ਤਿੱਖਾ ਰੋਸ ਪ੍ਰਗਟ ਕਰਦਿਆਂ ਅਤੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਸਰੀਰ ਉੱਪਰ ਪਹਿਨੇ ਬਸਤਰ 'ਤੇ ਲਹੂ ਦੀ ਛਿੱਟ ਪੈ ਜਾਵੇ ਤਾਂ ਉਹ ਅਪਵਿੱਤਰ, ਪਲੀਤ ਹੋ ਜਾਂਦਾ ਹੈ, ਤਾਂ ਫਿਰ ਜਿਹੜੇ ਲੋਕੀਂ ਸ਼ੋਸ਼ਣ ਕਰ ਕੇ ਗ਼ਰੀਬਾਂ ਦਾ ਲਹੂ ਪੀ ਕੇ ਵੱਡੇ ਰੁਤਬਿਆਂ 'ਤੇ ਪਹੁੰਚੇ ਹਨ, ਉਹ ਕਿਵੇਂ ਸਾਫ਼-ਸੁਥਰੇ, ਪਾਕ-ਸਾਫ਼ ਕਹੇ ਜਾ ਸਕਦੇ ਹਨ :

**'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥'**
**(ਅੰਗ : 140)**

ਸਮਾਜਕ ਬਣਤਰ ਦੇ ਹਵਾਲੇ ਨਾਲ, ਗੁਰੂ ਨਾਨਕ ਸਾਹਿਬ ਦੇ ਸਾਰੇ ਫ਼ਲਸਫ਼ੇ ਨੂੰ ਸਮਝਣ ਲਈ, ਭਾਈ ਲਾਲੋ ਦੇ ਘਰ ਗੁਰੂ ਸਾਹਿਬ ਦੀ ਫੇਰੀ ਵਾਲੀ ਇਤਿਹਾਸਕ ਘਟਨਾ ਦਾ ਜ਼ਿਕਰ ਇੱਥੇ ਜ਼ਰੂਰੀ ਹੈ। ਸਾਖੀਕਾਰਾਂ ਮੁਤਾਬਿਕ ਸੈਦਪੁਰ ਪਹੁੰਚਦਿਆਂ ਹੀ ਗੁਰੂ ਨਾਨਕ ਦੇਵ ਜੀ ਸਿੱਧੇ ਭਾਈ ਲਾਲੋ ਦੇ ਘਰ ਪਹੁੰਚ ਗਏ ਅਤੇ ਜਾ ਬੂਹਾ ਖੜਕਾਇਆ। ਸਾਖ਼ਸ਼ਾਤ ਦੀਦਾਰ ਕਰ ਕੇ ਲਾਲੋ ਨਿਹਾਲ ਹੋ ਗਿਆ।

ਮੁੱਢਲੀ ਆਓ-ਭਗਤ ਤੋਂ ਬਾਅਦ ਭਾਈ ਲਾਲੋ ਤੇ ਉਸ ਦੀ ਪਤਨੀ ਸੇਵਾ ਵਿਚ ਲੱਗ ਗਏ। ਭਾਈ ਲਾਲੋ ਨੇ ਆ ਕੇ ਕਿਹਾ, ਪ੍ਰਸ਼ਾਦ ਤਿਆਰ ਹੈ। ਤੁਹਾਡੀ ਜਾਤ ਉੱਚੀ ਹੈ, ਦੱਸੋ ਅੰਦਰ ਚੱਲ ਕੇ ਪ੍ਰਸ਼ਾਦ ਛਕੋਗੇ ਜਾਂ ਵਿਹੜੇ ਵਿਚ ਵੱਖਰਾ ਚਉਂਕਾ ਲਾਈਏ। ਬਾਬੇ ਨਾਨਕ ਨੇ ਫ਼ਰਮਾਇਆ, 'ਵਹਿਮ ਨ ਕਰ ਲਾਲੋ, ਜਿਤਨੀ ਧਰਤੀ ਹੈ ਓਨਾ ਹੀ ਮੇਰਾ ਚਉਂਕਾ ਹੈ।' ਬਹੁਤ ਸਪਸ਼ਟ ਹੈ, 'ਸਾਰੀ ਧਰਤੀ ਮੇਰਾ ਚਉਂਕਾ ਹੈ' ਦਾ ਸੰਦੇਸ਼ ਦੇਣਾ ਅਤੇ ਜਾਤੀਵਾਦੀ ਵਿਧਾਨ ਨੂੰ ਪੂਰੀ ਤਰਾਂ ਨਕਾਰਨਾ - ਇਕ ਵੱਡੀ ਕ੍ਰਾਂਤੀ ਦਾ ਸੰਦੇਸ਼ ਸੀ।

ਭਾਈ ਲਾਲੋ ਦੇ ਘਰ ਪੜਾਅ ਦੌਰਾਨ ਵਾਪਰੀ, ਮਲਕ ਭਾਗੋ ਦੇ ਬ੍ਰਹਮ-ਭੋਜ ਵਾਲੀ ਘਟਨਾ ਵੀ ਵੇਖਣ ਵਾਲੀ ਹੈ। ਪ੍ਰੰਪਰਿਕ ਲਿਖਤਾਂ ਅਨੁਸਾਰ ਗੁਰੂ ਸਾਹਿਬ ਨੇ ਮਲਕ ਭਾਗੋ ਦੇ ਸੱਦੇ ਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ। ਗੁਰੂ ਸਾਹਿਬ ਨੇ ਕਿਹਾ ਸੀ-ਸਾਡੇ ਲਈ ਕਿਸੇ ਬ੍ਰਹਮ-ਭੋਜ ਦੀ ਕੋਈ ਅਹਿਮੀਅਤ ਨਹੀਂ। ਲਾਲੋ ਦਾ ਸਾਦਾ ਭੋਜ ਬ੍ਰਹਮ-ਭੋਜ ਤੋਂ ਕਿਤੇ ਵੱਧ ਆਨੰਦਮਈ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਜਿਸ ਸਮਾਜਕ ਵਿਵਸਥਾ ਦਾ ਮੁੱਢ ਬੰਨ ਰਹੇ ਸਨ, ਉਸ ਦੇ ਵਿਧਾਨ ਦੇ ਤਿੰਨ ਮੂਲ ਸਿਧਾਂਤ ਹਨ - ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ। ਉਨਾਂ ਨੇ ਕਿਰਤ ਕਰਨ ਅਤੇ ਕਿਰਤ ਤੋਂ ਹੋਈ ਆਮਦਨੀ ਵਿਚੋਂ ਲੋੜਵੰਦਾਂ ਦੀ ਮਦਦ ਕਰਨ ਦੀ ਨਵੀਂ ਜੀਵਨ-ਜਾਚ ਦੱਸੀ ਸੀ। ਗੁਰੂ ਸਾਹਿਬ ਦਾ ਇਹ ਫ਼ੁਰਮਾਣ ਧਿਆਨ ਯੋਗ ਹੈ :

**'ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥' (ਅੰਗ : 1245)**

ਇਸਤਰੀ ਜਾਤੀ ਨਾਲ ਹੋ ਰਹੇ ਵਿਤਕਰੇ ਵਿਰੁੱਧ ਗੁਰੂ ਸਾਹਿਬ ਨੇ ਆਪਣਾ ਪੁਰਜ਼ੋਰ ਵਿਰੋਧ ਦਰਜ ਕੀਤਾ ਸੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਾਲੀ ਰਚਨਾ ਬਹੁਤ ਕੁਝ ਕਹਿ ਦਿੰਦੀ ਹੈ ਅਤੇ ਵਿਤਕਰੇ ਦੇ ਸੂਤਰਧਾਰਾਂ ਲਈ ਖੁੱਲੀ ਵੰਗਾਰ ਹੈ - ਇਹ ਰਚਨਾ :

**'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥'**
**(ਅੰਗ : 473)**

ਆਖ਼ਰ ਵਿਚ, ਕਹਿਣਾ ਚਾਹੁੰਦਾ ਹਾਂ ਕਿ ਇਤਿਹਾਸਕ ਤੱਥ ਇਸ ਹਕੀਕਤ ਦੀ ਗਵਾਹੀ ਭਰਦੇ ਹਨ ਕਿ ਭਾਰਤੀ ਸਮਾਜ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਂ ਰੌਸ਼ਨੀ, ਇਕ ਨਵੀਂ ਦਿਸ਼ਾ ਦਿੱਤੀ ਸੀ। ਇਕ ਐਸੇ ਸਮਾਜ ਦੀ ਸਿਰਜਣਾ ਦਾ ਸੰਕਲਪ ਦਿੱਤਾ ਸੀ ਜਿਹੜਾ ਵਸੀਆਂ ਪੱਧਰ 'ਤੇ ਬਰਾਬਰੀ ਅਤੇ ਭਾਈਚਾਰਕ ਸਾਂਝ ਉੱਪਰ ਆਧਾਰਿਤ ਹੈ। ਜਿਸ ਵਿਚ ਮਨੁੱਖੀ ਅਧਿਕਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਜਿਹੜਾ ਪੂਰੀ ਤਰਾਂ ਲੋਕ-ਹਿਤਕਾਰੀ ਹੈ। ਮੁੱਕਦੀ ਗੱਲ, ਗੁਰੂ ਸਾਹਿਬ ਨੇ ਬੜੀ ਸਖ਼ਤੀ ਨਾਲ ਵਿਤਕਰੇ ਅਤੇ ਤ੍ਰਿਸਕਾਰ ਵਾਲੀ ਰੀਤ ਨੂੰ ਪੂਰੀ ਤਰਾਂ ਨਕਾਰ ਕੇ ਇਕ ਨਵੇਂ ਮਨੁੱਖੀ ਹਿਤੂ ਇਨਕਲਾਬ ਰਚਿਆ।

# ਅਕਾਲੀ ਲਹਿਰ ਦੀ ਖ਼ਾਲਸਾ ਪੰਥ ਤੇ ਪੰਜਾਬ ਨੂੰ ਦੇਣ

**- ਮਹਿਲ ਸਿੰਘ ਪ੍ਰਿੰਸੀਪਲ**

ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਲਹਿਰ ਨੇ ਇਕ ਸ਼ਤਾਬਦੀ ਪੂਰੀ ਕਰ ਲਈ ਹੈ। ਇਨਾਂ ਦਾ ਆਰੰਭ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਦੇ ਆਖ਼ਰੀ ਸਾਲ ਦੇ (1920) ਵਿਚ ਹੋਇਆ। ਗੁਰੂ ਸਾਹਿਬਾਨ ਦੇ ਵਡਮੁੱਲੇ ਯੋਗਦਾਨ ਤੋਂ ਬਾਅਦ ਪੈਦਾ ਹੋਈ ਸਿੱਖ ਲਹਿਰ ਦੇ ਸੰਘਰਸ਼ ਦੀ ਵੱਡੀ ਰਾਜਸੀ ਪ੍ਰਾਪਤੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਜੋਂ ਸਾਹਮਣੇ ਆਉਂਦੀ ਹੈ। ਇਸ ਤੋਂ ਬਾਅਦ ਵੀਹਵੀਂ ਸਦੀ ਦੇ ਆਰੰਭ ਵਿਚ ਅੰਗਰੇਜ਼ੀ ਰਾਜ ਸਮੇਂ ਗੁਰਦੁਆਰਾ ਸੁਧਾਰ ਤੇ ਅਕਾਲੀ ਲਹਿਰ ਦਾ ਆਗਾਜ਼ ਗੁਰਦੁਆਰਿਆਂ ਨਾਲ ਜੁੜੇ ਮਸਲਿਆਂ ਨੂੰ ਨਜਿੱਠਣ ਦੀ ਲੋੜ ਵਜੋਂ ਹੁੰਦਾ ਹੈ। ਇਨਾਂ ਦੋ ਮਹਾਨ ਸੰਸਥਾਵਾਂ ਦੇ ਆਰੰਭ ਦਾ ਫੌਰੀ ਕਾਰਨ ਕੋਈ ਇਕ ਨਹੀਂ ਸੀ। ਇਸ ਦੇ ਪਿੱਛੇ ਇਕ ਲੰਮੀ ਇਤਿਹਾਸਕ ਪ੍ਰਕਿਰਿਆ ਕੰਮ ਕਰਦੀ ਵਿਖਾਈ ਦਿੰਦੀ ਹੈ।

ਪੰਜਾਬ 1849 ਵਿਚ ਪੂਰਨ ਰੂਪ ਵਿਚ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ ਸੀ। ਕੁਝ ਇਤਿਹਾਸਕਾਰ 19ਵੀਂ ਸਦੀ ਦੇ ਪਿਛਲੇ ਅੱਧ (1850 ਤੋਂ 1900) ਨੂੰ ਇਕ ਤਰਾਂ ਨਾਲ ਅਮਨ-ਸ਼ਾਂਤੀ ਦਾ ਸਮਾਂ ਮੰਨਦੇ ਹਨ। ਇਸ ਨੂੰ ਆਧੁਨਿਕ ਪੰਜਾਬ ਦੇ ਆਰੰਭ ਵਜੋਂ ਵੇਖਿਆ ਜਾਂਦਾ ਹੈ। ਨਵੀਂ ਕਿਸਮ ਦੀਆਂ ਵਿੱਦਿਅਕ ਤੇ ਹੋਰ ਮਹਿਕਮਿਆਂ/ ਸੰਸਥਾਵਾਂ ਦਾ ਆਰੰਭ ਹੁੰਦਾ ਹੈ। ਰੇਲਾਂ, ਸੜਕਾਂ ਤੇ ਨਹਿਰਾਂ ਦਾ ਜਾਲ ਵਿਛਾਇਆ ਜਾਂਦਾ ਹੈ। ਪੰਜਾਬ ਦੇ ਨੌਜਵਾਨਾਂ ਦੀ ਅੰਗਰੇਜ਼ਾਂ ਵੱਲੋਂ ਫ਼ੌਜ ਵਿਚ ਖੁੱਲਦਿਲੀ ਨਾਲ ਭਰਤੀ ਕੀਤੀ ਗਈ ਸੀ। ਅੰਗਰੇਜ਼ ਹਾਕਮ ਸਿੱਖ ਫ਼ੌਜ ਦੀ ਭਰਤੀ ਰਾਹੀਂ ਬਾਕੀ ਭਾਰਤ ਨੂੰ ਕਾਬੂ ਵਿਚ ਰੱਖਣ ਦੇ ਰੌਂਅ ਵਿਚ ਸਨ। ਪਹਿਲੀ ਸੰਸਾਰ ਜੰਗ ਵਿਚ ਤਕਰੀਬਨ ਇਕ ਲੱਖ ਸਿੱਖ ਨੌਜਵਾਨ ਫ਼ੌਜ ਵਿਚ ਭਰਤੀ ਹੋਏ ਸਨ। ਸਿੱਖਾਂ ਉੱਤੇ ਰਾਜ ਕਰਕੇ ਅੰਗਰੇਜ਼ ਹੋਰਨਾਂ ਉੱਤੇ ਰਾਜ ਕਰਨ ਲਈ ਸਿੱਖਾਂ ਨੂੰ ਵਰਤ ਰਹੇ ਸਨ। ਸ਼ੁਰੂ ਵਿਚ ਅੰਗਰੇਜ਼ਾਂ ਦੀ ਸਿੱਖਾਂ ਪ੍ਰਤੀ ਹੌਸਲਾ-ਅਫ਼ਜ਼ਾਈ ਵਾਲੀ ਨੀਤੀ ਕਾਰਨ 1847 ਦਾ ਗ਼ਦਰ ਪੰਜਾਬ ਵਿਚ ਅਲੱਗ-ਥਲੱਗ ਪੈ ਗਿਆ ਸੀ। ਪਰ ਉਪਰੋਕਤ ਦਾ ਇਹ ਭਾਵ ਵੀ ਨਹੀਂ ਕਿ ਇਸ ਸਮੇਂ ਸਿੱਖਾਂ ਵਿਚ ਅੰਗਰੇਜ਼ੀ ਰਾਜ ਪ੍ਰਤੀ ਕੋਈ ਪ੍ਰਤੀਕਰਮ ਹੀ ਨਹੀਂ ਸੀ। ਸਭ ਤੋਂ ਪਹਿਲਾਂ ਕੂਕਾ/ਨਾਮਧਾਰੀ ਲਹਿਰ (1870) ਦਾ ਵਿਦਰੋਹੀ ਖ਼ਾਸਾ ਸਾਹਮਣੇ ਆਉਂਦਾ ਹੈ। ਇਸ ਦੇ ਵੱਡੇ ਸੰਚਾਲਕ ਭਾਈ ਰਾਮ ਸਿੰਘ ਸਨ। ਅੰਗਰੇਜ਼ਾਂ ਵਿਰੁੱਧ ਅਜੇ ਵਧੇਰੇ ਸਿੱਖ ਜਨ-ਸਮੂਹ ਜਾਂ ਤਾਂ ਸੁਖਾਂਤਭਾਵੀ ਸੀ ਜਾਂ ਅਜੇ ਇਸ ਵਿਦੇਸ਼ੀ ਰਾਜ ਤੋਂ ਬੇਪ੍ਰਵਾਹ ਸੀ। ਅੰਗਰੇਜ਼ ਰਾਜਸੀ ਗਲਬੇ ਦੇ ਨਾਲ-ਨਾਲ ਆਪਣੇ ਸੱਭਿਆਚਾਰਕ ਗਲਬੇ ਲਈ ਪੰਜਾਬ ਵਿਚ ਥਾਂ-ਥਾਂ ਇਸਾਈ ਮਤ ਦਾ ਪ੍ਰਚਾਰ ਕਰਨ ਲੱਗੇ ਸਨ। ਇਸ ਮਕਸਦ ਲਈ ਇਸਾਈ ਮਿਸ਼ਨਰੀਆਂ ਵੱਲੋਂ ਬਾਈਬਲ ਤੇ ਟਰੈਕਟ ਸੁਸਾਇਟੀ (1863) ਕਾਇਮ ਕੀਤੀ ਗਈ ਸੀ। ਇਹ ਸੁਸਾਇਟੀ ਟ੍ਰੈਕਟਾਂ ਅਤੇ ਚੈਂਪੱਤਰਿਆਂ ਦੇ ਰੂਪ ਵਿਚ ਇਸਾਈ ਮਤ ਦਾ ਪ੍ਰਚਾਰ ਕਰਨ ਲੱਗੀ ਸੀ। ਇਸ ਨੀਤੀ ਨੂੰ ਪ੍ਰਭਾਵੀ ਢੰਗ ਨਾਲ ਪ੍ਰਚਾਰਨ ਲਈ ਸ਼ਹਿਰਾਂ ਵਿਚ ਛਾਪਾਖਾਨੇ ਲਗਾਏ ਸਨ। ਅੰਗਰੇਜ਼ੀ ਸਰਕਾਰ ਦੌਰਾਨ ਸਰਕਾਰੀ ਨੌਕਰੀਆਂ ਦੇਣ ਵੇਲੇ ਇਸਾਈ ਮਤ ਧਾਰਨ ਕਰਨ ਵਾਲਿਆਂ ਨੂੰ ਕਈ ਛੋਟਾਂ ਮਿਲ ਰਹੀਆਂ ਸੀ। ਕਿਉਂਕਿ ਇਸਾਈ ਮਤ ਹਕੂਮਤ ਜਾਂ ਸੱਤਾਧਾਰੀ ਵਿਵਸਥਾ ਦਾ ਧਰਮ ਸੀ, ਇਸ ਕਰਕੇ ਇਸ ਦਾ ਆਪਣਾ ਵਧੇਰੇ ਜਲੌਅ ਬਣਨ ਲੱਗਾ ਸੀ। ਪੰਜਾਬ ਦੀਆਂ ਬਹੁਤ ਸਾਰੀਆਂ ਹਾਸ਼ੀਆਗ੍ਰਸਿਤ ਧਿਰਾਂ ਰੁਜ਼ਗਾਰ ਦੀ ਲੋੜ ਕਾਰਨ ਇਸਾਈ ਮਤ ਵੱਲ ਖਿਸਕਣ ਲੱਗੀਆਂ ਸਨ। ਇਸਾਈ ਮਤ ਧਾਰਨ ਕਰਨ ਵਾਲਿਆਂ ਦਾ ਇਕ ਤਾਂ ਵਿਦੇਸ਼ੀ ਹਕੂਮਤ ਨਾਲ ਨਾਤਾ ਸੱਤਾ ਕਾਰਨ ਜੁੜਦਾ ਸੀ ਤੇ ਦੂਜਾ ਨਾਲ ਨਵਾਂ ਸਮਾਜਿਕ ਸਵੈਮਾਣ ਵੀ ਪੈਦਾ ਹੁੰਦਾ ਸੀ। ਅਜਿਹੇ ਪ੍ਰਚਾਰ ਦੇ ਪ੍ਰਤੀਕਰਮ ਵਜੋਂ ਰਈਸ, ਬੁੱਧੀਜੀਵੀ ਤੇ ਪੜੇ-ਲਿਖੇ ਸਿੱਖ ਵੀ ਸਾਵਧਾਨ ਹੋਣ ਲੱਗੇ। ਇਸ ਦੇ ਸਿੱਟੇ ਵਜੋਂ ਹੀ 1873 ਵਿਚ 'ਸਿੰਘ ਸਭਾ ਲਹਿਰ' ਪੈਦਾ ਹੋਈ। ਫਿਰ ਕੁਝ ਅਰਸੇ ਬਾਅਦ 1886 ਵਿਚ ਵੱਡੇ ਸ਼ਹਿਰਾਂ ਵਿਚ 'ਖ਼ਾਲਸਾ ਦੀਵਾਨ' ਬਣਨ ਲੱਗੀਆਂ ਸਨ। ਫਿਰ 1901 ਵਿਚ ਇਕ ਕੇਂਦਰੀ ਤੇ ਸਾਂਝੀ ਜਥੇਬੰਦੀ ਵਜੋਂ ਚੀਫ਼ ਖ਼ਾਲਸਾ ਦੀਵਾਨ ਬਣੀ। ਸਿੱਖਾਂ ਦੀਆਂ ਇਹ ਜਥੇਬੰਦੀਆਂ ਪੜੇ-ਲਿਖੇ ਤੇ ਉੱਚੇ ਜਾਗ੍ਰਿਤ ਤਬਕੇ ਵਿਚੋਂ ਸਨ। ਇਨਾਂ ਨੇ ਸਿੱਖਾਂ ਵਿਚ ਵਿੱਦਿਅਕ ਪਾਸਾਰ ਲਈ ਬੇਮਿਸਾਲ ਕੰਮ ਕੀਤਾ। ਇਸ ਦੇ ਸਿੱਟੇ ਵਜੋਂ ਹੀ ਹੋਰ ਕਈ ਖ਼ਾਲਸਾ ਸਕੂਲਾਂ ਤੇ ਸੰਸਥਾਵਾਂ ਦੇ ਨਾਲ-ਨਾਲ 1892 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਰਗੀ ਸ਼ਾਨਾਮੱਤੀ ਸੰਸਥਾ ਹੋਂਦ ਵਿਚ ਆਈ। ਇਨਾਂ ਸਿੱਖ ਸਭਾਵਾਂ ਦਾ ਖ਼ਾਸਾ ਸਰਕਾਰ ਨਾਲ ਤਾਲਮੇਲ ਰੱਖ ਕੇ ਸਿੱਖਾਂ ਲਈ ਕੁਝ ਹਾਸਲ ਕਰਨਾ ਸੀ। ਸਿੱਖਾਂ ਤੇ ਸਿੱਖੀ ਦੇ ਪ੍ਰਚਾਰ ਲਈ 'ਖ਼ਾਲਸਾ ਸਮਾਚਾਰ'



ਸਪਤਾਹਿਕ ਅਖ਼ਬਾਰ ਦਾ ਆਰੰਭ 1899 ਵਿਚ ਸੰਪਾ. ਭਾਈ ਵੀਰ ਸਿੰਘ ਦੇ ਪਿਤਾ ਡਾ: ਚਰਨ ਸਿੰਘ ਨੇ ਕੀਤਾ ਸੀ। ਕਿਉਂਕਿ, 1857 ਦੇ ਗ਼ਦਰ ਤੇ ਕੂਕਾ ਲਹਿਰ ਦੇ ਫ਼ੇਲ ਹੋ ਜਾਣ ਕਾਰਨ ਸ਼ੁਰੂ ਵਿਚ ਵਿਦੇਸ਼ੀ ਰਾਜ ਵਿਰੁੱਧ ਕੋਈ ਸਿੱਧਾ ਵੱਡਾ ਵਿਰੋਧੀ ਮੁਹਾਜ਼ ਨਹੀਂ ਸੀ ਬਣ ਰਿਹਾ। ਇਸ ਕਰਕੇ ਸ਼ੁਰੂ ਵਿਚ ਸਰਕਾਰ ਦਾ ਹੱਥ ਫੜ ਕੇ ਆਪਣਿਆਂ ਲਈ, ਕੁਝ ਹਾਸਲ ਕਰਨ ਦੀ ਨੀਤੀ ਵਰਤੀ ਜਾ ਰਹੀ ਸੀ। 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਵਰਗੀਆਂ ਜਥੇਬੰਦੀਆਂ ਦੇ ਯਤਨਾਂ ਸਦਕਾ ਹੋਂਦ ਵਿਚ ਆਈਆਂ ਸਿੱਖ ਸੰਸਥਾਵਾਂ ਸਿੱਖਾਂ ਨੂੰ ਕਈ ਪੱਖਾਂ ਤੋਂ ਜਾਗ੍ਰਿਤ ਕਰਨ ਲੱਗੀਆਂ ਸਨ। ਸ਼ੁਰੂ ਦੀ ਅਜਿਹੀ ਜਾਗ੍ਰਿਤੀ ਹੀ ਗੁਰਦੁਆਰਿਆਂ ਦੇ ਸੁਧਾਰ ਸਬੰਧੀ ਪ੍ਰੇਰਨਾ-ਸ੍ਰੋਤ ਬਣਦੀ ਹੈ। ਇਨਾਂ ਨੇ ਆਪਣੇ ਕਈ ਪ੍ਰਚਾਰ ਸਾਧਨ ਵੀ ਈਜਾਦ ਕੀਤੇ ਸਨ। ਇਸੇ ਕਰਕੇ ਅੰਦਰੋ-ਅੰਦਰ ਅੰਗਰੇਜ਼ ਹਾਕਮਾਂ ਨੂੰ 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਤੋਂ ਵੀ ਖ਼ਤਰਾ ਭਾਸਦਾ ਸੀ, ਕਿਉਂਕਿ ਸਿੱਖੀ ਦੀ ਪੁਨਰ-ਸੁਰਜੀਤੀ ਦੀ ਲਹਿਰ ਨਾਲ ਸਿੱਖਾਂ ਵਿਚ ਆਪਣੇ ਗੁਆਚੇ ਰਾਜ ਦੀ ਵੀ ਮੁੜ ਯਾਦ ਆ ਰਹੀ ਸੀ। ਇਸ ਪੱਖ ਤੋਂ ਅੰਗਰੇਜ਼ ਹਕੂਮਤ ਹੋਰ ਸਿੱਖ ਸਭਾਵਾਂ ਦੇ ਨਾਲ-ਨਾਲ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਵੀ ਸ਼ੱਕੀ ਨਜ਼ਰ ਨਾਲ ਵੇਖ ਰਹੀ ਸੀ। ਕਿਉਂਕਿ ਅੰਗਰੇਜ਼ਾਂ ਦੀ ਇਹ ਸੋਚ ਸੀ ਕਿ ਜੋ ਉਨਾਂ ਮੁਤਾਬਿਕ ਨਹੀਂ ਸੋਚਦਾ ਜਾਂ ਚਲਦਾ, ਉਹ ਅੰਗਰੇਜ਼ੀ ਰਾਜ ਦਾ ਦੁਸ਼ਮਣ ਹੀ ਹੈ।

ਅੰਗਰੇਜ਼ੀ ਰਾਜ ਦੌਰਾਨ ਸ਼ੁਰੂ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਸੱਚੀ-ਸੁੱਚੀ ਧਾਰਮਿਕ ਭਾਵਨਾ ਵਾਲੇ ਸੇਵਾ-ਪੰਥੀਆਂ ਤੇ ਨਿਰਮਲੇ ਸੰਤਾਂ ਵੱਲੋਂ ਕੀਤਾ ਜਾਂਦਾ ਸੀ। ਸਹਿਜੇ-ਸਹਿਜੇ ਅੰਗਰੇਜ਼ਾਂ ਦੀ ਸ਼ਹਿ ਤੇ ਸਰਪ੍ਰਸਤੀ ਹੇਠ ਗੁਰਦੁਆਰਿਆਂ ਉੱਤੇ ਪੁਜਾਰੀ, ਮਹੰਤ ਤੇ ਸਰਬਰਾਹ ਕਾਬਜ਼ ਹੁੰਦੇ ਗਏ , ਕਿਉਂਕਿ ਅੰਗਰੇਜ਼ ਹਾਕਮ ਗ਼ੁਲਾਮ ਕੌਮਾਂ ਦੇ ਸਭ ਵਸੀਲਿਆਂ ਉੱਤੇ ਆਪਣਾ ਕਬਜ਼ਾ ਜਮਾਈ ਰੱਖਣਾ ਚਾਹੁੰਦੇ ਸਨ। ਹਰ ਗੁਰਦੁਆਰੇ ਉੱਪਰ ਮੁਖੀ ਵਜੋਂ ਅੰਗਰੇਜ਼ਾਂ ਵੱਲੋਂ ਸਥਾਪਤ ਸਰਬਰਾਹ ਕੰਮ ਕਰਦਾ ਸੀ। ਅਜਿਹੇ ਨਵੇਂ ਕਬਜ਼ਾਧਾਰੀਆਂ ਦਾ ਜੀਵਨ ਤੇ ਚੱਲਣ ਸਿੱਖ ਮਰਯਾਦਾ ਦੇ ਮਿਆਰ ਮੁਤਾਬਿਕ ਨਹੀਂ ਸੀ। ਹਕੂਮਤ ਦੇ ਮਹੰਤਾਂ ਲਈ ਗੁਰਦੁਆਰੇ ਇਕ ਤਰਾਂ ਨਾਲ ਰੁਜ਼ਗਾਰ, ਰੋਟੀ-ਰੋਜ਼ੀ ਤੇ ਪੈਸੇ ਦੇ ਵਸੀਲੇ ਸਨ। ਅੰਗਰੇਜ਼ਾਂ ਵੱਲੋਂ ਨਹਿਰਾਂ ਕੱਢ ਕੇ ਬਾਰਾਂ ਵਸਾਈਆਂ ਗਈਆਂ ਸਨ। ਕਿਸਾਨੀ ਵਿਚ ਨਹਿਰੀ ਪਾਣੀ ਨਾਲ ਜ਼ਮੀਨਾਂ ਆਬਾਦ ਹੋਣ ਨਾਲ ਵੱਡੀ ਖ਼ੁਸ਼ਹਾਲੀ ਆਈ ਸੀ। ਇਸ ਕਾਰਨ ਧਾਰਮਿਕ ਅਸਥਾਨਾਂ ਵਿਚ ਵੀ ਚੜਾਵਾ ਵਧਣ ਲੱਗਾ ਸੀ। ਇਸ ਨਾਲ ਮਹੰਤ ਤੇ ਪੁਜਾਰੀ ਅੱਯਾਸ਼ੀ ਕਰਨ ਲੱਗੇ। ਪੈਸਾ ਘੱਟ ਹੋਣ ਦੀਆਂ ਆਪਣੀਆਂ ਮੁਸੀਬਤਾਂ ਹਨ ਤੇ ਵੱਧ ਹੋਣ ਦੀਆਂ ਆਪਣੀਆਂ ਬੁਰਾਈਆਂ ਹਨ। ਮਹੰਤਾਂ ਵਿਚ ਸ਼ਰਾਬ ਤੇ ਸਿਗਰਟਨੋਸ਼ੀ ਦੇ ਸੇਵਨ ਦੇ ਨਾਲ-ਨਾਲ ਵੇਸਵਾਵਾਂ ਵੱਲੋਂ ਨਾਚ-ਗਾਣੇ ਵੀ ਕਰਵਾਏ ਜਾਂਦੇ ਸਨ। ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਮੂਰਤੀ ਪੂਜਾ ਵਰਗੀਆਂ ਕੁਰੀਤੀਆਂ ਆ ਰਹੀਆਂ ਸਨ।

ਬਾਕੀ ਸਫ਼ਾ 27 'ਤੇ

# ਅਕਾਲ ਤਖ਼ਤ ਸਾਹਿਬ ਦੀ ਮਹਾਨ ਵਿਰਾਸਤ ਦੇ ਦਾਅਵੇਦਾਰ ਅਰੂੜ ਸਿੰਘ ਕਿਉਂ ?



**- ਬਘੇਲ ਸਿੰਘ ਧਾਲੀਵਾਲ**

**99142-58142**

ਇਹ ਦੇ ਵਿੱਚ ਕੋਈ ਅਤਿਕਥਨੀ ਨਹੀਂ ਕਿ ਅਠਾਰਵੀਂ ਸਦੀ ਦੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਾਲ ਖ਼ਾਲਸਾ ਰਾਜ ਦੇ ਸਮੇਂ ਤੋਂ ਬਾਅਦ ਹੀ ਜਦੋਂ 1849 ਈਸਵੀ ਵਿੱਚ ਡੋਗਰਿਆਂ ਦੀ ਬਦੌਲਤ ਅੰਗਰੇਜ਼ਾਂ ਨੇ ਪੰਜਾਬ ਤੇ ਮੁਕੰਮਲ ਰੂਪ ਵਿੱਚ ਕਬਜ਼ਾ ਕਰ ਲਿਆ ਤਾਂ ਉਨਾਂ ਨੇ ਨਾਲ ਦੀ ਨਾਲ ਹੀ ਸਿੱਖੀ ਦੇ ਉਸ ਸੋਮੇ ਨੂੰ ਖੋਰਾ ਲਾਉਣ ਦਾ ਵੀ ਮਨ ਬਣਾ ਲਿਆ ਸੀ, ਜਿੱਥੋਂ ਸਿੱਖ ਅਗਵਾਈ ਲੈ ਕੇ ਇੱਕਜੁੱਟਤਾ ਨਾਲ ਦੁਸ਼ਮਣ ਨਾਲ ਲੋਹਾ ਲੈਂਦੇ ਰਹੇ ਸਨ ਤੇ ਵੱਡੇ ਵੱਡੇ ਅਫਗਾਨੀ ਅਜੇਤੂ ਧਾੜਵੀਆਂ ਨੂੰ ਪਛਾੜਦੇ ਰਹੇ ਸਨ। ਬਹੁਤ ਹੀ ਸ਼ਾਤਰ ਦਿਮਾਗ਼ ਅੰਗਰੇਜ਼ ਨੇ ਮਹੰਤ ਪ੍ਰਥਾ ਆਰੰਭ ਕਰਕੇ ਅਕਾਲ ਤਖ਼ਤ ਸਮੇਤ ਸਮੁੱਚੇ ਗੁਰਦੁਆਰਾ ਪ੍ਰਬੰਧ ਨੂੰ ਅਸਿੱਧੇ ਰੂਪ ਵਿੱਚ ਆਪਣੇ ਅਧੀਨ ਕਰ ਲਿਆ। ਇਸ ਮਹੰਤ ਪ੍ਰਥਾ ਨੇ ਜਿੱਥੇ ਪੈਰ ਪੈਰ ਤੇ ਅੰਗਰੇਜ਼ ਹਕੂਮਤ ਦਾ ਸਾਥ ਦਿੱਤਾ ਉੱਥੇ ਇਨਾਂ ਨੇ ਨਵੀਨਤਮ ਸਿੱਖ ਧਰਮ ਦੀ ਮਰਯਾਦਾ ਨੂੰ ਤੋੜ ਮਰੋੜ ਕੇ ਇਸ ਵਿੱਚ ਪਖੰਡਵਾਦ , ਅਡੰਬਰਵਾਦ, ਵਹਿਮ-ਭਰਮ ਗੱਲ ਕੀ ਹਰ ਇੱਕ ਉਹ ਬ੍ਰਾਹਮਣੀ ਰਸਮੋ ਰਿਵਾਜ ਨੂੰ ਮੁੜ ਰਲ ਗੱਡ ਕਰ ਦਿੱਤਾ ਜਿਸ ਨੇ ਸਿੱਖ ਧਰਮ ਦੀ ਨਿਆਰੀ ਤੇ ਵਿਲੱਖਣ ਹੋਂਦ ਨੂੰ ਪੁੱਜ ਕੇ ਖੋਰਾ ਲਾਇਆ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਰੂੜ ਸਿੰਘ ਵੱਲੋਂ ਜਲਿਆਂ ਵਾਲੇ ਬਾਗ ਵਿੱਚ ਨਿਹੱਥੇ ਪੰਜਾਬੀਆਂ ਤੇ ਅੰਨੇਵਾਹ ਗੋਲੀ ਚਲਾਉਣ ਵਾਲੇ ਜਰਨਲ ਡਾਇਰ ਤੱਕ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾਉ ਦੇ ਕੇ ਸਨਮਾਨਿਤ ਕਰਨ ਦੀ ਕਾਰਵਾਈ ਨੂੰ ਉਸ ਸਮੇਂ ਦੇ ਸੱਚੇ ਸੁੱਚੇ ਸਿੱਖ ਹਲਕਿਆਂ ਵਿੱਚ ਬਾਬਾ ਫੂਲਾ ਸਿੰਘ ਅਕਾਲੀ ਦੀ ਰੂਹ ਨੂੰ ਲਹੂ ਲੁਹਾਨ ਕਰਕੇ ਸਿੱਖ ਰਹੁ ਰੀਤਾਂ ਨੂੰ ਤੋੜਨ ਦਾ ਸਿਖਰ ਸਮਝਿਆ ਗਿਆ ਸੀ। ਸਿੱਖ ਕੌਮ ਨੇ ਗੁਰਦੁਆਰਾ ਪ੍ਰਬੰਧ ਨੂੰ ਅੰਗਰੇਜ਼ਾਂ ਦੇ ਮਹੰਤੀ ਪ੍ਰਬੰਧ ਤੋਂ ਅਜ਼ਾਦ ਕਰਵਾਉਣ ਲਈ ਮੋਰਚੇ ਲਾਏ ਅਨੇਕਾਂ ਕੁਰਬਾਨੀਆਂ ਦਿੱਤੀਆਂ ਤਾਂ ਜਾ ਕੇ ਮੁੜ ਗੁਰਦੁਆਰਾ ਪ੍ਰਬੰਧ ਸਿੱਖਾਂ ਦੇ ਕਬਜ਼ੇ ਵਿੱਚ ਆ ਸਕਿਆ ਸੀ। ਗੁਰਦੁਆਰਿਆਂ ਦੀ ਅਜ਼ਾਦੀ ਦੇ ਮੋਰਚਿਆਂ ਵਿੱਚੋਂ ਹੀ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਤੇ ਇਸ ਤੋਂ ਉਪਰੰਤ ਉਹਨਾਂ ਦਿਨਾਂ ਵਿੱਚ ਹੀ ਸਿੱਖ ਕੌਮ ਦੀ ਰਾਜਸੀ ਪਿੜ ਵਿੱਚ ਅਗਵਾਈ ਲਈ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੀ ਸਿੱਖਾਂ ਦੇ ਇਹਨਾਂ ਲਹੂ ਡੋਲਵੇਂ ਸੰਘਰਸ਼ਾਂ ਵਿੱਚੋਂ ਹੀ ਹੋਂਦ ਵਿੱਚ ਆ ਸਕੀ ਸੀ। ਪਰ ਅਫ਼ਸੋਸ! ਕਿ ਜਿਸ ਮਕਸਦ ਲਈ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਉਸ ਮਕਸਦ ਨੂੰ ਪੂਰਾ ਕਰਨ ਵਿੱਚ ਬੁਰੀ ਤਰਾਂ ਨਾਕਾਮ ਰਹੀ ਹੈ, ਇਸ ਦਾ ਮੁੱਖ ਕਾਰਨ ਹੈ ਸ਼੍ਰੋਮਣੀ ਅਕਾਲੀ ਦਲ ਦੀ ਮੁਢਲੀ ਲੀਡਰਸ਼ਿਪ ਦਾ ਭਾਰਤ ਦੀ ਅਜ਼ਾਦੀ ਤੋਂ ਬਾਅਦ ਦੇਸ਼ ਦੀ ਕੱਟੜਵਾਦੀ ਹਿੰਦੂ ਲੀਡਰਸ਼ਿਪ ਦੇ ਚੁੰਗਲ ਵਿੱਚ ਫਸ ਕੇ ਗੁੰਮਰਾਹ ਹੋਣਾ । ਨਿੱਜੀ ਲਾਲਚਾਂ ਵੱਸ ਪੈ ਕੇ ਕੌਮ ਨਾਲ ਧਰੋਹ ਕਮਾਉਣ ਵਾਲੇ ਰਾਹ ਤੁਰ ਪੈਣਾ, ਕੁਰਸੀ ਦੌੜ ਵਿੱਚ ਪੈ ਕੇ ਅਕਾਲ ਤਖ਼ਤ ਸਾਹਿਬ ਦੀ ਅਜ਼ਾਦ ਪ੍ਰਭੁਸਤਾ ਨੂੰ ਖ਼ਤਮ ਕਰਨ ਲਈ ਮੁੜ ਉਹ ਹੀ ਰਾਹ ਅਖ਼ਤਿਆਰ ਕਰ ਲੈਣਾ ਜੋ ਕਦੇ ਅੰਗਰੇਜ਼ ਹਕੂਮਤ ਨੇ ਅਖ਼ਤਿਆਰ ਕੀਤਾ ਸੀ, ਨੂੰ ਮੰਨਿਆ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਉਹ ਲੋਕ ਕਾਬਜ਼ ਹੋ ਗਏ ਜਿਨਾਂ ਨੇ ਪਹਿਲਾਂ ਤਾਂ ਆਪਣੇ ਪਰਿਵਾਰਕ ਕਾਰੋਬਾਰਾਂ ਨੂੰ ਬੜਾਵਾ ਦੇਣ ਲਈ ਭਾਰਤੀ ਸੰਵਿਧਾਨ ਨੂੰ ਸਿੱਖ ਨੁਮਾਇੰਦਿਆਂ ਦੇ ਠੁਕਰਾ ਦੇਣ ਦੇ ਬਾਅਦ ਵੀ ਅੱਖਾਂ ਮੀਚ ਕੇ ਹਿੰਦ ਹਕੂਮਤ ਦਾ ਸਾਥ ਦੇਣਾ ਸਵੀਕਾਰ ਕੀਤਾ। ਇਨਾਂ ਸਿੱਖ ਆਗੂਆਂ ਨੇ ਹੌਲੀ ਹੌਲੀ ਇਨਾਂ ਸਿੱਖ ਮੰਗਾਂ ਨੂੰ ਮਨਵਾਉਣ ਵਾਲੇ ਰਾਹ ਪੈਣ ਦੀ ਬਜਾਏ ਆਪਣੀ ਰਾਜਸੀ ਖੇਡ ਬਣਾ ਕੇ ਰਾਜਸੱਤਾ ਦੀ ਕੁਰਸੀ ਜਿੱਤਣ ਦਾ ਇੱਕ ਜ਼ਰੀਆ ਬਣਾ ਲਿਆ। ਰਾਜਸਤਾ ਦੀ ਕੁਰਸੀ ਨੂੰ ਪ੍ਰਾਪਤ ਕਰਨ ਅਤੇ ਬਚਾ ਕੇ ਰੱਖਣ ਲਈ ਸਮੁੱਚਾ ਗੁਰਦੁਆਰਾ ਪ੍ਰਬੰਧ ਇਹਨਾਂ ਸਿੱਖ ਆਗੂਆਂ ਨੂੰ ਐਨਾ ਰਾਸ ਆ ਗਿਆ ਕਿ ਗੁਰੂ ਦੀ ਗੋਲਕ ਅਤੇ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ 'ਤੇ ਗਲਬਾ ਬਣਾ ਕੇ ਰੱਖਣ ਦੀ ਮੁਕਾਬਲੇਬਾਜ਼ੀ ਵਿੱਚ ਸਿੱਖ ਮਰਯਾਦਾ ਦਮ ਤੋੜਦੀ ਪ੍ਰਤੀਤ ਹੋਣ ਲੱਗ ਪਈ। ਗੁਰਦੁਆਰਾ ਪ੍ਰਬੰਧ ਵਿੱਚ ਆਇਆ ਨਿਘਾਰ ਮੁੜ ਐਨਾ ਵਿਰਾਟ ਰੂਪ ਧਾਰਨ ਕਰ ਗਿਆ ਜਿਸ ਵਿਚੋਂ ਨਿਕਲਣ ਲਈ ਕੌਮ ਮੁੜ ਹੌਸਲਾ ਹੀ ਨਾ ਕਰ ਸਕੀ। ਜਦੋਂ ਵੀ ਸਿੱਖਾਂ ਨੇ ਇਸ ਸਰਬ ਉੱਚ ਸੰਸਥਾ ਨੂੰ ਅਜ਼ਾਦ ਕਰਵਾਉਣ ਲਈ ਕੋਈ ਯਤਨ ਆਰੰਭ ਕੀਤੇ ਤਾਂ ਹਮੇਸ਼ਾ ਹੀ ਸਿੱਖ ਆਗੂਆਂ ਦੀ ਮਿਲੀ ਭੁਗਤ ਕਾਰਨ ਉਹ ਯਤਨ ਸਫਲ ਨਾ ਹੋ ਸਕੇ। ਸਿੱਖ ਮੰਗਾਂ ਦੀ ਪੂਰਤੀ ਲਈ 1942 ਵਿੱਚ ਲਾਇਆ ਧਰਮਯੁੱਧ ਮੋਰਚਾ ਵੀ ਸਿੱਖ ਕੌਮ ਨੂੰ ਜੋ ਜ਼ਖ਼ਮ ਦੇ ਕੇ ਗਿਆ ਜਿਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ, ਉਹ ਮੋਰਚਾ ਭਾਰਤੀ ਹਕੂਮਤ ਅਤੇ ਸਿੱਖ ਕੌਮ ਵਿੱਚ ਅਜਿਹੀ ਗਹਿਰੀ ਖਾਈ ਖ਼ੋਦ ਗਿਆ ਜਿਸ ਦੇ ਜ਼ਿੰਮੇਵਾਰ ਵੀ ਸਿੱਧੇ ਤੌਰ 'ਤੇ ਸਿੱਖ ਆਗੂਆਂ ਨੂੰ ਸਮਝਿਆ ਤੇ ਸਵੀਕਾਰਿਆ ਜਾਣਾ ਚਾਹੀਦਾ ਹੈ ਜਿਨਾਂ ਨੇ ਸਿੱਖ ਕੌਮ ਦੀ ਅਣਖ ਗ਼ੈਰਤ ਦੇ ਪ੍ਰਤੀਕ ਵੀਹਵੀਂ ਸਦੀ ਦੇ ਮਹਾਨ ਜਰਨੈਲ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਨੂੰ ਜਿਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਾਖੀ ਲਈ ਭਾਰਤੀ ਫ਼ੌਜਾਂ ਨਾਲ ਟੱਕਰ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਉਨਾਂ 40,42 ਸਿੰਘਾਂ ਦੀ ਯਾਦ ਨੂੰ ਮੁੜ ਤਾਜ਼ਾ ਕਰ ਦਿੱਤਾ ਸੀ ਜਿਹੜੇ ਕੱਚੀ ਗੜ੍ਹੀ ਵਿੱਚ ਔਰੰਗਜ਼ੇਬ ਦੀਆਂ ਦਸ ਲੱਖ ਫ਼ੌਜਾਂ ਨਾਲ ਟੱਕਰ ਲੈ ਕੇ ਵੀ ਅਖੀਰ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ ਸਨ, ਉਨਾਂ ਸਿੱਖ ਮਰਜੀਵੜਿਆਂ ਨੂੰ ਸ਼ਹੀਦ ਕਰਵਾਉਣ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਲਈ ਕੇਂਦਰ ਸਰਕਾਰ ਦਾ ਲਿਖਤੀ ਰੂਪ ਵਿੱਚ ਡਟ ਕੇ ਸਾਥ ਦਿੱਤਾ। ਇੱਥੇ ਹੀ ਬੱਸ ਨਹੀਂ 1984 ਤੋਂ ਬਾਅਦ ਉੱਠੀ ਹਥਿਆਰਬੰਦ ਸਿੱਖ ਲਹਿਰ ਨੂੰ ਬਿਨਾਂ ਪ੍ਰਾਪਤੀ ਕੀਤਿਆਂ ਕੁਚਲਣ ਵਿੱਚ ਵੀ ਸਿੱਖ ਆਗੂਆਂ ਦੀ ਪ੍ਰਮੁੱਖ ਭੂਮਿਕਾ ਜੱਗ ਜ਼ਾਹਰ ਹੋ ਚੁੱਕੀ ਹੈ। ਇਸ ਸਭ ਦੇ ਬਾਵਜੂਦ ਵੀ ਸਭ ਤੋਂ ਵੱਡਾ ਤੇ ਖ਼ਤਰਨਾਕ ਹਮਲਾ ਅੰਗਰੇਜ਼ ਸਾਮਰਾਜ ਦੇ ਖ਼ਤਮ ਹੋਣ ਤੋਂ ਬਾਅਦ ਸਿੱਖੀ ਉੱਪਰ ਹੋਇਆ ਤਾਂ ਉਹ ਅਜੋਕੇ ਯੁੱਗ ਨੂੰ ਮੰਨਿਆ ਜਾਵੇਗਾ ਜਦੋਂ ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਦੀ ਨੁਮਾਇੰਦਾ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਇੱਕੋ ਪਰਿਵਾਰ ਨੇ ਆਪਣੀ ਮਲਕੀਅਤ ਬਣਾ ਲਿਆ। ਰਾਜਸੱਤਾ ਦੀ ਭੁੱਖ ਦੀ ਪੂਰਤੀ ਲਈ ਉਨਾਂ ਸ਼ਕਤੀਆਂ ਨਾਲ ਸਾਂਝ ਪਾ ਲਈ ਜਿਹੜੀਆਂ ਮੁੱਢੋਂ ਹੀ ਸਿੱਖਾਂ ਸਮੇਤ ਸਾਰੀਆਂ ਘੱਟ ਗਿਣਤੀ ਕੌਮਾਂ ਨੂੰ ਹੜੱਪ ਜਾਣਾ ਚਾਹੁੰਦੀਆਂ ਹਨ। ਅਜਿਹੇ ਵਿੱਚ ਸਿੱਖ ਰਹਿਤ ਮਰਯਾਦਾ ਨੂੰ ਲਾਗੂ ਕਰਨਾ ਕਦੇ ਵੀ ਇਨਾਂ ਲਾਲਚੀ ਸਿੱਖ ਆਗੂਆਂ ਦੇ ਫ਼ਾਇਦੇ ਵਿੱਚ ਨਹੀਂ ਸੀ ਜਾ ਸਕਦਾ। ਇਨਾਂ ਨੇ ਅਕਾਲ ਤਖ਼ਤ ਸਾਹਿਬ ਸਮੇਤ ਪੰਜਾਂ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਆਪਣੇ ਅਜਿਹੇ ਜੀ ਹਜ਼ੂਰੀਏ ਲਾ ਦਿੱਤੇ ਜਿਹੜੇ ਅੰਗਰੇਜ਼ਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਅਰੂੜ ਸਿੰਘ ਹੋਰਾਂ ਨੂੰ ਵੀ ਮਾਤ ਪਾ ਗਏ। ਮੌਜੂਦਾ ਸਮੇਂ ਵਿੱਚ ਜਥੇਦਾਰਾਂ ਨੇ ਅਕਾਲ ਤਖ਼ਤ ਸਾਹਿਬ ਤੋਂ ਜਿੰਨੇ ਵੀ ਫ਼ੈਸਲੇ ਸੁਣਾਏ ਉਨਾਂ ਵਿਚੋਂ ਇੱਕਾ ਦੁੱਕਾ ਫ਼ੈਸਲਿਆਂ ਨੂੰ ਛੱਡ ਕੇ ਬਹੁਗਿਣਤੀ ਹੁਕਮਨਾਮੇ ਇੱਕੋ ਪਰਿਵਾਰ ਦੇ ਕਹਿਣ ਤੇ ਜਾਰੀ ਹੁੰਦੇ ਆ ਰਹੇ ਹਨ ਜਿਨਾਂ ਦੀ ਬਦੌਲਤ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਨੂੰ ਨਾ ਪੂਰਨਯੋਗ ਢਾਹ ਲੱਗੀ ਹੈ। ਜਿਹੜੇ ਵੀ ਜਥੇਦਾਰ ਨੇ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਨੂੰ ਬਰਕਰਾਰ ਰੱਖਣ ਦੀ ਥੋੜੀ ਬਹੁਤੀ ਕੋਸ਼ਿਸ਼ ਕੀਤੀ ਉਨਾਂ ਨੂੰ ਬੁਰੀ ਤਰਾਂ ਅਹੁਦੇ ਤੋਂ ਜ਼ਲੀਲ ਕਰਕੇ ਪਾਸੇ ਕਰ ਦਿੱਤਾ ਜਾਂਦਾ ਰਿਹਾ ਹੈ। ਸਮੁੱਚੀ ਸਿੱਖ ਕੌਮ ਦਾ ਇਹ ਮਹਾਨ ਕੇਂਦਰ ਇੱਕ ਪਰਿਵਾਰ ਲਈ ਹੀ ਸਿੱਧੇ ਰੂਪ ਵਿੱਚ ਕੰਮ ਕਰਨ ਲਈ ਵਚਨਬੱਧ ਹੋ ਕੇ ਰਹਿ ਗਿਆ। ਨਤੀਜਾ ਇਹ ਨਿਕਲਿਆ ਕਿ ਸਿੱਖ ਕੌਮ ਅਕਾਲ ਤਖ਼ਤ ਸਾਹਿਬ ਤੋਂ ਯੋਗ ਅਗਵਾਈ ਨਾ ਮਿਲਣ ਕਰਕੇ ਪਾਟੋਧਾੜ ਦਾ ਸ਼ਿਕਾਰ ਹੋ ਗਈ। ਅਖੀਰ ਨੌਬਤ ਅੱਜ ਦੇ ਹਾਲਾਤਾਂ ਤੱਕ ਪਹੁੰਚ ਗਈ ਜਦੋਂ ਗੁਰਦੁਆਰਾ ਪ੍ਰਬੰਧ ਅਤੇ ਰਾਜਭਾਗ 'ਤੇ ਕਾਬਜ਼ ਪਰਿਵਾਰ ਨੇ ਪੁਰਾਤਨ ਸਿੱਖ ਮਰਯਾਦਾ ਅਨੁਸਾਰ ਸੱਦੇ ਸਰਬੱਤ ਖ਼ਾਲਸੇ ਵਿੱਚ ਸਿੱਖਾਂ ਵੱਲੋਂ ਥਾਪੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੱਕ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਹੁਣ ਸਿੱਖ ਕੌਮ ਲਈ ਜਿੱਥੇ ਪਰਖ ਦੀ ਘੜੀ ਆ ਗਈ ਹੈ ਉੱਥੇ ਇਹ ਸਵਾਲ ਵੀ ਮੂੰਹ ਅੱਡੀਂ ਖਲੋਤਾ ਹੈ ਕਿ ਕਦੋਂ ਤੱਕ ਬਾਬਾ ਫੂਲਾ ਸਿੰਘ ਅਕਾਲੀ ਦੇ ਵਾਰਸ ਅੱਖਾਂ ਬੰਦ ਤੇ ਅਣਖ ਮਾਰ ਕੇ ਸੁੱਤੇ ਰਹਿਣਗੇ ਤੇ ਕਦੋਂ ਤੱਕ ਸਿੱਖ ਕੌਮ ਰੂਹਾਨੀਅਤ ਦੇ ਉੱਚੇ ਸੁੱਚੇ ਤਖ਼ਤ ਤੇ ਜਥੇਦਾਰ ਅਰੂੜ ਸਿੰਘ ਦੇ ਵਾਰਸਾਂ ਨੂੰ ਸਵੀਕਾਰ ਕਰਦੀ ਰਹੇਗੀ? ਇਹ ਸਿੱਖਾਂ ਲਈ ਅੱਜ ਚਿੰਤਾ ਦਾ ਵਿਸ਼ਾ ਹੈ।

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ

ਨੋਟ: ਕਿਤਾਬ ਨਵੰਬਰ ਦੇ ਤੀਜੇ ਹਫਤੇ ਤਕ ਛਪ ਕੇ ਤਿਆਰ ਹੋ ਜਾਵੇਗੀ

# ਚੰਬਲ ਤੋਂ ਸੰਸਦ ਜਾਣ ਵਾਲੀ ਫ਼ੂਲਨ ਦੇਵੀ ਦੇ ਪਿੰਡ ’ਚ ਅੱਜ ਵੀ ਜਾਤੀ ਵਿਤਕਰੇ ਜਾਰੀ ਨੇ

**✪ ਠਾਕੁਰਾਂ ਨੂੰ ਪਸੰਦ ਨਹੀਂ ਕਰਦੇ ਫ਼ੂਲਨ ਦੇ ਪਿੰਡ ਵਾਲੇ ਤੇ ਫ਼ੂਲਨ ਨੂੰ ਦੇਵੀ ਮੰਨਕੇ ਪੂਜਦੇ ਨੇ ✪ ਗੀਤਾਂ ਵਿੱਚ ਫ਼ੂਲਨ ਦੇਵੀ ਦਾ ਹੁੰਦਾ ਏ ਜ਼ਿਕਰ**

**ਚੰਬਲ /ਏ.ਟੀ.ਨਿਊਜ਼:** ਇੱਕ ਔਰਤ ਫ਼ੂਲਨ ਦੇਵੀ , ਜਿਸ ਨੂੰ ਗੁਜ਼ਰੇ ਹੋਏ ਜ਼ਮਾਨਾ ਹੋ ਗਿਆ, ਉਹ ਚੰਬਲ ਦੇ ਕਿੱਸੇ ਕਹਾਣੀਆਂ ਵਿੱਚ, ਇੱਥੋਂ ਦੇ ਲੋਕ ਗੀਤਾਂ ਵਿੱਚ ਅੱਜ ਵੀ ਜਿਊਂਦੀ ਹੈ। ਉਹ ਇੱਕ ਡਾਕੂ ਸੀ। ਪਰ ਇਲਾਕੇ ਦੇ ਲੋਕਾਂ ਦੀ ਨਿਗਾ ਵਿੱਚ ਇੱਕ ਰੌਬਿਨਹੁੱਡ ਵਰਗਾ ਕਿਰਦਾਰ ਸੀ। ਇਸ ਸੁਦਰ ਕਹੀ ਜਾਂਦੀ ਔਰਤ ਨੇ ਇੱਥੋਂ ਦੇ ਬਾਦਸ਼ਾਹ ਕਹੇ ਜਾਣ ਵਾਲੇ ਠਾਕੁਰਾਂ ਦੀ ਹਸਤੀ ਨੂੰ ਲਲਕਾਰਿਆ ਸੀ। ਜਦੋਂ ਉਹ ਡਾਕੂ ਬਣੀ ਅਤੇ ਠਾਕੁਰਾਂ ਤੋਂ ਬਦਲਾ ਲਿਆ, ਉਸਦੀ ਵਿਆਖਿਆ ਗੀਤਾਂ ਦੇ ਰੂਪ ਵਿੱਚ ਕਰਦੇ ਹਨ। ਚੰਬਲ ਦਾ ਇਹ ਵਿਸ਼ਾਲ ਬੰਜਰ ਇਲਾਕਾ ਹਿੰਦੁਸਤਾਨ ਦੇ ਤਿੰਨ ਸੂਬਿਆਂ ਵਿੱਚ ਫੈਲਿਆ ਹੋਇਆ ਹੈ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ। ਹੁਣ ਇੱਥੇ ਡਾਕੂਆਂ ਦਾ ਰਾਜ ਤਾਂ ਭਾਵੇਂ ਨਹੀਂ ਹੈ ਪਰ ਬੀਹੜ ਹਾਲੇ ਵੀ ਕਾਇਮ ਹੈ। ਇੱਕੀਵੀਂ ਸਦੀ ਦੀ ਸ਼ੁਰੂਆਤ ਦੇ ਨਾਲ, ਇੱਥੇ ਵਿਕਾਸ ਦੇ ਕੁਝ ਕੰਮ ਹੋਏ ਹਨ। ਜਿਵੇਂ ਨਵੀਆਂ ਸੜਕਾਂ ਬਣੀਆਂ ਹਨ। ਪਰ, ਵਿਕਾਸ ਦੀਆਂ ਇਹ ਸਮਤਲ ਸੜਕਾਂ ਵੀ ਇਸ ਉਬੜ ਖਾਬੜ ਬੀਹੜ ਦੇ ਕਦੀ ਨਾ ਖ਼ਤਮ ਹੋਣ ਵਾਲੇ ਬੇਦਰਦ ਇਲਾਕੇ ਨੂੰ ਕਾਬੂ ਨਹੀਂ ਕਰ ਸਕੀਆਂ। ਹਰ ਵਾਰ, ਜਦੋਂ ਵੀ ਕਿਸੇ ਨੀਵੀਂ ਜਾਤ ਦੀ ਔਰਤ ਦੇ ਉੱਚੀ ਜਾਤ ਦੇ ਮਰਦ ਵੱਲੋਂ ਕੀਤੇ ਬਲਾਤਕਾਰ ਦੀ ਖ਼ਬਰ ਸੁਰਖ਼ੀਆਂ ਬਣਦੀ ਹੈ, ਤਾਂ ਫ਼ੂਲਨ ਦਾ ਕਿੱਸਾ ਜਿਊਂਦਾ ਹੋ ਜਾਂਦਾ ਹੈ।

ਹਾਥਰਸ ਕਾਂਡ ਦੇ ਬਾਅਦ, ਪ੍ਰਦਰਸ਼ਨਕਾਰੀਆਂ ਨੇ ਦਲਿਤ ਔਰਤਾਂ 'ਤੇ ਹੋ ਰਹੇ ਜ਼ੁਲਮਾਂ ਨੂੰ ਲੈ ਕੇ ਚੇਤਾਵਨੀ ਦਿੱਤੀ ਸੀ। ਕਿਤੇ ਅਜਿਹਾ ਨਾ ਹੋਵੇ ਜ਼ੁਲਮ ਦੀ ਸ਼ਿਕਾਰ ਕੋਈ ਦਲਿਤ ਕੁੜੀ, ਫ਼ੂਲਨ ਦੇਵੀ ਵਾਂਗ ਬੰਦੂਕ ਚੁੱਕ ਲਵੇ।

ਬੇਹਮਈ ਤੋਂ ਹਾਥਰਸ ਦਾ ਬੱਸ ਰਾਹੀਂ ਤਕਰੀਬਨ ਪੰਜ ਘੰਟਿਆਂ ਦਾ ਸਫ਼ਰ ਹੈ। ਬੇਹਮਈ ਉਹ ਪਿੰਡ ਹੈ, ਜਿੱਥੇ ਕਿਹਾ ਜਾਂਦਾ ਹੈ ਕਿ ਫ਼ੂਲਨ ਦੇਵੀ ਨੇ 22 ਠਾਕੁਰਾਂ ਨੂੰ ਮਾਰ ਮੁਕਾਇਆ ਸੀ। ਇਸ ਕਤਲੇਆਮ ਵਿੱਚ ਮਾਰੇ ਗਏ ਠਾਕੁਰਾਂ ਦੀ ਯਾਦ ਵਿੱਚ ਪਿੰਡ ਵਿੱਚ ਇੱਕ ਸਮਾਰਕ ਵੀ ਬਣਾਇਆ ਗਿਆ ਹੈ, ਜਿਸ ਦੀ ਕੰਧ 'ਤੇ ਵੀਹ ਲੋਕਾਂ ਦੇ ਨਾਮ ਦਰਜ ਹਨ। ਇਹ 14 ਫ਼ਰਵਰੀ, 1981 ਦੀ ਘਟਨਾ ਹੈ। ਉਸ ਸਮੇਂ ਫ਼ੂਲਨ ਦੇਵੀ ਦੀ ਉਮਰ 18 ਸਾਲ ਸੀ। ਜਦੋਂ ਉਹ ਸਤਾਰਾਂ ਸਾਲਾਂ ਦੀ ਸੀ ਉਸ ਸਮੇਂ ਬੇਹਮਈ ਦੇ ਠਾਕੁਰਾਂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਸੀ।

ਉਹ ਕਿਸੇ ਤਰੀਕੇ ਨਾਲ ਠਾਕੁਰਾਂ ਦੇ ਚੁੰਗਲ ਵਿੱਚੋਂ ਜਾਨ ਬਚਾ ਕੇ ਭੱਜ ਗਈ ਸੀ ਅਤੇ ਬਾਅਦ ਵਿੱਚ ਉਸਨੇ ਡਾਕੂਆਂ ਦਾ ਆਪਣਾ ਗ੍ਰੋਹ ਬਣਾ ਲਿਆ ਸੀ।

ਚਾਲੀ ਸਾਲਾਂ ਦਾ ਸਮਾਂ ਬਹੁਤ ਲੰਬਾ ਹੁੰਦਾ ਹੈ, ਪਰ ਲੋਕਾਂ ਨੂੰ ਮੌਤ ਦੀ ਉਹ ਖ਼ੂਨੀ ਖੇਡ ਅੱਜ ਵੀ ਯਾਦ ਹੈ। ਹੋਰ ਥਾਵਾਂ ਦੇ ਲੋਕ ਫ਼ੂਲਨ ਦੇਵੀ ਨੂੰ ਇੱਕ ਜੁਝਾਰੂ ਔਰਤ ਵਜੋਂ ਦੇਖਦੇ ਹਨ। ਇਸ ਇਲਾਕੇ ਵਿੱਚ ਅੱਜ ਵੀ ਠਾਕੁਰਾਂ ਨੂੰ ਇਸ ਮਾਮਲੇ ਵਿੱਚ ਅਦਾਲਤ ਦੇ ਫ਼ੈਸਲੇ ਦੀ ਉਡੀਕ ਹੈ। ਇਸ ਗੱਲ ਨੂੰ ਵੀ ਇੱਕ ਦਹਾਕਾ ਹੋ ਚੁੱਕਿਆ ਹੈ। ਅਦਾਲਤ ਦਾ ਫ਼ੈਸਲਾ ਇਸ ਸਾਲ ਜਨਵਰੀ ਵਿੱਚ ਆਉਣਾ ਸੀ। ਪਰ ਇੱਕ ਪੁਲਿਸ ਡਾਇਰੀ ਗੁਆਚਣ ਕਰਕੇ ਮਾਮਲਾ ਫਿਰ ਲਟਕ ਗਿਆ।

**ਪਿੰਡ ਦੇ ਠਾਕੁਰ ਫ਼ੂਲਨ ਦੇਵੀ ਨੂੰ ਬੇਰਹਿਮ ਕਾਤਲ ਮੰਨਦੇ ਹਨ।**

ਬੇਹਮਈ ਦੇ ਪ੍ਰਧਾਨ, ਜੈ ਵੀਰ ਸਿੰਘ ਉਸ ਦਿਨ ਘਰ ਨਹੀਂ ਸਨ, ਜਦੋਂ ਫ਼ਰਵਰੀ ਦੀ ਉਸ ਸ਼ਾਮ ਨੂੰ ਠਾਕੁਰਾਂ ਨੂੰ ਲਾਈਨ ਵਿੱਚ ਖੜ੍ਹਾ ਕੇ ਗੋਲੀ ਮਾਰ ਦਿੱਤੀ ਗਈ ਸੀ। ਜੈ ਵੀਰ ਸਿੰਘ ਕਹਿੰਦੇ ਹਨ ਕਿ, 'ਫ਼ੂਲਨ ਤਾਂ ਆਪਣੇ ਗੈਂਗ ਨਾਲ ਬੀਹੜਾਂ ਵਿੱਚ ਘੁੰਮਦੀ ਰਹਿੰਦੀ ਸੀ। ਸ਼੍ਰੀ ਰਾਮ ਅਤੇ ਲਾਲਾ ਰਾਮ (ਉਹ ਡਾਕੂ ਜਿਨਾਂ ਨੇ ਫ਼ੂਲਨ ਦੇ ਪ੍ਰੇਮੀ ਵਿਕਰਮ ਮਲਾਹ ਨੂੰ ਮਾਰ ਦਿੱਤਾ ਸੀ) ਵੀ ਸਾਡੇ ਪਿੰਡ ਦੇ ਨਹੀਂ ਸਨ। ਉਨਾਂ ਦਾ ਪਿੰਡ ਦਮਨਪੁਰ ਤਾਂ ਸਾਡੇ ਪਿੰਡ ਤੋਂ ਦਸ ਕਿਲੋਮੀਟਰ ਦੂਰ ਹੈ। ਸਾਨੂੰ ਉਮੀਦ ਸੀ ਕਿ ਬੀਜੇਪੀ ਦੀ ਸਰਕਾਰ ਤੋਂ ਸਾਨੂੰ ਇਨਸਾਫ਼ ਮਿਲੇਗਾ।'

ਇਸ ਪਿੰਡ ਵਿੱਚ ਪੁਰਾਣੇ ਠਾਕੁਰ ਕਹਿੰਦੇ ਹਨ ਕਿ ਫ਼ੂਲਨ ਦੇਵੀ ਨਾਲ ਕੋਈ ਨਾਇਨਸਾਫ਼ੀ ਨਹੀਂ ਹੋਈ। ਇਹ ਤਾਂ ਪੁਲਿਸ ਅਤੇ ਮੀਡੀਆ ਦਾ ਘੜਿਆ ਹੋਇਆ ਕਿੱਸਾ ਹੈ।

ਠਾਕੁਰ ਜੈ ਵੀਰ ਸਿੰਘ ਕਹਿੰਦੇ ਹਨ ਕਿ, 'ਹਰ ਸਾਲ 14 ਫ਼ਰਵਰੀ ਨੂੰ ਅਸੀਂ ਉਸ ਕਤਲੇਆਮ ਦੀ ਬਰਸੀ ਮਨਾਉਂਦੇ ਹਾਂ।' ਇੱਕ ਜ਼ਮਾਨੇ ਵਿੱਚ ਫ਼ੂਲਨ ਦੇਵੀ, ਹਿੰਦੋਸਤਾਨ ਦੀ ਮੋਸਟ ਵਾਂਟਿਡ ਔਰਤ ਬਣ ਗਈ ਸੀ। ਉਨਾਂ ਉੱਤੇ ਸਰਕਾਰ ਨੇ 10 ਹਜ਼ਾਰ ਡਾਲਰ ਦਾ ਇਨਾਮ ਰੱਖਿਆ ਸੀ।

**ਫ਼ੂਲਨ ਦੇਵੀ ਦਾ ਪਿੰਡ**

ਲੋਹੇ ਦੇ ਗੇਟ 'ਤੇ ਲਿਖਿਆ ਹੈ ਇਹ ਬਹਾਦਰ ਔਰਤ ਫ਼ੂਲਨ ਦੇਵੀ ਦਾ ਘਰ ਹੈ, ਜੋ ਵੀਰਗਤੀ ਨੂੰ ਪ੍ਰਾਪਤ ਹੋਈ।



ਏਕਲਵਿਆ ਸੈਨਾ ਨੇ ਇੱਥੇ ਫ਼ੂਲਨ ਦੇਵੀ ਦੀ ਮੂਰਤੀ ਵੀ ਲਾਈ ਹੋਈ ਹੈ। ਹੁਣ ਇੱਥੇ ਫ਼ੂਲਨ ਦੀ ਮਾਂ ਮੂਲਾ ਦੇਵੀ ਰਹਿੰਦੀ ਹੈ। ਏਕਲਵਿਆ ਸੈਨਾ ਹੁਣ ਫ਼ੂਲਨ ਦੇਵੀ ਨੂੰ ਇੱਕ ਸੰਤ, ਇੱਕ ਮਸੀਹਾ ਅਤੇ ਸਾੜੀ ਪਾ ਕੇ ਹੱਥ ਜੋੜਕੇ ਖੜੀ ਔਰਤ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਫ਼ੂਲਨ ਦੇਵੀ ਦਾ ਪਿੰਡ, ਮੇਨ ਰੋਡ ਤੋਂ ਕੁਝ ਦੂਰੀ 'ਤੇ ਹੈ ਅਤੇ ਬਿਲਕੁਲ ਨਦੀ ਨਾਲ ਲੱਗਿਆ ਹੋਇਆ ਹੈ। ਇੱਥੇ ਬਹੁਤੀ ਆਬਾਦੀ ਮਲਾਹਾਂ ਦੀ



ਹੈ। ਮਲਾਹ ਭਾਈਚਾਰਾ ਹੋਰ ਪਿਛੜੇ ਵਰਗ ਵਿੱਚ ਆਉਂਦਾ ਹੈ। ਨਦੀ ਕਿਨਾਰੇ ਵਸੇ ਇਸ ਪਿੰਡ ਵਿੱਚ ਫ਼ੂਲਨ ਸੱਚੀਂ ਦੇਵੀ ਦੀ ਤਰਾਂ ਪੂਜੀ ਜਾਂਦੀ ਹੈ। ਉੱਥੇ ਹੀ ਨਦੀ ਦੇ ਦੂਸਰੇ ਪਾਸੇ ਦੇ ਪਿੰਡ ਵਿੱਚ ਫ਼ੂਲਨ ਦੇਵੀ ਇੱਕ ਹੱਤਿਆਰਨਣ ਹੈ।

ਦੋਵਾਂ ਪਿੰਡਾਂ ਦੇ ਲੋਕ, ਇੱਕ ਦੂਸਰੇ ਨੂੰ ਕਦੀ ਮਿਲੇ ਨਹੀਂ। ਅਨਿਲ ਕੁਮਾਰ, ਫ਼ੂਲਨ ਦੇਵੀ ਦੀ ਉਸ ਟੀਮ ਦਾ ਹਿੱਸਾ ਰਹੇ ਹਨ, ਜੋ ਮਿਰਜ਼ਾਪੁਰ ਚੋਣਾਂ ਸਮੇਂ ਉਨਾਂ ਦੇ ਹੱਕ ਵਿੱਚ ਪ੍ਰਚਾਰ ਕਰਦੀ ਹੁੰਦੀ ਸੀ। ਅਨਿਲ ਕਹਿੰਦੇ ਹਨ ਕਿ, 'ਠਾਕੁਰ ਸਾਡੇ ਤੋਂ ਸੜਦੇ ਹਨ।'

ਅਨਿਲ ਕੁਮਾਰ ਜਿਹੜਾ ਗੀਤ ਗਾਉਂਦੇ ਹਨ ਉਹ ਗੀਤ, ਫ਼ੂਲਨ ਦੀ ਗ੍ਰਿਫ਼ਤਾਰੀ ਦੀ ਘਟਨਾ ਨੂੰ ਬਿਆਨ ਕਰਦਾ ਹੈ। ਫ਼ੂਲਨ ਦੇਵੀ ਮਲਾਹ ਜਾਤ ਵਿੱਚ ਪੈਦਾ ਹੋਈ ਸੀ। ਮਲਾਹ ਅੱਜ ਵੀ ਸ਼ਾਦੀਆਂ ਦੌਰਾਨ ਆਪਣੇ ਲੋਕ ਗੀਤਾਂ ਵਿੱਚ ਫ਼ੂਲਨ ਦਾ ਜ਼ਿਕਰ ਕਰਦੇ ਹਨ।

ਉਹ ਫ਼ੂਲਨ ਦੇਵੀ ਨੂੰ ਤਿਉਹਾਰਾਂ 'ਤੇ ਯਾਦ ਕਰਦੇ ਹਨ। ਕਿਹਾ ਜਾਂਦਾ ਹੈ ਕਿ ਫ਼ੂਲਨ ਹਮੇਸ਼ਾ ਆਪਣੀ ਜੇਬ ਵਿੱਚ ਮਾਂ ਦੁਰਗਾ ਦੀ ਇੱਕ ਛੋਟੀ ਜਿਹੀ ਮੂਰਤ ਰੱਖਿਆ ਕਰਦੀ ਸੀ। ਉਸ ਦੇ ਆਤਮ ਸਮਰਪਣ ਸਮੇਂ ਜਿੰਨੀਆਂ ਵੀ ਖ਼ਬਰਾਂ ਪ੍ਰਕਾਸ਼ਿਤ ਹੋਈਆਂ ਸਨ, ਉਨਾਂ ਵਿੱਚ ਲਿਖਿਆ ਗਿਆ ਸੀ ਕਿ ਸਰੰਡਰ ਕਰਦੇ ਸਮੇਂ ਵੀ ਦੁਰਗਾ ਦੀ ਇੱਕ ਮੂਰਤੀ ਫ਼ੂਲਨ ਦੇ ਕੋਲ ਸੀ।

ਅਮਰੀਕੀ ਅਖ਼ਬਾਰ ਦਾ ਐਟਲਾਂਟਿਕ ਵਿੱਚ ਮੈਰੀ ਐਨ ਵੀਵਰ ਨੇ 1993 ਵਿੱਚ ਇੱਕ ਲੇਖ ਲਿਖਿਆ ਸੀ। ਇਸ ਵਿੱਚ ਲਿਖਿਆ ਸੀ ਕਿ ਕਿਸ ਤਰਾਂ, 'ਫ਼ਰਵਰੀ 1983 ਦੀ ਬਹੁਤ ਜ਼ਿਆਦਾ ਠੰਢ ਵਾਲੀ ਸ਼ਾਮ ਫ਼ੂਲਨ ਦੇਵੀ ਭੂਰੇ ਰੰਗ ਦਾ ਗਰਮ ਕੰਬਲ ਲਪੇਟੀ ਅਤੇ ਲਾਲ ਰੰਗ ਦੀ ਸ਼ਾਲ ਸਿਰ 'ਤੇ ਲਈ, ਮੱਧ ਪ੍ਰਦੇਸ਼ ਦੇ ਚੰਬਲ ਬੀਹੜ ਤੋਂ ਆਪਣੇ ਗਰੋਹ ਦੇ ਬਾਰਾਂ ਮੈਂਬਰਾਂ ਨਾਲ ਬਾਹਰ ਨਿਕਲੀ। ਉਸ ਦੇ ਮੋਢੇ 'ਤੇ 315 ਬੋਰ ਦਾ ਮਾਊਜ਼ਰ ਲਟਕ ਰਿਹਾ ਸੀ। ਫ਼ੂਲਨ ਦੀ ਬੈਲਟ ਨਾਲ ਇੱਕ ਹੰਸੀਆ ਵੀ ਲਟਕਿਆ ਹੋਇਆ ਸੀ ਅਤੇ ਸੀਨੇ ਨੂੰ ਕਾਰਤੂਸਾਂ ਦੀ ਬੈਲਟ ਨਾਲ ਢਕਿਆ ਹੋਇਆ ਸੀ। ਅਨਿਲ ਕਹਿੰਦੇ ਹਨ, 'ਉਹ ਜਦੋਂ ਪਿੰਡ ਆਉਂਦੀ ਸੀ ਤਾਂ ਲੜਕੀਆਂ ਦੇ ਵਿਆਹ ਲਈ ਗਹਿਣੇ ਲਿਆਉਂਦੀ ਸੀ। ਉਹ ਗ਼ਰੀਬਾਂ ਦੇ ਪਰਿਵਾਰਾਂ ਨੂੰ ਪੈਸੇ ਦਿੰਦੀ ਹੁੰਦੀ ਸੀ।'

ਫ਼ੂਲਨ ਦੇਵੀ ਨੇ ਆਪਣੀਆਂ ਸ਼ਰਤਾਂ 'ਤੇ ਪੁਲਿਸ ਦੇ ਸਾਹਮਣੇ ਹਥਿਆਰ ਰੱਖੇ ਸਨ। ਜਦੋਂ ਫ਼ੂਲਨ ਦੇਵੀ ਨੇ ਭਿੰਡ ਜ਼ਿਲੇ ਦੇ ਇੱਕ ਪਿੰਡ ਵਿੱਚ ਆਤਮ ਸਮਰਪਣ ਕੀਤਾ ਸੀ, ਤਾਂ ਕਿਸੇ ਨੂੰ ਪਤਾ ਨਹੀਂ ਸੀ ਕਿ ਫ਼ੂਲਨ ਦੇਵੀ ਕਿਸ ਤਰਾਂ ਦੀ ਦਿੱਖਦੀ ਹੈ। ਪੁਲਿਸ ਕੋਲ ਫ਼ੂਲਨ ਦੀ ਕੋਈ ਤਸਵੀਰ ਨਹੀਂ ਸੀ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਅਰਜੁਨ ਸਿੰਘ ਦੇ ਇਸ ਸਿਆਸੀ ਦਾਅ ਨੂੰ ਮੀਡੀਆ ਵਿੱਚ ਚੰਗੀ ਜਗਾ ਮਿਲੀ ਸੀ। ਫ਼ੂਲਨ ਦੇਵੀ ਨੂੰ ਬਿਨਾਂ ਮੁਕੱਦਮੇ ਦੇ ਤਕਰੀਬਨ 11 ਸਾਲ ਤੱਕ ਜੇਲ ਵਿੱਚ ਕੈਦ ਰਹਿਕੇ ਬਿਤਾਉਣੇ ਪਏ ਸਨ।

**ਖ਼ਤਰਨਾਕ ਸੁੰਦਰੀ ਤੋਂ ਜੇਲ ਅਤੇ ਫਿਰ ਸੰਸਦ ਦਾ ਸਫ਼ਰ**

ਇੰਡੀਆ ਟੁਡੇ ਦੇ ਇੱਕ ਪੱਤਰਕਾਰ ਨੇ ਫ਼ੂਲਨ ਦੇਵੀ ਦੇ ਸਰੰਡਰ ਤੋਂ ਪਹਿਲਾਂ ਉਸ ਨੂੰ ਖ਼ਤਰਨਾਕ ਸੁੰਦਰੀ ਤੇ ਬੀਹੜਾਂ ਦੀ ਰਾਣੀ ਵਰਗੇ ਖ਼ਿਤਾਬਾਂ ਨਾਲ ਨਵਾਜ਼ਿਆ ਸੀ। ਪਰ ਜਦੋਂ ਫ਼ੂਲਨ ਦੇਵੀ ਨੇ ਸਰੰਡਰ ਕੀਤਾ ਤਾਂ ਉਸੇ ਪੱਤਰਕਾਰ ਨੇ ਫ਼ੂਲਨ ਨੂੰ ਇੰਨਾ ਸ਼ਬਦਾਂ ਵਿੱਚ ਬਿਆਨ ਕੀਤਾ ਸੀ, 'ਉਹ ਬਹੁਤ ਨੀਰਸ ਜਿਹੀ, ਫਿੱਕੀ ਰੰਗਤ ਵਾਲੀ, ਬੇਹੱਦ ਚੰਚਲ



ਚਿੱਤ ਵਾਲੀ ਬਚਕਾਨੀ ਕੁੜੀ ਸੀ।' ਜਦੋਂ ਮੁਲਾਇਮ ਸਿੰਘ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ, ਤਾਂ ਉਨਾਂ ਨੇ ਸਰਕਾਰੀ ਵਕੀਲਾਂ ਨੂੰ ਫ਼ੂਲਨ ਉੱਪਰ ਲੱਗੇ ਇਲਜ਼ਾਮਾਂ ਨੂੰ ਵਾਪਸ ਲੈਣ ਦੇ ਹੁਕਮ ਦਿੱਤੇ ਜਿਸ ਤੋਂ ਬਾਅਦ ਫ਼ਰਵਰੀ 1994 ਵਿੱਚ ਫ਼ੂਲਨ ਨੂੰ ਜੇਲ ਤੋਂ ਰਿਹਾਅ ਕਰ ਦਿੱਤਾ ਗਿਆ।

ਫ਼ੂਲਨ ਦੇਵੀ ਦੀ ਰਿਹਾਈ ਨੂੰ ਪਛੜੀ ਜਾਤ ਵਾਲਿਆਂ ਨੇ ਸਵਰਣ ਪ੍ਰਧਾਨ ਢਾਂਚੇ ਵਿਰੁੱਧ ਇੱਕ ਬਗ਼ਾਵਤ ਦੇ ਰੂਪ ਵਿੱਚ ਦੇਖਿਆ, ਕਿਉਂਕਿ ਉਸ ਜਾਤੀ ਵਿਵਸਥਾ ਨੇ ਉਨਾਂ ਉੱਪਰ ਜ਼ੁਲਮਾਂ ਦਾ ਬੋਝ ਲੱਦਿਆ ਹੋਇਆ ਸੀ। ਆਪਣੀ ਰਿਹਾਈ ਤੋਂ ਦੋ ਸਾਲ ਬਾਅਦ ਫ਼ੂਲਨ ਨੇ ਮਿਰਜ਼ਾਪੁਰ ਤੋਂ ਸਮਾਜਵਾਦੀ ਪਾਰਟੀ ਦੀ ਟਿਕਟ ਤੋਂ ਲੋਕ ਸਭਾ ਚੋਣ ਲੜੀ ਤੇ ਜਿੱਤ ਗਈ। 1999 ਵਿੱਚ ਉਨਾਂ ਨੇ ਫਿਰ ਤੋਂ ਲੋਕ-ਸਭਾ ਚੋਣ ਜਿੱਤੀ। ਪਰ 38 ਸਾਲ ਦੀ ਉਮਰ ਵਿੱਚ ਫ਼ੂਲਨ ਦੇਵੀ ਨੂੰ ਦਿੱਲੀ ਵਿੱਚ ਉਨਾਂ ਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਇੱਕ ਬਜ਼ੁਰਗ ਔਰਤ ਜੋ ਅੱਜ ਵੀ ਇਸ ਗੱਲ ਦੀ ਉਡੀਕ ਕਰਦੀ ਹੈ ਕਿ ਮਰਨ ਤੋਂ ਪਹਿਲਾਂ ਉਸਨੂੰ ਇਨਸਾਫ਼ ਮਿਲੇਗਾ। ਸ਼੍ਰੀ ਦੇਵੀ ਕਹਿੰਦੀ ਹੈ ਕਿ ਉਹ ਬੱਸ ਉਡੀਕ ਕਰ ਰਹੀ ਹੈ। ਉਨਾਂ ਨੂੰ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਬੇਹਮਈ ਦੇ ਕਤਲੇਆਮ ਵਿੱਚ ਸ਼੍ਰੀ ਦੇਵੀ ਦੇ ਸਹੁਰੇ ਤੇ ਦਿਉਰ ਨੂੰ ਮਾਰ ਦਿੱਤਾ ਗਿਆ ਸੀ। ਉਸ ਵੇਲੇ ਸ਼੍ਰੀ ਦੇਵੀ ਦੀ ਉਮਰ 24 ਸਾਲ ਸੀ ਅਤੇ ਉਸ ਦੀਆਂ ਚਾਰ ਛੋਟੀਆਂ ਧੀਆਂ ਸਨ।

ਉਸ ਦਿਨ ਨੂੰ ਯਾਦ ਕਰਦਿਆਂ ਸ਼੍ਰੀ ਦੇਵੀ ਦੱਸਦੀ ਹੈ ਕਿ, 'ਸਾਨੂੰ ਕੁਝ ਨਹੀਂ ਪਤਾ ਸੀ ਕਿ ਉਹ ਸਾਡੇ ਆਦਮੀਆਂ ਨੂੰ ਕਿੱਥੇ ਲੈ ਕੇ ਗਏ ਹਨ। ਅਸੀਂ ਤਾਂ ਸ਼ਾਮ ਨੂੰ ਲਾਸ਼ਾਂ ਦੇਖਣ ਗਏ ਸੀ।'

**ਦਲਿਤਾਂ ਨਾਲ ਵਧਦਾ ਵਿਤਕਰਾ**

ਇਹ ਸੰਘਰਸ਼ ਤਾਂ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਉਸ ਦੀ ਇੱਕ ਹੋਰ ਮਿਸਾਲ ਹਾਥਰਸ ਵਿੱਚ ਇੱਕ ਮਹੀਨਾ ਪਹਿਲਾਂ ਦੇਖਣ ਨੂੰ ਮਿਲੀ ਸੀ। ਜਦੋਂ 19 ਸਾਲਾਂ ਦੀ ਇੱਕ ਦਲਿਤ ਲੜਕੀ ਨੂੰ ਠਾਕੁਰਾਂ ਨੇ ਬਲਾਤਕਾਰ ਤੋਂ ਬਾਅਦ ਮਾਰ ਦਿੱਤਾ ਸੀ। ਉਸ ਲੜਕੀ ਦੇ ਕਿਰਦਾਰ 'ਤੇ ਸਵਾਲ ਚੁੱਕੇ ਗਏ। ਮਾਮਲੇ ਵਿੱਚ ਇੱਕ ਦਾਅਵਾ ਇਹ ਵੀ ਕੀਤਾ ਗਿਆ ਕਿ ਖ਼ੁਦ ਲੜਕੀ ਦੇ ਪਰਿਵਾਰ ਨੇ ਖ਼ਾਨਦਾਨ ਦੀ ਇੱਜ਼ਤ ਬਚਾਉਣ ਦੇ ਨਾਮ 'ਤੇ ਆਪਣੀ ਕੁੜੀ ਨੂੰ ਮਾਰਿਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਦਲਿਤ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਗੱਲ ਦੀ ਪੁਸ਼ਟੀ ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜੇ ਵੀ ਕਰਦੇ ਹਨ। ਪਿਛਲੇ ਸਾਲ, ਸਰਕਾਰੀ ਅੰਕੜਿਆਂ ਮੁਤਾਬਿਕ ਭਾਰਤ ਵਿੱਚ ਹਰ ਰੋਜ਼ 10 ਦਲਿਤ ਕੁੜੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ।

ਔਰਤਾਂ ਨਾਲ ਹਿੰਸਾ ਅਤੇ ਲੜਕੀਆਂ ਦੇ ਖ਼ਿਲਾਫ਼ ਜਿਨਸੀ ਅਪਰਾਧਾਂ ਦੇ ਮਾਮਲੇ ਉੱਤਰ ਪ੍ਰਦੇਸ਼ ਵਿੱਚ ਦੇਸ ਭਰ ਵਿੱਚੋਂ ਪਹਿਲੇ ਨੰਬਰ 'ਤੇ ਹਨ।

ਫ਼ੂਲਨ ਦੇਵੀ ਨਿਸ਼ਾਦ ਜਾਤੀ ਨਾਲ ਸਬੰਧਤ ਸੀ, ਜੋ ਹੋਰ ਪਿਛੜੇ ਵਰਗਾਂ ਵਿੱਚ ਸ਼ਾਮਿਲ ਜਾਤ ਹੈ। ਫਿਰ ਵੀ ਉਹ ਠਾਕਰਾਂ ਦੀ ਤਾਕਤ ਦੇ ਵਿਰੁੱਧ ਬਗ਼ਾਵਤ ਕਰਨ ਵਾਲੀ, ਨੀਵੀਆਂ ਜਾਤਾਂ ਦੀ ਪ੍ਰਤੀਕ ਬਣ ਗਈ।

ਫ਼ੂਲਨ ਦੇਵੀ ਦਾ ਪਿੰਡ ਅੱਜ ਵੀ ਅਲੱਗ-ਥਲੱਗ ਹੈ। ਨਦੀ ਉੱਤੇ ਇੱਕ ਪੁਲ ਬਣਨਾ ਸੀ, ਪਰ ਉਹ ਅੱਜ ਤੱਕ ਨਹੀਂ ਬਣਿਆ। ਪਿੰਡ ਦੇ ਲੋਕ ਲੰਬੇ ਸਮੇਂ ਤੋਂ ਡਿਗਰੀ ਕਾਲਜ ਦੀ ਮੰਗ ਕਰ ਰਹੇ ਹਨ। ਇਹ ਫ਼ੂਲਨ ਦੇਵੀ ਦਾ ਸੰਸਦੀ ਖੇਤਰ ਤਾਂ ਨਹੀਂ ਹੈ, ਪਰ ਜੇ ਅੱਜ ਉਹ ਜਿਊਂਦੀ ਹੁੰਦੀ ਤਾਂ ਯਕੀਨਨ ਇੱਥੋਂ ਦੇ ਲੋਕਾਂ ਦੀ ਮਦਦ ਕਰਦੀ। ਪਿੰਡ ਦੇ ਲੋਕ ਫ਼ੂਲਨ ਦੇਵੀ ਦੀ ਯਾਦ ਵਿੱਚ ਇੱਕ ਮਿਊਜ਼ੀਅਮ ਬਣਾਉਣ ਦਾ ਸੋਚ ਰਹੇ ਹਨ। ਉਹ ਇਸ ਮਿਊਜ਼ੀਅਮ ਵਿੱਚ ਫ਼ੂਲਨ ਦੇਵੀ ਦੀਆਂ ਸਾਰੀਆਂ ਚੀਜ਼ਾਂ ਰੱਖਣਗੇ। ਉਸਦੀ ਵਰਦੀ, ਲਾਲ ਸਾਫ਼ਾ, ਲਾਲ ਸ਼ਾਲ, ਜੁੱਤੀ ਵਗ਼ੈਰਾ...।

ਪਿੰਡ ਦੀਆਂ ਲੜਕੀਆਂ ਨੂੰ ਫ਼ੂਲਨ ਦੇਵੀ ਦਾ ਕਿੱਸਾ ਪਤਾ ਹੈ। ਉਨਾਂ ਨੂੰ ਇਸ ਗੱਲ 'ਤੇ ਮਾਣ ਹੈ ਕਿ ਉਹ ਫ਼ੂਲਨ ਦੇਵੀ ਦੇ ਪਿੰਡ ਦੀਆਂ ਰਹਿਣ ਵਾਲੀਆਂ ਹਨ।

ਫ਼ੂਲਨ ਦੀ ਛੋਟੀ ਭੈਣ ਜੋ ਮਾਂ ਦੀ ਦੇਖਭਾਲ ਕਰਦੀ ਸੀ, ਉਹ ਹੁਣ ਨਹੀਂ ਰਹੀ। ਅਤੇ ਫ਼ੂਲਨ ਦੀ ਵੱਡੀ ਭੈਣ ਰੁਕਮਣੀ ਨੇਤਾ ਬਣ ਗਈ ਹੈ। ਫ਼ੂਲਨ ਦੇਵੀ ਸਮੇਤ ਉਹ ਚਾਰ ਭੈਣਾਂ ਸਨ। ਫ਼ੂਲਨ ਦੀ ਮਾਂ ਜ਼ਿਆਦਾ ਨਹੀਂ ਬੋਲਦੀ। ਰਾਮਕਲੀ ਜਿਹੜੀ ਫ਼ੂਲਨ ਦੀ ਮਾਂ ਦਾ ਧਿਆਨ ਰੱਖਦੀ ਸੀ, ਉਹ ਵੀ ਗੁਜ਼ਰ ਚੁੱਕੀ ਹੈ। ਹੁਣ ਪਿੰਡ ਵਿੱਚ ਰਾਮਕਲੀ ਦਾ ਬੇਟਾ ਤੇ ਉਨਾਂ ਦੀ ਪਤਨੀ ਰਹਿੰਦੇ ਹਨ। ਰੁਕਮਣੀ ਗਵਾਲੀਅਰ ਰਹਿੰਦੀ ਹੈ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 18**

**- ਕਰਮ ਸਿੰਘ ਜ਼ਖ਼ਮੀ**

ਤਾਰਾ ਚੰਦ ਦਿੱਲੀ ਜਾਣ ਤੋਂ ਪਹਿਲਾਂ ਕਈ ਸਾਲ ਲਾਹੌਰ ਦਰਬਾਰ ਵਿਚ ਮੀਰ ਮੁਨਸ਼ੀ ਦੇ ਅਹੁਦੇ 'ਤੇ ਰਿਹਾ ਸੀ ਤੇ ਉਸ ਦਾ ਪਿੱਛਾ ਭੀ ਲਾਹੌਰ ਦਾ ਹੀ ਸੀ, ਉਸਨੇ ਆਪਣੇ ਕਈਆਂ ਸੱਜਣਾਂ, ਮਿੱਤਰਾਂ ਤੇ ਸਬੰਧੀਆਂ ਦੇ ਨਾਮ ਤੇ ਪਤੇ ਉਸਨੂੰ ਲਿਖਵਾਏ, ਕਈਆਂ ਦੇ ਨਾਮ ਚਿੱਠੀਆਂ ਭੀ ਦਿੱਤੀਆਂ। ਉਸਨੂੰ ਸਮਝਾਇਆ ਕਿ ਉਹ ਉਹਨਾਂ ਨੂੰ ਕੇਵਲ ਇਤਨਾ ਦੱਸੇ ਕਿ ਉਹ ਤਾਰਾ ਚੰਦ ਦਾ ਜਵਾਈ ਹਰੀ ਚੰਦ ਹੈ। ਸਿਧਾ ਹਾਜ਼ੀ ਮੌਲਾ ਬਖ਼ਸ਼ ਪਾਸ ਮੁਗ਼ਲ ਪੂਰੇ ਚੱਲਿਆ ਜਾਵੇ, ਉਹ ਉਸਦੀ ਹਰ ਪ੍ਰਕਾਰ ਦੀ ਮਦਦ ਕਰੇਗਾ। ਰਿਹਾਇਸ਼ ਤੇ ਖ਼ੁਰਾਕ ਦਾ ਪ੍ਰਬੰਧ ਭੀ ਉਹੋ ਹੀ ਕਰੇਗਾ। ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਉਸ ਦੇ ਨਾਮ ਚਿੱਠੀ ਦਿੱਤੀ ਸੀ ਤੇ ਹੁਣ ਉਸਦੇ ਸਹੁਰੇ ਨੇ ਭੀ ਦਿੱਤੀ। ਕਰਤਾਰ ਸਿੰਘ ਨੇ ਮਹਿਸੂਸ ਕੀਤਾ ਕਿ ਹਾਜ਼ੀ ਮੌਲਾ ਬਖ਼ਸ਼ ਇਹਨਾਂ ਦੋਹਾਂ ਦਾ ਬੜਾ ਹੀ ਨਿਕਟਵਰਤੀ ਹੈ ਤੇ ਬਹੁਤੇ ਹੀ ਕੰਮ ਦਾ ਆਦਮੀ ਸਾਬਤ ਹੋਵੇਗਾ।

ਹਾਲਾਂ ਤਕ ਤਾਰਾ ਚੰਦ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਲੱਗਿਆ ਕਿ ਤਾਰਾ ਭੀ ਕਰਤਾਰ ਸਿੰਘ ਨਾਲ ਹੀ ਲਾਹੌਰ ਜਾ ਰਹੀ ਹੈ, ਜਦੋਂ ਇਸ ਨੇ ਦੱਸਿਆ ਤਾਂ ਉਸਦੀ ਖ਼ੁਸ਼ੀ ਵਿਚ ਵਾਧਾ ਹੋ ਗਿਆ! ਉਸਨੇ ਇਕ ਹੋਰ ਜਾਣਕਾਰੀ ਕਰਤਾਰ ਸਿੰਘ ਨੂੰ ਦਿੱਤੀ, ਇਹ ਕਿ ਤਾਰਾ ਦਾ ਸਕਾ ਮਾਮਾ ਰਾਮ ਜੀ ਦਾਸ ਸ਼ਾਹ ਆਲਮੀ ਦੇ ਅੰਦਰ ਰਹਿੰਦਾ ਹੈ। ਦਰਵਾਜ਼ੇ ਦੇ ਨਾਲ ਹੀ ਉਸਦੀ ਬਜਾਜੀ ਦੀ ਦੁਕਾਨ ਹੈ ਤੇ ਤਾਰਾ ਉਸਨੂੰ ਚੰਗੀ ਤਰਾਂ ਜਾਣਦੀ ਹੈ। ਉਹ ਭੀ ਹਰ ਪ੍ਰਕਾਰ ਦੀ ਸਹਾਇਤਾ ਕਰਨਗੇ।

ਗੱਲਾਂ ਇੱਥੋਂ ਤੱਕ ਪੁੱਜੀਆਂ ਸਨ ਕਿ ਰਾਜਾ ਭੂਪ ਪ੍ਰਕਾਸ਼ ਨੇ ਆਣ ਕਰਤਾਰ ਸਿੰਘ ਨੂੰ ਬੁਲਾਇਆ। ਉਸ ਨੇ ਤੁਰੰਤ ਉੱਠ ਕੇ ਰਾਜੇ ਦੇ ਪੈਰ ਛੂਹੇ। ਰਾਜੇ ਨੇ ਉਸਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਤੇ ਉਸਦਾ ਮੱਥਾ ਚੁੰਮਦੇ ਹੋਏ ਹੌਲੀ ਜਿਹੀ ਆਖਿਆ- 'ਅੱਜ ਤੋਂ ਤੂੰ ਰਾਜ ਕੁਮਾਰ ਕਰਤਾਰ ਸਿੰਘ ਏਂ। ਮੈਂ ਤੇ ਤੇਰੀ ਮਾਂ ਨੇ ਤਾਂ ਅਗਲੇ ਸਾਲ ਤੀਰਥ ਯਾਤਰਾ ਤੇ ਚੱਲਿਆ ਜਾਣਾ ਹੈ ਪਿੱਛੋਂ ਇਹ ਸਾਰਾ ਰਾਜ ਭਾਗ ਤੁਸਾਂ ਹੀ ਸੰਭਾਲਣਾ ਹੈ।'

ਕਰਤਾਰ ਸਿੰਘ ਇਸ ਦੇ ਉਤਰ ਵਿਚ ਥੋੜਾ ਜਿਹਾ ਮੁਸਕਰਾਇਆ, ਉਸਨੇ ਇਕ ਵਾਰ ਫੇਰ ਰਾਜੇ ਦੇ ਪੈਰ ਛੂਹੇ ਤੇ ਉਹ ਉਸ ਨੂੰ ਥਾਪੀ ਦੇ ਕੇ ਚਲਾ ਗਿਆ। ਉਹ ਗਿਆ ਤੇ ਰਾਣੀ ਰਾਜ ਦੇਵੇ ਦੇਵੀ ਆ ਗਈ। ਉਸ ਨੇ ਕਰਤਾਰ ਸਿੰਘ ਦੇ ਸਿਰ ਤੇ ਪਿਆਰ ਭਰਿਆ ਹੱਥ ਫੇਰਦੇ ਹੋਏ ਬਰਫ਼ੀ ਦਾ ਇਕ ਟੁਕੜਾ ਉਸਦੇ ਮੂੰਹ ਵਿਚ ਪਾ ਦਿੱਤਾ, ਉਸਨੇ ਉਹ ਟੁਕੜਾ ਖਾਂਦੇ ਹੋਏ ਰਾਣੀ ਦੇ ਪੈਰਾਂ ਨੂੰ ਹੱਥ ਲਾਏ, ਉਹ ਉਸਦੀ ਮਾਂ ਜੁ ਬਣ ਗਈ ਸੀ। ਆਪਣੀ ਜਣਨੀ ਤਾਂ ਉਸਨੇ ਵੇਖੀ ਹੀ ਨਹੀਂ ਸੀ। ਉਸਨੂੰ ਦੱਸਿਆ ਗਿਆ ਸੀ ਕਿ ਹਾਲਾਂ ਦਸਾਂ ਦਿਨਾਂ ਦਾ ਵੀ ਨਹੀਂ ਸੀ ਹੋਇਆ ਕਿ ਜਦ ਉਹ ਰੱਬ ਨੂੰ ਪਿਆਰੀ ਹੋ ਗਈ ਸੀ। ਉਹ ਸੋਚਦਾ ਕਿ ਇਹ ਦਿਨ ਕਿਤਨੇ ਵਡਭਾਗੀ ਹਨ ਸਮਾਜ ਵੱਲੋਂ ਆਪਣੀਆਂ ਰਸਮਾਂ ਅਦਾ ਕਰਕੇ ਤਾਰਾ ਪਤਨੀ ਦੇ ਰੂਪ ਵਿਚ ਉਸ ਦੇ ਹਵਾਲੇ ਕਰ ਦਿੱਤੀ ਗਈ ਹੈ।

ਰਾਜਕੁਮਾਰੀ ਰਾਜਵੰਤ ਜਿਹੀ ਭੈਣ ਉਸਨੂੰ ਮਿਲ ਗਈ ਹੈ, ਨਾਹਨ ਦੇ ਰਾਜੇ ਤੇ ਰਾਣੀ ਨੇ ਉਸਨੂੰ ਆਪਣਾ ਪੁੱਤਰ ਬਣਾ ਲਿਆ ਹੈ-ਅਤੇ ਉਸ ਦਾ ਵਿੱਛੜਿਆ ਹੋਇਆ ਉਸਤਾਦ ਭੀ ਉਸਨੂੰ ਸਹੁਰੇ ਦੇ ਰੂਪ ਵਿਚ ਵਾਪਸ ਮਿਲ ਗਿਆ ਹੈ।

'ਮੇਰੀ ਨੂੰਹ ਕਿਥੇ ਏ ਵੇ ਮੁੰਡਿਆ।' ਰਾਣੀ ਰਾਜਵੰਸ਼ ਦੇਵੀ ਨੇ ਪੁੱਛਿਆ।

'ਮਾਤਾ ਜੀ ਭੈਣ ਨਾਲ ਕਿਤੇ ਲੁਕੀ ਬੈਠੀ ਹੋਵੇਗੀ।' ਕਰਤਾਰ ਸਿੰਘ ਨੇ ਦੱਸਿਆ।।

'ਫੇਰ ਮੈਂ ਲੱਭ ਲੈਂਦੀ ਹਾਂ, ਮੈਨੂੰ ਪਤਾ ਏ ਇਸ ਵੰਤੀ ਦੇ ਸਾਰੇ ਟਿਕਾਣਿਆਂ ਦਾ।' ਰਾਣੀ ਨੇ ਕਿਹਾ ਤੇ ਕਰਤਾਰ ਸਿੰਘ ਦੇ ਸਿਰ ਤੇ ਇਕ ਵਾਰ ਫੇਰ ਹੱਥ ਫੇਰਦੀ ਹੋਈ ਬਾਹਰ ਨਿਕਲ ਗਈ।

'ਕਰਤਾਰ ਸਿੰਘ ਇਸ ਰਾਜ ਭਾਗ ਦੀ ਬਹੁਤੀ ਪ੍ਰਵਾਹ ਨਾ ਕਰੀ, ਪਹਿਲਾਂ ਵਾਂਗ ਹੀ ਦੇਸ਼ ਤੇ ਪੰਥ ਦੀ ਸੇਵਾ ਵਿਚ ਲਗਾ ਰਹੀ ਅਤੇ ਤਾਰਾ ਨੂੰ ਭੀ ਇਸ ਵਿਚ ਲਾਈ ਰੱਖੀ।' ਤਾਰਾ ਚੰਦ ਨੇ ਕਿਹਾ।

'ਇਵੇਂ ਹੀ ਹੋਵੇਗਾ, ਤੁਸੀਂ ਫ਼ਿਕਰ ਨਾ ਕਰੋ ਪਿਤਾ ਜੀ, ਇਹ ਭੀ ਕੋਈ ਰਾਜਭਾਗ ਹੈ- ਮੁਗ਼ਲਾਂ ਦੀਆਂ ਗ਼ੁਲਾਮ ਰਿਆਸਤਾਂ ਵਿਚ ਤਾਂ ਪੈਰ ਰੱਖਣਾ ਭੀ ਗੁਨਾਹ ਹੈ।' ਕਰਤਾਰ ਸਿੰਘ ਨੇ ਆਖਿਆ।




'ਪ੍ਰੰਤੂ ਇਹ ਰਾਜਾ ਭੂਪ ਪ੍ਰਕਾਸ਼ ਤਾਂ ਸ਼ੇਰ ਹੈ, ਪੰਥ ਤੇ ਦੇਸ਼ ਦੀ ਸੇਵਾ ਕਰਦਾ ਹੋਇਆ ਇਹ ਕਿਸੇ ਦੀ ਵੀ ਕੋਈ ਪ੍ਰਵਾਹ ਨਹੀਂ ਕਰਦਾ।' ਤਾਰਾ ਚੰਦ ਸਿੰਘ ਉਸਦੀ ਪ੍ਰਸੰਸਾ ਕਰ ਰਿਹਾ ਸੀ।

'ਮੌਤ ਦੇ ਮੂੰਹ ਵਿਚ ਭੀ ਤਾਂ ਚਲੇ ਸਨ ਨਾ, ਜੇਕਰ ਤੁਸੀਂ ਨਾ ਬਚਾਉਂਦੇ ਹੁਣ ਵੀ ਕੀ ਪਤਾ ਕਿ ਇਹਨਾਂ ਨੂੰ ਕੀ ਸਜ਼ਾ ਭੁਗਤਣੀ ਪੈਂਦੀ ਹੈ। ਮੈਨੂੰ ਪਤਾ ਕਿ ਮੁਗ਼ਲ ਹਾਕਮ ਇਹਨਾਂ ਤੋਂ ਕਿਤਨੇ ਔਖੇ ਹਨ।' ਕਰਤਾਰ ਸਿੰਘ ਨੇ ਆਖਿਆ।

'ਇਹ ਠੀਕ ਹੈ ਕਾਕਾ, ਇਸ ਦੁਨੀਆ ਵਿਚ ਜੋ ਆਇਆ ਹੈ ਪਰੰਤੂ ਉਸਨੇ ਇਕ ਦਿਨ ਜ਼ਰੂਰ ਜਾਣਾ ਹੈ। ਇਸ ਲਈ ਇਨਸਾਨ ਨੂੰ ਇਹਨਾਂ ਵਾਂਗ ਹੀ ਭਲੇ ਕੰਮ ਕਰਦੇ ਰਹਿਣਾ ਚਾਹੀਦਾ ਹੈ ਤੇ ਮੌਤ ਤੋਂ ਰਤਾ ਭੀ ਨਹੀਂ ਡਰਨਾ ਚਾਹੀਦਾ।' ਤਾਰਾ ਚੰਦ ਸਿੰਘ ਨੇ ਕਿਹਾ ਇਸ ਸਮੇਂ ਉਹ ਭੀ ਚੜਦੀਆਂ ਕਲਾਂ ਵਿਚ ਸੀ ਮਹਿਲ ਵਿਚ ਖਿੜੀਆਂ ਹੋਈਆਂ ਖ਼ੁਸ਼ੀਆਂ ਵਿਚੋਂ ਉਹ ਆਪਣਾ ਪੂਰਾ ਹਿੱਸਾ ਵੰਡ ਰਿਹਾ ਸੀ ਅਤੇ ਫੇਰ ਅਚਾਨਕ ਰੰਗ ਵਿਚ ਭੰਗ ਪੈ ਗਿਆ। ਕਰਤਾਰ ਸਿੰਘ ਨਾਲ ਗੱਲਾਂ ਕਰਦੇ ਕਰਦੇ ਹੀ ਤਾਰਾ ਚੰਦ ਸਿੰਘ ਨੂੰ ਫੇਰ ਇਕ ਭਵਾਂਟਣੀ ਆਈ ਤੇ ਉਹ ਫੇਰ ਬੇਸੁੱਧ ਜਿਹਾ ਹੋਕੇ ਮੰਜੇ ਤੇ ਡਿਗ ਪਿਆ ਸਿਰ ਪਾਵੇ ਤੇ ਵੱਜਣ ਕਰਕੇ ਪਾਟ ਗਿਆ ਤੇ ਉਸ ਵਿਚੋਂ ਲਹੂ ਦੀ ਧਾਰਾ ਬਹਿ ਤੁਰੀ। ਸਾਰੇ ਮਹੱਲ ਵਿਚ ਹਲਚਲ ਜਿਹੀ ਮੱਚ ਗਈ। ਰਾਜੇ ਨੇ ਤੁਰੰਤ ਆਪਣੇ ਇਕ ਨੌਕਰ ਨੂੰ ਰਾਜ ਹਕੀਮ ਗੁਲਜ਼ਾਰ ਸ਼ਾਹ ਵਲ ਭਜਾ ਦਿੱਤਾ। ਰਾਜ ਰਾਣੀ ਤਾਰਾ ਤੇ ਰਾਜਵੰਤ ਸਾਰੇ ਹੀ ਉਸ ਕਮਰੇ ਵਿਚ ਆਨ ਇਕੱਠੇ ਹੋਏ। ਰਾਜਕੁਮਾਰੀ ਰਾਜਵੰਤ ਨੇ ਮਲਮ ਪੱਟੀ ਦਾ ਕੰਮ ਸਿੱਖਿਆ ਹੋਇਆ ਸੀ, ਉਹ ਤੁਰੰਤ ਆਪਣਾ ਸਾਮਾਨ ਲੈ ਆਈ ਤੇ ਜ਼ਖ਼ਮ ਧੋ ਕੇ ਰਾਜ ਹਕੀਮ ਦੇ ਆਉਣ ਤੋਂ ਪਹਿਲਾਂ ਪੱਟੀ ਬੰਨ ਦਿੱਤੀ। ਰਾਜ ਹਕੀਮ ਆਇਆ, ਉਹ ਇਸ ਸਮੇਂ ਬੜਾ ਹੀ ਘਬਰਾਇਆ ਹੋਇਆ ਸੀ, ਉਸ ਦੀ ਘਬਰਾਹਟ ਇਸ ਲਈ ਸੀ ਕਿ ਦੋ ਦਿਨ ਪਹਿਲਾਂ ਹੀ ਇਹਨਾਂ ਨੂੰ ਦਿਲ ਦੀ ਬੀਮਾਰੀ ਦਾ ਦੌਰਾ ਪੈ ਚੁੱਕਿਆ ਸੀ, ਉਹ ਸਮਝਦਾ ਸੀ ਕਿ ਤੀਜੇ ਦਿਨ ਹੀ ਮੁੜ ਇਸ ਦੌਰੇ ਦਾ ਪੈਣਾ ਮਾੜਾ ਹੈ ਤੇ ਉਹ ਇਹਨਾਂ ਦੀ ਜਾਨ ਲੈ ਕੇ ਹੀ ਜਾਵੇਗਾ, ਪ੍ਰੰਤੂ ਏਥੇ ਪੁੱਜ ਕੇ ਜਦੋਂ ਉਸ ਨੇ ਬੀਮਾਰ ਦਾ ਮੁਆਇਨਾ ਕੀਤਾ ਤਾਂ ਉਸ ਦੀ ਘਬਰਾਹਟ ਬਹੁਤ ਹੱਦ ਤਕ ਦੂਰ ਹੋ ਗਈ। ਇਹ ਦਿਲ ਦੀ ਬੀਮਾਰੀ ਦਾ ਹਮਲਾ ਕੋਈ ਨਹੀਂ ਸੀ ਕੇਵਲ ਕਮਜ਼ੋਰੀ ਕਰਕੇ ਹੀ ਇਹ ਬੇਹੋਸ਼ੀ ਦਾ ਦੌਰਾ ਪਿਆ ਸੀ। ਉਸ ਨੇ ਸਭ ਨੂੰ ਹੌਂਸਲਾ ਦਿੱਤਾ। ਆਪਣੇ ਬਕਸੇ ਵਿਚੋਂ ਤੇਲ ਵਾਲੀ ਸ਼ੀਸ਼ੀ ਕੱਢ ਕੇ ਉਸਨੇ ਕੁਝ ਤੇਲ ਬਿਮਾਰ ਦੇ ਸਿਰ ਵਿਚ ਪਾਇਆ ਤੇ ਉਂਗਲਾਂ ਨਾਲ ਮਲਕੇ ਸਿਰ ਦੀ ਖੋਪਰੀ ਵਿਚ ਰਚਾਉਣ ਲੱਗਿਆ। ਇਸ ਦੇ ਪਿੱਛੋਂ ਉਸ ਨੇ ਦੁੱਧ ਵਿਚ ਇਕ ਚਿੱਟੇ ਰੰਗ ਦੀ ਦਵਾਈ ਮਿਲਾਈ ਤੇ ਚਮਚੇ ਨਾਲ ਬੀਮਾਰ ਦੇ ਮੂੰਹ ਵਿਚ ਪਾਉਣੀ ਸ਼ੁਰੂ ਕਰ ਦਿੱਤੀ। ਕੋਈ ਅੱਧਾ ਘੰਟਾ ਉਹ ਇਹ ਦਵਾਈ ਉਸ ਦੇ ਮੂੰਹ ਵਿਚ ਪਾਉਂਦਾ ਰਿਹਾ। ਫੇਰ ਉਹਨੇ ਉਸਦੀ ਨਬਜ਼ ਵੇਖੀ, ਉਸਦੇ ਦਿਲ ਦੀ ਧੜਕਣ ਨੂੰ ਪੜਤਾਲਿਆ ਅਤੇ ਉਸਦੇ ਮੱਥੇ ਤੇ ਗਰਦਨ ਦੇ ਪਿਛਲੇ ਪਾਸੇ ਹੱਥ ਫੇਰਦਾ ਰਿਹਾ। ਫੇਰ ਤਸੱਲੀ ਦਾ ਸਾਹ ਲੈਂਦਾ ਹੋਇਆ ਬੋਲਿਆ 'ਕਮਜ਼ੋਰੀ ਤੋਂ ਬਿਨਾਂ ਇਹਨਾਂ ਨੂੰ ਇਸ ਸਮੇਂ ਕੋਈ ਬੀਮਾਰੀ ਨਹੀਂ ਹੈ। ਮੈਂ ਚਾਰ ਪੁੜੀਆਂ ਦੇ ਜਾਂਦਾ ਹਾਂ, ਇਹ ਤੁਸੀਂ ਦੁੱਧ ਵਿਚ ਪਾ ਕੇ ਦੋ ਦੋ ਘੰਟੇ ਪਿੱਛੋਂ ਦਈ ਜਾਣੀਆਂ। ਇਨਾਂ ਨੂੰ ਹਲਾਉਣਾ ਜਲਾਉਣਾ ਨਹੀਂ। ਇਹ ਛੇਤੀ ਹੀ ਹੋਸ਼ ਵਿਚ ਆ ਜਾਣਗੇ, ਫੇਰ ਵੀ ਇਹਨਾਂ ਦੀ ਸੰਭਾਲ ਲਈ ਹਰ ਵੇਲੇ ਕਿਸੇ ਨੂੰ ਇਹਨਾਂ ਦੇ ਪਾਸ ਰਹਿਣਾ ਚਾਹੀਦਾ ਹੈ ਤੇ ਦੁੱਧ ਤੋਂ ਬਿਨਾਂ ਹਾਲਾਂ ਕੁਝ ਵੀ ਹੋਰ ਖਾਣ ਲਈ ਨਹੀਂ ਦੇਣਾ ਚਾਹੀਦਾ।' ਇਨਾਂ ਹਦਾਇਤਾਂ ਦੇ ਨਾਲ ਉਸਨੇ ਆਪਣੇ ਬਕਸੇ ਵਿਚੋਂ ਦਵਾਈ ਦੀਆਂ ਚਾਰ ਪੁੜੀਆਂ ਕਦੀ ਮਾਂ ਤੇ ਕਰਤਾਰ ਸਿੰਘ ਦੇ ਹੱਥਾਂ ਵਿਚ ਦਿੰਦਾ ਹੋਇਆ ਬਾਹਰ ਚੱਲਿਆ ਗਿਆ?

ਉਸ ਦੇ ਜਾਣ ਦੇ ਪਿੱਛੋਂ ਇਕ ਰਾਜਪੂਤ ਨੌਜਵਾਨ ਰਾਜ ਮਹੱਲ ਦੇ ਦਰਵਾਜ਼ੇ ਵਿਚ ਆਨ ਖੜਾ ਹੋਇਆ। ਦਰਬਾਨ ਦੇ ਪੁੱਛਣ ਤੇ ਉਸਨੇ ਦੱਸਿਆ ਕਿ ਰਾਜਾ ਸਾਹਿਬ ਦੇ ਨਾਮ ਇਕ ਜ਼ਰੂਰੀ ਸੁਨੇਹਾ ਹੈ ਜੋ ਉਨਾਂ ਨੂੰ ਹੀ ਦੇਣਾ ਹੈ। ਇਹ ਖ਼ਬਰ ਪੁੱਜਣ ਤੇ ਰਾਜਾ ਤੇ ਕਰਤਾਰ ਸਿੰਘ ਦੋਵੇਂ ਹੀ ਬਾਹਰ ਆ ਗਏ। ਰਾਜਪੂਤ ਨੌਜਵਾਨ ਨੇ ਉਹਨਾਂ ਨੂੰ ਝੁਕ ਕੇ ਨਮਸਕਾਰ ਕੀਤੀ ਤੇ ਇਕ ਬੰਦ ਲਿਫ਼ਾਫ਼ਾ ਦੇ ਕੇ ਮੁੜ ਗਿਆ। ਕਰਤਾਰ ਸਿੰਘ ਨੇ ਦਰਵਾਜ਼ੇ ਦੇ ਬਾਹਰ ਜਗ ਰਹੀ ਮਿਸਾਲ ਦੀ ਰੌਸ਼ਨੀ ਵਿਚ ਲਿਫ਼ਾਫ਼ਾ ਪਾੜ ਕੇ ਚਿੱਠੀ ਕੱਢੀ ਤੇ ਉਸਨੂੰ ਪੜ ਕੇ ਰਾਜੇ ਨੂੰ ਦੱਸਿਆ ਕਿ ਚਿੱਠੀ ਬਾਬਾ ਜੀ ਦੀ ਹੀ ਹੈ, ਤਾਕੀਦ ਕੀਤੀ ਹੈ ਕਿ ਪਹਿਰ ਦੇ ਤੜਕੇ ਮੈਂ ਲਾਹੌਰ ਨੂੰ ਜ਼ਰੂਰ ਤੁਰ ਜਾਵਾਂ ਤੇ ਤਾਰਾ ਨੂੰ ਭੀ ਨਾਲ ਲਿਜਾਵਾਂ। ਇਹ ਭੀ ਦੱਸਿਆ ਹੈ ਕਿ ਲਾਹੌਰ ਵਿਚ ਮੁਸਲਮਾਨਾਂ ਦੇ ਦੋ ਫ਼ਿਰਕਿਆਂ ਸ਼ੀਆ ਤੇ ਸੁੰਨੀਆਂ ਵਿਚ ਭਿਆਨਕ ਫ਼ਸਾਦ ਹੋ ਰਹੇ ਹਨ। ਬਾਦਸ਼ਾਹ ਸ਼ੀਆ ਹੋਣ ਕਰਕੇ ਸੁੰਨੀਆਂ ਨੂੰ ਮਰਵਾ ਰਿਹਾ ਹੈ। ਸੁੰਨੀਆਂ ਦੀ ਹਮਾਇਤ ਹਾਸਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

'ਰਾਜ ਕੁਮਾਰ, ਤਾਰਾ ਦਾ ਉਸ ਦੇ ਪਿਤਾ ਦੀ ਸਖ਼ਤ ਬੀਮਾਰੀ ਦੀ ਹਾਲਤ ਵਿਚ ਲੈ ਜਾਣਾ ਜ਼ਰੂਰੀ ਹੈ।' ਰਾਜੇ ਨੇ ਪੁੱਛਿਆ।

'ਪਿਤਾ ਜੀ ਕੁਝ ਸਮਝ ਨਹੀਂ ਆਉਂਦੀ ਅਸਾਡਾ ਕੰਮ ਹੀ ਅਜੇਹਾ ਹੈ ਕਿ ਆਦਮੀ ਦੇ ਨਾਲ ਕੋਈ ਹਾਣ ਦੀ ਔਰਤ ਹੋਵੇ ਤਾਂ ਸੌਖਾ ਹੋ ਜਾਂਦਾ ਹੈ ਨਹੀਂ ਤੇ ਵੈਰੀ ਨੂੰ ਸ਼ੱਕ ਪੈਣ ਨਾਲ ਕਈ ਉਲਝਣਾਂ ਤੇ ਝਗੜੇ ਪੈਦਾ ਹੋ ਜਾਂਦੇ ਹਨ।' ਕਰਤਾਰ ਸਿੰਘ ਨੇ ਦੱਸਿਆ।

'ਰਾਜਕੁਮਾਰ ਜੇਕਰ ਆਪਣੀ ਭੈਣ ਨੂੰ ਲੈ ਜਾਵੇ ਤਾਂ ਕੰਮ ਨਹੀਂ ਸਰੇਗਾ, ਰਾਜਕੁਮਾਰੀ ਸਮਝਦਾਰ ਤਾਂ ਬਹੁਤ ਹੈ।' ਰਾਜੇ ਨੇ ਕਿਹਾ।

'ਉਹਨੂੰ ਕਾਹਨੂੰ ਤਕਲੀਫ਼ ਦਈਏ।' ਕਰਤਾਰ ਸਿੰਘ ਨੇ ਕਿਹਾ। ਜਦੋਂ ਉਹ ਵਾਪਸ ਮੁੜੇ ਤਾਂ ਤਾਰਾ ਚੰਦ ਸਿੰਘ ਨੂੰ ਹੋਸ਼ ਆ ਚੁੱਕੀ ਸੀ। ਰਾਜਾ ਭੂਪ ਪ੍ਰਕਾਸ਼ ਨੇ ਰਾਜ ਕੁਮਾਰੀ ਰਾਜਵੰਤ ਨੂੰ ਦੂਜੇ ਕਮਰੇ ਵਿਚ ਲੈ ਜਾ ਕੇ ਉਸ ਨਾਲ ਕੁਝ ਗੱਲਾਂ ਕੀਤੀਆਂ। ਰਾਤ ਇਸ ਸਮੇਂ ਅੱਧੀ ਤੋਂ ਵਧ ਜਾ ਚੁੱਕੀ ਸੀ। ਪਹਿਰ ਦੇ ਤੜਕੇ ਕਰਤਾਰ ਸਿੰਘ ਤੇ ਰਾਜ ਕੁਮਾਰੀ ਰਾਜਵੰਸ਼ ਘੋੜਿਆਂ ਤੇ ਸਵਾਰ ਹੋਕੇ ਨਿਕਲੇ ਤੇ ਲਾਹੌਰ ਵਲ ਤੁਰ ਪਏ, ਇਸ ਸਮੇਂ ਉਹ ਰਾਜਪੂਤ ਜੱਟ ਤੇ ਜੱਟੀ ਦੇ ਭੇਸ ਵਿਚ ਸਨ !

16

'ਤਾਰਾ ਧੀਏ।' ਕਮਜ਼ੋਰ ਜਿਹੀ ਆਵਾਜ਼ ਨਾਲ ਤਾਰਾ ਚੰਦ ਸਿੰਘ ਨੇ ਉਸਨੂੰ ਬੁਲਾਇਆ।

'ਹਾਂ, ਪਿਤਾ ਜੀ ਕੀ ਹਾਲ ਹੈ ਹੁਣ ਤੁਹਾਡਾ!' ਤਾਰਾ ਨੇ ਉਸ ਦੀ ਗੱਲ ਦਾ ਹੁੰਗਾਰਾ ਦਿੰਦੇ ਹੋਏ ਪੁੱਛਿਆ।

'ਮੈਂ ਠੀਕ ਹਾਂ, ਪਰ ਧੀਏ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਹੈ। ਤੇਰੇ ਵੱਲੋਂ ਤਾਂ ਬੇਫ਼ਿਕਰ ਹੋ ਗਿਆ ਹਾਂ, ਰਾਜਾ ਭੂਪ ਪ੍ਰਕਾਸ਼ ਤੇ ਬਾਬਾ ਬੰਦਾ ਸਿੰਘ ਬਹਾਦੁਰ ਜਿਹੇ ਮਹਾਂਪੁਰਖਾਂ ਦੇ ਹੱਥ ਤੁਹਾਡੇ ਸਿਰਾਂ 'ਤੇ ਹਨ।' ਮੇਰਾ ਪੁੱਤਰ ਕਰਤਾਰ ਸਿੰਘ ਸ਼ੇਰਾਂ ਦਾ ਸ਼ੇਰ ਹੈ। ਸਿੱਖ ਰਾਜ ਵਿਚ ਉਹ ਕੋਈ ਵੱਡਾ ਹਾਕਮ ਬਣੇਗਾ।' ਤਾਰਾ ਚੰਦ ਸਿੰਘ ਕਹਿੰਦਾ ਚੱਲਿਆ ਗਿਆ।

'ਉਹ ਵੱਡੇ ਹਾਕਮ ਤਾਂ ਹੁਣ ਭੀ ਹਨ। ਸਰਹੰਦ ਦੇ ਸੂਬੇਦਾਰ ਬਾਜ ਸਿੰਘ ਤੇ ਬਾਬਾ ਜੀ ਨੇ ਖ਼ਜ਼ਾਨਚੀਆਂ ਨੂੰ ਹੁਕਮ ਦੇ ਰੱਖਿਆ ਹੈ ਕਿ ਜਿਤਨੇ ਭੀ ਰੁਪੈ ਇਹ ਮੰਗਣ, ਬਿਨਾਂ ਕਿਸੇ ਪੁੱਛ ਪੜਤਾਲ ਦੇ ਦੇ ਦਿੱਤੇ ਜਾਣ।' ਤਾਰਾ ਨੇ ਦੱਸਿਆ।

'ਕਿਤਨੇ ਲੈਂਦੇ ਹਨ?' ਤਾਰਾ ਚੰਦ ਸਿੰਘ ਨੇ ਪੁੱਛਿਆ।'

'ਲੈਂਦੇ ਕਿੱਥੇ ਹਨ, ਲਿਆ ਕੇ ਦੇਂਦੇ ਹਨ' ਅਤੇ ਤਾਰਾ ਨੇ ਇਨਾਂ ਦਿਨਾਂ ਦੀਆਂ ਕਿਤਨੀਆਂ ਘਟਨਾਵਾਂ ਸੁਣਾ ਦਿੱਤੀਆਂ ਕਿ ਜਿਨਾਂ ਵਿਚ ਕਾਰੀ ਜਾਸੂਸਾਂ ਤੇ ਹੋਰ ਹਾਕਮਾਂ ਤੋਂ ਲੱਖਾਂ ਰੁਪੈ ਖੋਹ ਕੇ ਉਨਾਂ ਸਿੱਖ ਰਾਜ ਦੇ ਖ਼ਜ਼ਾਨੇ ਵਿਚ ਦਾਖ਼ਲ ਕੀਤੇ ਸਨ।

'ਠੀਕ ਹੈ ਦੇਸ਼ ਨੂੰ ਏਹੋ ਜਿਹੇ ਸ਼ੇਰਾਂ ਦੀ ਹੀ ਲੋੜ ਹੈ, ਤੁਹਾਨੂੰ ਕਿਸੇ ਚੀਜ਼ ਦੀ ਪ੍ਰਵਾਹ ਨਹੀਂ, ਇਹ ਧਨ ਅੱਜ ਤੁਸੀਂ ਰਾਜਾ ਸਾਹਿਬ ਨਾਲ ਜਾ ਕੇ ਬਾਬਾ ਜੀ ਦੇ ਚਰਨਾਂ ਵਿਚ ਢੇਰੀ ਕਰ ਆਓ।' ਤਾਰਾ ਚੰਦ ਨੇ ਆਖਿਆ।

(ਚਲਦਾ...)

# ਜ਼ਰੂਰੀ ਹੈ ਬਚਪਨ ਤੋਂ ਬੱਚਿਆਂ ਨੂੰ ਜ਼ਿੰਮੇਵਾਰੀਆਂ ਦਾ ਅਹਿਸਾਸ ਦਿਵਾਉਣਾ

- ਹਰਕੀਰਤ ਕੌਰ ਸਭਰਾ
9779118066

ਇਹ ਹਰ ਮਾਂ ਬਾਪ ਦੀ ਦਿਲੀ ਤਮੰਨਾ ਹੁੰਦੀ ਹੈ ਕਿ ਉਨਾਂ ਦੇ ਬੱਚੇ ਇੱਕ ਜ਼ਿੰਮੇਵਾਰ ਇਨਸਾਨ ਅਤੇ ਨਾਗਰਿਕ ਬਣਨ, ਪਰ ਅਸਲ ਵਿੱਚ ਬੱਚਿਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਮਾਤਾ-ਪਿਤਾ ਹੀ ਪਾ ਸਕਦੇ ਹਨ। ਬੱਚਿਆਂ ਤੋਂ ਕੰਮ ਲੈਣ ਅਤੇ ਉਨਾਂ ਨੂੰ ਕੰਮ ਸਿਖਾਉਣ ਦਾ ਵੀ ਇੱਕ ਤਰੀਕਾ ਹੁੰਦਾ ਹੈ। ਮਾਤਾ-ਪਿਤਾ ਅਕਸਰ ਬੱਚਿਆਂ ਨੂੰ ਇਹੋ ਜਿਹੇ ਹੁਕਮ ਦਿੰਦੇ ਹਨ, ਜਿੰਨਾ ਨੂੰ ਬੱਚੇ ਸਮਝ ਨਹੀਂ ਪਾਉਂਦੇ। ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਨੂੰ ਸੌਂਪਣ ਤੋਂ ਪਹਿਲਾਂ ਕੰਮ ਨੂੰ ਕੁਝ ਹਿੱਸਿਆਂ ਵਿੱਚ ਵੰਡ ਲਿਆ ਜਾਵੇ। ਅਕਸਰ ਬੱਚਿਆਂ ਨੂੰ ਕੰਮ ਸੌਂਪਣ ਤੋਂ ਬਾਅਦ ਮਾਪੇ ਸੁਰਖ਼ਰੂ ਹੋ ਜਾਂਦੇ ਹਨ। ਪਰ ਜਦ ਕੰਮ ਪੂਰਾ ਕਰ ਲੈਂਦੇ ਹਨ ਤਾਂ ਉਨਾਂ ਦੇ ਕੰਮਾਂ ਵਿੱਚ ਦੋਸ਼ ਕੱਢ ਕੇ ਮਾਪੇ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਬੱਚਿਆਂ ਨੂੰ ਕੋਈ ਕੰਮ ਢੰਗ ਨਾਲ ਕਰਨਾ ਨਹੀਂ ਆਉਂਦਾ, ਉਨਾਂ ਨੂੰ ਕੰਮ ਸੌਂਪਣਾ ਫ਼ਜ਼ੂਲ ਹੈ। ਇਸ ਨਾਲ ਬੱਚਿਆਂ ਅੰਦਰ ਹੌਲੀ ਹੌਲੀ ਕੰਮਾਂ ਪ੍ਰਤੀ ਦਿਲਚਸਪੀ ਘਟਦੀ ਜਾਂਦੀ ਹੈ। ਜਦੋਂ ਤੱਕ ਬੱਚਿਆਂ ਨੂੰ ਵਿਸ਼ਵਾਸ ਨਹੀਂ ਦਿਵਾਇਆ ਜਾਂਦਾ ਕਿ ਉਹ ਜੋ ਕਰਨਗੇ, ਵਧੀਆ ਕਰਨਗੇ, ਤਦ ਤੱਕ ਉਨਾਂ ਵਿੱਚ ਆਤਮ ਵਿਸ਼ਵਾਸ ਨਹੀਂ ਆਵੇਗਾ। ਉਨਾਂ ਦੀ ਤਾਰੀਫ਼ ਕਰਨਾ ਜ਼ਰੂਰੀ ਹੈ। ਜੇਕਰ ਕੰਮ ਨੂੰ ਪੂਰਾ ਕਰਨ ਵਿੱਚ ਕੋਈ ਊਣਤਾਈ ਰਹਿ ਗਈ ਹੈ ਤਾਂ ਬੱਚਿਆਂ ਨੂੰ ਪਿਆਰ ਨਾਲ ਸਮਝਾਇਆ ਜਾਵੇ। ਕਈ ਪਰਿਵਾਰਾਂ ਵਿੱਚ ਯੋਜਨਾਬੱਧ ਤਰੀਕੇ ਨਾਲ ਕੰਮ ਕਰਨ ਦਾ ਰਿਵਾਜ ਨਹੀਂ ਹੁੰਦਾ। ਸਿੱਟੇ ਵਜੋਂ ਮਾਪੇ ਚੰਗੇ ਵਿਚਾਰਾਂ ਨੂੰ ਹੀ ਵਿਹਾਰਕ ਰੂਪ ਦੇਣ ਵਿੱਚ ਸਫਲ ਨਹੀਂ ਹੁੰਦੇ। ਇਸ ਆਦਤ ਕਾਰਨ ਬੱਚਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਹੁੰਦਾ, ਇਸ ਲਈ ਜ਼ਰੂਰੀ ਹੈ ਬੱਚਿਆਂ ਨੂੰ ਯੋਜਨਾਬੱਧ ਢੰਗ ਨਾਲ ਕੰਮਾਂ ਪ੍ਰਤੀ ਜਾਣੂ ਕਰਵਾਇਆ ਜਾਵੇ। ਬੱਚਿਆਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਉਣਾ ਜ਼ਰੂਰੀ ਹੈ ਕਿ ਉਨਾਂ ਦੇ ਮਾਪਿਆਂ ਨੂੰ ਉਨਾਂ ਉੱਪਰ ਮਾਣ ਹੈ। ਬੱਚਿਆਂ ਵਿੱਚ ਵਿਸ਼ਵਾਸ, ਧੀਰਜ ਅਤੇ ਇਕਾਗਰਤਾ ਨਾਲ ਕੰਮ ਨੂੰ ਪੂਰਾ ਕਰਨ ਦੇ ਗੁਣ ਭਰਨੇ ਚਾਹੀਦੇ ਹਨ। ਕੁਝ ਤਿੱਖੇ ਬੋਲ ਜਿਵੇਂ ਕਿ, ਜੇਕਰ ਪਹਿਲਾਂ ਹੋਸ਼ ਕੀਤੀ ਹੁੰਦੀ ਤਾਂ ਇਹ ਨਾ ਹੁੰਦਾ, ਸਾਨੂੰ ਤੈਨੂੰ ਆਪਣਾ ਬੱਚਾ ਕਹਿੰਦੇ ਸ਼ਰਮ ਆਉਂਦੀ ਹੈ ਵਰਗੇ ਬੋਲ ਬੋਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਜਿਹੇ ਸ਼ਬਦ ਬੱਚੇ ਦੀ ਆਤਮਾ ਉੱਤੇ ਗਹਿਰੇ ਜ਼ਖ਼ਮ ਦੇ ਜਾਂਦੇ ਹਨ ਅਤੇ ਬੱਚੇ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਇੱਕ ਵੱਡੀ ਅੜਚਨ ਸਾਬਿਤ ਹੁੰਦੇ ਹਨ। ਇਸ ਪ੍ਰਕਾਰ ਬੱਚਿਆਂ ਵਿਸ਼ੇਸ਼ ਕਰ ਛੇ ਤੋਂ ਪੰਦਰਾਂ ਸਾਲਾਂ ਅਜਿਹੀ ਉਮਰ ਹੁੰਦੀ ਹੈ ਜਦੋਂ ਉਹ ਆਪਣੀਆਂ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀਆਂ ਸਮਝ ਸਕਦੇ ਹਨ। ਇਸ ਉਮਰ ਵਿੱਚ ਉਨਾਂ ਨੂੰ ਯੋਗ ਮੌਕੇ ਦੇਣੇ ਤੇ ਉਨਾਂ ਨੂੰ ਸਮਝਣਾ ਮਾਪਿਆਂ ਦੇ ਹੱਥ ਹੈ। ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਹਿਟਲਰ ਵਾਂਗ ਤਾਨਾਸ਼ਾਹੀ ਰੂਪ ਛੱਡ ਮਾਪਿਆਂ ਨੂੰ ਬੱਚਿਆਂ ਦੇ ਦੋਸਤ ਬਣਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਬੱਚਾ ਕਿਸੇ ਵੀ ਤਰਾਂ ਦੀ ਕੋਈ ਵੀ ਗੱਲ ਕਰਨ ਤੋਂ ਸੰਗ ਮਹਿਸੂਸ ਨਾ ਕਰੇ। ਆਪਣੀਆਂ ਮੁਸ਼ਕਿਲਾਂ ਅਤੇ ਸ਼ੰਕਿਆਂ ਨੂੰ ਬੱਚੇ ਅਰਾਮ ਨਾਲ ਮਾਪਿਆਂ ਨਾਲ ਸਾਂਝਾ ਕਰ ਸਕਣ। ਮਾਪਿਆਂ ਤੋਂ ਇਲਾਵਾ ਅਧਿਆਪਕਾਂ ਨੂੰ ਵੀ ਆਪਣੇ ਵਿਦਿਆਰਥੀਆਂ ਨਾਲ ਦੋਸਤਾਨਾ ਵਿਵਹਾਰ ਰੱਖਣਾ ਚਾਹੀਦਾ ਹੈ। ਅਧਿਆਪਕ ਦਾ ਵਰਤਾਓ ਅਜਿਹਾ ਹੋਵੇ ਕਿ ਵਿਦਿਆਰਥੀ ਬੇਝਿਜਕ ਆਪਣੀਆਂ ਨਿੱਜੀ ਅਤੇ ਪੜਾਈ ਨਾਲ ਸਬੰਧੀ ਮੁਸ਼ਕਿਲਾਂ ਅਧਿਆਪਕ ਨਾਲ ਸਾਂਝੀਆਂ ਕਰ ਸਕੇ।

ਆਓ ਅਸੀਂ ਸਾਰੇ ਮਿਲ ਕੇ ਇਨਾਂ ਕੋਮਲ ਅਤੇ ਸੋਹਲ ਮਨਾਂ ਨੂੰ ਸਮਝਣ ਦਾ ਯਤਨ ਕਰੀਏ ਅਤੇ ਭਵਿੱਖ ਦੇ ਜ਼ਿੰਮੇਵਾਰ ਵਾਰਸ ਬਣਾਈਏ।

# ਸੁੱਚੀ ਥਾਲ਼ੀ ...

- ਵਿਜੈ ਗਰਗ

ਇੱਕ ਆਮ ਸਾਧਾਰਨ ਜਿਹਾ ਵਿਅਕਤੀ ਪਾਲਾ, ਪਾਲਾ ਇੱਕ ਕਰਿਆਨੇ ਦੀ ਨਿੱਕੀ ਜੀ ਦੁਕਾਨ ਤੋਂ ਕੰਮ ਸ਼ੁਰੂ ਕੀਤਾ ਹੌਲੀ ਹੌਲੀ ਸ਼ਰਾਬ ਦੇ ਠੇਕਿਆਂ ਦੇ ਕਾਰੋਬਾਰ ਵਿਚ ਕਿਸਮਤ ਅਜਮਾਈ ਤਾਂ ਜਿਵੇਂ ਕੁਬੇਰ ਦਾ ਖ਼ਜ਼ਾਨਾ ਮਿਲ ਗਿਆ ਹੋਵੇ ਦਿਨਾਂ 'ਚ ਹੀ ਪੈਸੇ ਦੇ ਅੰਬਾਰ ਲੱਗ ਗਏ, ਐਸਾ ਭੇਤ ਆਇਆ ਇਸ ਕਾਰੋਬਾਰ ਦਾ ਕਿ 5-7 ਸਾਲਾਂ ਵਿਚ ਹੀ ਪਿੰਡ ਦਾ ਹੀ ਨਹੀਂ ਇਲਾਕੇ ਦੇ ਵੱਡਿਆਂ ਧਨਾਢਾਂ ਵਿੱਚ ਗਿਣਿਆ ਜਾਣ ਲੱਗਾ...। ਅੱਜ ਸ਼ਹਿਰ ਵਿੱਚ ਸਭ ਤੋਂ ਵੱਡਾ ਬੰਗਲਾ ਪਾਲੇ ਦਾ ਸੀ ਲਗਜ਼ਰੀ ਗੱਡੀਆਂ ਘਰ ਵਿਚ ਹਰ ਐਸ਼ੋ ਅਰਾਮ ਦਾ ਸਮਾਨ ਫ਼ੌਰਨ ਤੋਂ ਇੰਪੋਟ ਕੀਤਾ ਗਿਆ ਸੀ ਹੁਣ ਕਾਮਯਾਬੀ ਦਾ ਇਹ ਆਲਮ ਸੀ ਕਿ ਸਰਪੰਚ, ਐਮ.ਐਲ.ਏ., ਐਮ.ਪੀ. ਹੀ ਨਹੀਂ ਸਾਰੇ ਵੀ.ਵੀ.ਆਈ.ਪੀ. ਲੋਕ ਪਾਲੇ ਦੇ ਇਸ਼ਾਰਿਆਂ 'ਤੇ ਨੱਚਦੇ।

...ਪਾਲੇ ਨੇ ਆਪਣੀ ਇਕਲੌਤੀ ਬੇਟੀ ਦਾ ਵਿਆਹ ਰੱਖਿਆ। ਸ਼ਾਨਦਾਰ ਘਰ ਹੋਣ ਦੇ ਬਾਵਜੂਦ ਸ਼ਹਿਰ ਦਾ ਸਭ ਤੋਂ ਵੱਡਾ ਰਿਜੌਟ ਬੁੱਕ ਕੀਤਾ ਡੈਕੋਰੇਸ਼ਨ, ਵੇਟਰਾਂ ਦਾ ਖਰਚਾ ਮਿਲਾ, ਜੀ.ਐਸ.ਟੀ. ਪਾ ਲਾ ਕੇ 4 ਲੱਖ ਵਿਚ ਗੱਲ ਮੁੱਕੀ। 1500 ਬੰਦਿਆਂ ਦੇ ਅਰੇਂਜਮੈਂਟ ਤੇ ਕੈਟਰਿੰਗ ਦਾ ਕੁੱਲ ਖਰਚਾ 23 ਕੁ ਲੱਖ ਦਾ ਅਨੁਮਾਨ ਲਾਇਆ ਗਿਆ..

ਸਿਆਣੇ ਕਹਿੰਦੇ ਨੇ ਕਿ ਮਿਥਿਆ ਹੋਇਆ ਦਿਨ ਬੜੀ ਜਲਦੀ ਨਾਲ ਆਉਂਦਾ ਹੈ। ਇਵੇਂ ਹੀ ਹੋਇਆ ਅੱਜ ਵਿਆਹ ਦਾ ਦਿਨ ਸੀ, ਇਲਾਕੇ ਦੀਆਂ ਨਾਮਵਰ ਹਸਤੀਆਂ ਵਿਆਹ ਵਿੱਚ ਸ਼ਿਰਕਤ ਕਰਨ ਲਈ ਪਹੁੰਚੀਆਂ ਬਾਰਾਤ ਵੀ ਪਹੁੰਚ ਚੁੱਕੀ ਸੀ ...ਸ਼ਾਨਦਾਰ ਸੋਫ਼ਿਆਂ ਤੇ ਬੈਠ ਲੋਕ ਪੈੱਗ ਤੇ ਲੈੱਗ ਨੱਚ ਰਹੇ ਸਨ ....ਹਰ ਪਾਸੇ ਇਸ ਸ਼ਾਨਦਾਰ ਵਿਆਹ ਦੀ ਤਾਰੀਫ਼ ਹੋ ਰਹੀ ਸੀ ਕਿਤੇ ਨਾ ਕਿਤੇ ਪਾਲਾ ਅੰਦਰੋਂ ਅੰਦਰੀਂ ਬੜਾ ਖ਼ੁਸ਼ ਸੀ ਉਸ ਦੀ ਹਉਮੈ ਅਤੇ ਹੰਕਾਰ ਬੜਾ ਸਿਖ਼ਰਾਂ 'ਤੇ ਸੀ ਜਦੋਂ ਲੋਕ ਇਲਾਕੇ ਦਾ ਸਭ ਤੋਂ ਵਧੀਆ ਵਿਆਹ ਕਹਿ ਰਹੇ ਸੀ ..ਡੋਲੀ ਤੁਰਨ ਤੱਕ ਲਗਭਗ ਅੱਧਿਓਂ ਵੱਧ ਲੋਕ ਜਾ ਚੁੱਕੇ ਸਨ। ਸਮਾਂ ਬੀਤਿਆ ਡੋਲੀ ਦਾ ਵੇਲਾ ਆਇਆ ਤਾਂ ਸਿਰਫ਼ ਕੁਝ ਕੁ ਪਰਿਵਾਰਕ ਮੈਂਬਰ ਹੀ ਸਨ, ਡੋਲੀ ਵਿਦਾ ਹੋਈ ਬਾਕੀ ਲੋਕ ਫਿਰ ਤੋਂ ਪੈਲੇਸ ਦੇ ਅੰਦਰ ਗਏ ...ਧੀ ਵਿਦਾ ਹੋਈ, ਪਾਲਾ ਥੋੜਾ ਜਿਹਾ ਉਦਾਸ ਸੀ। ਮਨ ਹੌਲਾ ਕਰਨ ਲਈ ਥੋੜਾ ਜਿਹਾ ਸਾਈਡ ਨੂੰ ਟਹਿਲਣ ਨਿਕਲਿਆ ਤਾਂ ਇੱਕ ਦਮ ਰੂਹ ਕੰਬ ਗਈ ਜਦੋਂ ਇੱਕ ਬਜ਼ੁਰਗ ਮਹਿਲਾ ਤੇ ਉਹਦੇ ਨਾਲ ਇੱਕ ਛੋਟੀ ਜਿਹੀ ਬੱਚੀ ਨੂੰ ਜੂਠੀਆਂ ਪੱਤਰਾਂ ਵਿੱਚੋਂ ਖਾਣਾ ਖਾਂਦੇ ਦੇਖਿਆ। ਛੋਟੀ ਜਿਹੀ ਬੱਚੀ ਉਮਰ ਸੱਤ-ਅੱਠ ਸਾਲ। ਉੱਚੀ ਜਿਹੀ ਫਰਾਕ ਪਾਈ ਹੋਈ ਉਹਦੇ ਗੋਡੇ ਅਤੇ ਸਿਰ ਵਿੱਚੋਂ ਖ਼ੂਨ ਸਿਮ ਰਿਹਾ ਸੀ, ਅੱਖਾਂ ਵਿੱਚ ਹੰਝੂ ਪਰ ਉਹ ਖਾਣ ਵਿੱਚ ਮਗਨ ਸੀ।

ਕੋਲ ਜਾ ਕੇ ਪਾਲਾ ਬੋਲਿਆ.. ਮਾਤਾ ਜੀ ਇਹ ਕੀ ਕਰ ਰਹੇ ਹੋ, ਜੂਠਾ ਖਾਣਾ ਕਿਉਂ ਖਾ ਰਹੇ, ਆਓ ਅੰਦਰ ਆ ਕੇ ਖਾਣਾ ਖਾ ਲਓ.. ਮਾਤਾ ਬੋਲੀ ਬੇਟਾ ਗਈ ਸੀ ਬੱਚੀ ਅੰਦਰ ਪਰ ਤੁਹਾਡੇ ਕਿਸੇ ਪ੍ਰਬੰਧਕ ਨੇ ਖਾਣਾ ਤਾਂ ਕੀ ਦੇਣਾ ਸੀ ਧੱਕਾ ਮਾਰਿਆ ਜਿਸ ਕਾਰਨ ਬੱਚੀ ਦੇ ਸਿਰ ਤੇ ਗੋਡੇ ਉੱਤੇ ਸੱਟ ਵੀ ਲੱਗੀ ਏ। ਬਾਕੀ ਕੋਈ ਗੱਲ ਨੀਂ ਪੁੱਤਰਾ ਆ ਜੂਠ-ਸੁੱਚ ਰੱਜੇ ਪੁੱਜੇ ਲੋਕਾਂ ਦਾ ਬਹਾਨਾ ਹੁੰਦਾ.... ਤਿੰਨ ਦਿਨ ਤੋਂ ਭੁੱਖੇ ਲਈ ਇਹ ਜੂਠ ਨਹੀਂ ਇਹ ਵੀ ਅੰਮ੍ਰਿਤ ਈ ਏ ....ਨਾਲੇ ਬੇਟਾ ਜੀ ਹੁਣ ਤਾਂ ਭਰ ਪੇਟ ਖਾਣਾ ਖਾ ਲਿਆ ਏ, ਤ੍ਰਿਪਤ ਹੋ ਗਈ ਆ ਪੰਜਾਂ ਛਿਆਂ ਪੱਤਰਾਂ ਦੇ ਵਿੱਚੋਂ ਇੱਕ ਪੱਤਰ ਵਿੱਚ ਇਕੱਠੇ ਕੀਤੇ ਚੌਲ ਲਿਫ਼ਾਫ਼ੇ 'ਚ ਪਾਉਂਦੀ ਹੋਈ ਬੋਲੀ। ਮੈਂ ਤਾਂ ਰਾਤ ਜੋਗੇ ਵੀ ਲੈ ਲਏ ਨੇ...ਕਹਿੰਦੀ ਹੋਈ ਉੱਠ ਕੇ ਤੁਰਨ ਲੱਗੀ ....ਪਾਲੇ ਨੇ ਗੌਹ ਨਾਲ ਤੱਕਿਆ ਉਹ ਮੰਗਤੀ ਨਹੀਂ ਸੀ ਕਿਉਂਕਿ ਉਸ ਨੇ ਪਾਲੇ ਅੱਗੇ ਹੱਥ ਨਹੀਂ ਅੱਡਿਆ ਬਲਕਿ ਚੁੰਨੀ ਨਾਲ ਲਿੱਬੜੇ ਹੋਏ ਹੱਥ ਨੂੰ ਪੂੰਝਦੇ ਹੋਏ ਪਾਲੇ ਦੇ ਸਿਰ ਤੇ ਰੱਖ ਕੇ ਬੋਲੀ

.....ਜਿਊਂਦਾ ਰਹਿ ਪੁੱਤਰਾ ਰੱਬ ਤੈਨੂੰ ਬਹੁਤਾ ਦੇਵੇ ...

ਉਹ ਚਲੀ ਗਈ ਨਾਲ ਉਂਗਲ ਲੱਗੀ ਛੋਟੀ ਜਿਹੀ ਬੱਚੀ ਪਿੱਛੇ ਪਰਤ ਕੇ ਵੇਖਿਆ ਤਾਂ ਪਾਲਾ ਸਿਓਂ ਦੀਆਂ ਭੁੱਬਾਂ ਨਿਕਲ ਗਈਆਂ ਹੰਕਾਰ ਚੂਰੋ ਚੂਰ ਹੋ ਗਿਆ ...

ਪਾਲੇ ਨੇ ਮਹਿਸੂਸ ਕੀਤਾ ਕਿ ਅੱਜ ਨਾ ਸ਼ੁਕਰੇ ਲੋਕਾਂ ਤੇ ਲੱਖਾਂ ਰੁਪਿਆ ਖ਼ਰਚ ਕਰ ਦਿੱਤੇ ਨੇ ਪਰ ਜਦੋਂ ਰੱਬ ਖ਼ੁਦ ਆਇਆ ਸੀ ਅਸ਼ੀਰਵਾਦ ਦੇਣ ਉਸ ਨੂੰ ਇੱਕ..... ਸੁੱਚੀ ਥਾਲ਼ੀ ....... ਵੀ ਨਹੀਂ ਭੇਟ ਕਰ ਸਕਿਆ

# ਈਕੋਸਿੱਖ ਵੱਲੋਂ ਜੋਅ ਬਾਈਡਨ ਦੇ ਧਰਤੀ ਦੇ ਤਾਪਮਾਨ ਬਾਰੇ ਲਏ ਫ਼ੈਸਲੇ ਦਾ ਭਰਵਾਂ ਸਵਾਗਤ

**ਵਾਸ਼ਿੰਗਟਨ/ਰਾਜ ਗੋਗਨਾ):** ਇਕ ਵਿਸ਼ਵਵਿਆਪੀ ਸਿੱਖ ਵਾਤਾਵਰਣ ਸਮੂਹ, ਈਕੋਸਿੱਖ ਨੇ ਧਰਤੀ ਤਾਪਮਾਨ ਵੱਧਣ ਤੋਂ ਰੋਕਣ ਲਈ ਅਮਰੀਕੀ ਰਾਸ਼ਟਰਪਤੀ ਬਾਈਡਨ ਵੱਲੋਂ ਲਏ ਗਏ ਫ਼ੈਸਲਿਆਂ ਦਾ ਸਵਾਗਤ ਕੀਤਾ ਹੈ। ਕਿਉਂਕਿ ਇਸ ਮੁੱਦੇ ਨੂੰ ਅਮਰੀਕਾ ਦੀ ਵਿਦੇਸ਼ ਨੀਤੀ ਦੇ ਏਜੰਡੇ ਦਾ ਕੇਂਦਰ ਬਣਾਇਆ ਹੈ। ਈਕੋ ਸਿੱਖ ਯੂ.ਐਸ.ਏ ਦੀ ਪ੍ਰਧਾਨ ਡਾ. ਗੁਣਪ੍ਰੀਤ ਕੌਰ ਨੇ ਕਿਹਾ, ਬਾਈਡਨ ਨੇ ਜਲਵਾਯੂ ਦੇ ਸੰਕਟ ਨਾਲ ਨਜਿੱਠਣ ਲਈ ਵਚਨਬੱਧਤਾ ਦਿਖਾਈ ਹੈ ਅਤੇ ਸਹੀ ਦਿਸ਼ਾ ਵੱਲ ਇਕ ਵੱਡਾ ਕਦਮ ਹੈ। ਜੋਅ ਬਾਈਡਨ ਦੁਆਰਾ ਮੌਸਮ ਦੇ ਰਾਜਦੂਤ ਵਜੋਂ ਜੌਨ ਕੈਰੀ ਨੂੰ ਨਿਯੁੱਕਤ ਕੀਤੇ ਜਾਣ ਤੋਂ ਅਸੀਂ ਬਹੁਤ ਖੁਸ਼ ਹਾਂ। ਉਸ ਨੇ ਅੱਗੇ ਕਿਹਾ, "ਪੈਰਿਸ ਦੇ ਸੰਨ 2015 ਚ' ਵਿਸ਼ਵ ਜਲਵਾਯੂ ਸਮਝੌਤੇ ਵਿੱਚ ਕੈਰੀ ਦੀ ਅਗਵਾਈ ਬਹੁਤ ਹੀ ਮਹੱਤਵਪੂਰਣ ਸੀ ਅਤੇ ਇਸ ਨਾਜ਼ੁਕ ਮੁੱਦੇ ਤੇ ਉਹਨਾਂ ਦੀ ਨਿਯੁਕਤੀ ਨਾਲ ਵਿਸ਼ਵ ਲਾਭ ਉਠਾਏਗਾ।" ਬਾਈਡਨ ਦੀ ਜਿੱਤ ਨਾਲ ਅਮਰੀਕਾ ਦੀਆ ਨੀਤੀਆਂ ਤੇ ਭਾਰੀ ਬਦਲਾਅ ਆਇਆ ਹੈ।




ਈਕੋ ਸਿੱਖ ਦੇ ਸੰਸਥਾਪਕ ਅਤੇ ਗਲੋਬਲ ਪ੍ਰੈਜ਼ੀਡੈਂਟ ਡਾ: ਰਾਜਵੰਤ ਸਿੰਘ ਨੇ ਕਿਹਾ, ਨਵੇਂ ਚੁਣੇ ਅਮਰੀਕੀ ਰਾਸ਼ਟਰਪਤੀ ਦੀਆਂ ਸ਼ੁਰੂਆਤੀ ਕਾਰਵਾਈਆਂ ਦਰਸਾਉਂਦੀਆਂ ਹਨ ਕਿ ਉਹ ਜਲਵਾਯੂ ਨੂੰ ਅਮਰੀਕਾ ਅਤੇ ਦੁਨੀਆ ਦਾ ਅਤਿ ਜ਼ਰੂਰੀ ਮਸਲਾ ਉਹ ਮੰਨਦੇ ਹਨ। ਅਤੇ ਜੌਨ ਕੈਰੀ ਨੂੰ ਇੱਕ ਅਮਰੀਕੀ ਜਲਵਾਯੂ ਰਾਜਦੂਤ ਦੇ ਰੂਪ ਵਿੱਚ ਨਿਯੁਕਤ ਕਰਨਾ ਪੂਰੀ ਦੁਨੀਆ ਨੂੰ ਇੱਕ ਅਹਿਮ ਸੰਦੇਸ਼ ਦਿੰਦਾ ਹੈ।

ਡਾ: ਰਾਜਵੰਤ ਸਿੰਘ ਨੇ ਅੱਗੇ ਕਿਹਾ, ਅਸੀਂ ਵੀ ਖੁਸ਼ ਹਾਂ ਕਿ ਜੋਅ ਬਾਈਡਨ ਨੇ ਪੈਰਿਸ ਜਲਵਾਯੂ ਸਮਝੌਤੇ ਵਿੱਚ ਮੁੜ ਅਮਰੀਕਾ ਨੂੰ ਸ਼ਾਮਲ ਕਰਨ ਦਾ ਵੀ ਵਾਅਦਾ ਕੀਤਾ ਹੈ।ਈਕੋ ਸਿੱਖ ਇਸ ਮੁੱਦੇ 'ਤੇ ਲੰਬੇ ਸਮੇਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਆਉਣ ਵਾਲੇ ਪ੍ਰਸ਼ਾਸਨ ਨਾਲ ਕੰਮ ਕਰਨ ਲਈ ਵੀ ਤਿਆਰ ਹੈ।ਅਤੇ ਅਸੀਂ ਨਿਸ਼ਚਤ ਤੌਰ 'ਤੇ ਉਮੀਦ ਕਰਾਂਗੇ ਕਿ ਬਾਈਡਨ ਪ੍ਰਸ਼ਾਸਨ ਭਾਰਤ, ਚੀਨ, ਯੂਰਪੀਅਨ ਸਹਿਯੋਗੀ ਦੇਸ਼ਾਂ ਅਤੇ ਰੂਸ ਨਾਲ ਮਿਲ ਕੇ ਸਾਰੇ ਦੇਸ਼ਾਂ ਦੁਆਰਾ ਵਾਤਾਵਰਨ ਸੰਬੰਧੀ ਪੈਰਿਸ ਸਮਝੌਤੇ ਨੂੰ ਲਾਗੂ ਕਰਨ ਲਈ ਕੰਮ ਕਰਨਗੇ।

ਨਿਊਜਰਸੀ ਤੋਂ ਈਕੋਸਿੱਖ ਬੋਰਡ ਦੇ ਮੈਂਬਰ, ਇੰਦਰਪ੍ਰੀਤ ਸਿੰਘ ਨੇ ਕਿਹਾ, ਬਾਈਡਨ ਦੀ ਅਗਵਾਈ ਵਿੱਚ ਅਮਰੀਕਾ ਵੱਲੋਂ ਦੁਨਿਆਂ ਭਰ ਚ' ਵਾਤਾਵਰਨ ਨੂੰ ਬਚਾਉਣ ਬਾਰੇ ਪਹਿਲ-ਕਦਮੀ ਦੀ ਸੰਸਾਰ ਇੰਤਜ਼ਾਰ ਚ ਹੈ।

ਹਿਊਸਟਨ (ਟੈਕਸਾਸ) ਤੋਂ ਈਕੋਸਿੱਖ ਦੀ ਡਾਇਰੈਕਟਰ ਰਸਨਾ ਕੌਰ ਲਾਂਬਾ ਨੇ ਵੀ ਕਿਹਾ, ਮੌਸਮ ਵਿੱਚ ਤਬਦੀਲੀ ਲੋਕਾਂ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਤ ਕਰਦੀ ਹੈ, ਇਹ ਆਰਥਿਕਤਾ ਦੇ ਹਰ ਪਹਿਲੂ ਨੂੰ ਪ੍ਰਭਾਵਤ ਕਰਦੀ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਸਾਡੇ ਬੱਚੇ ਇਸ ਸੰਕਟ ਤੋਂ ਸਭ ਤੋਂ ਵੱਧ ਪ੍ਰਭਾਵਤ ਹੋਣਗੇ। ਕਾਰਵਾਈ ਕਰਨ ਦਾ ਸਮਾਂ ਹੁਣ ਹੈ ਅਤੇ ਇਹ ਸਾਡੀ ਨੈਤਿਕ ਜ਼ਿੰਮੇਵਾਰੀ ਵੀ ਹੈ।

ਈਕੋਸਿੱਖ ਦੀ ਸੱਕਤਰ ਸ੍ਰੀਮਤੀ ਮਨਪ੍ਰੀਤ ਸਿੰਘ ਨੇ ਕਿਹਾ, ਈਕੋਸਿੱਖ ਦੇ ਚੈਪਟਰ ਨੇ ਭਾਰਤ, ਕੈਨੇਡਾ ਅਤੇ ਯੂਕੇ ਵਿੱਚ ਸਰਗਰਮੀ ਨਾਲ ਮੌਸਮ ਦੇ ਮਸਲਿਆਂ ਤੇ ਜੁੜੇ ਹੋਏ ਹਨ ਅਤੇ ਸਿੱਖ ਕੌਮ ਇਸ ਧਰਤੀ ਦੇ ਭਵਿੱਖ ਨੂੰ ਬਚਾਉਣ ਲਈ ਵਿਸ਼ਵਵਿਆਪੀ ਤੌਰ ਤੇ ਵਚਨਬੱਧ ਹੈ। ਅਸੀਂ ਅਮਰੀਕਾ ਵਿਚ ਬਾਈਡਨ ਪ੍ਰਸ਼ਾਸਨ ਲਈ ਆਪਣੇ ਸਹਿਯੋਗ ਅਤੇ ਸਹਾਇਤਾ ਦਾ ਪੂਰਾ ਭਰੋਸਾ ਦੇਣਾ ਚਾਹੁੰਦੇ ਹਾਂ। ਈਕੋਸਿੱਖ ਨੂੰ ਓਬਾਮਾ ਪ੍ਰਸ਼ਾਸਨ ਦੇ ਦੌਰਾਨ ਸਟੇਟ ਡਿਪਾਰਟਮੈਂਟ ਅਤੇ ਵ੍ਹਾਈਟ ਹਾਊਸ ਦੁਆਰਾ ਪੈਰਿਸ ਸਮਝੌਤੇ ਲਈ ਕਈ ਸਲਾਹ-ਮਸ਼ਵਰੇ ਲਈ ਵੀ ਬੁਲਾਇਆ ਗਿਆ ਸੀ। ਈਕੋਸਿੱਖ ਨੂੰ ਪੈਰਿਸ ਵਿਚ ਫਰਾਂਸ ਦੀ ਸਰਕਾਰ ਨੇ ਉਸ ਸਮੇਂ ਦੇ ਫ੍ਰੈਂਚ ਰਾਸ਼ਟਰਪਤੀ ਓਲਾਂਡ ਨੇ ਵੀ ਬੁਲਾਇਆ ਸੀ। ਅਤੇ ਬਾਈਡਨ ਦੇ ਵਿਚਾਰ ਡੌਨਲਡ ਟਰੰਪ ਦੇ ਜਾਣ ਵਾਲੇ ਅਮਰੀਕੀ ਪ੍ਰਸ਼ਾਸਨ ਦੇ ਵਿਚਾਰਾਂ ਦੇ ਉਲਟ ਹਨ।

ਕੈਰੀ ਨੇ ਟਵੀਟ ਕੀਤਾ, ਅਮਰੀਕਾ ਵਿਚ ਜਲਦੀ ਹੀ ਇਕ ਸਰਕਾਰ ਆਵੇਗੀ ਜੋ ਜਲਵਾਯੂ ਦੇ ਸੰਕਟ ਦਾ ਇਲਾਜ ਕਰੇਗੀ ਕਿਉਂਕਿ ਇਹ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਖ਼ਤਰਾ ਹੈ। "ਮੈਨੂੰ ਰਾਸ਼ਟਰਪਤੀ ਚੁਣੇ ਹੋਏ, ਸਾਡੇ ਸਹਿਯੋਗੀ ਸੰਗਠਨਾਂ, ਅਤੇ ਜਲਵਾਯੂ ਅੰਦੋਲਨ ਦੇ ਨੌਜਵਾਨ ਨੇਤਾਵਾਂ ਨੂੰ ਰਾਸ਼ਟਰਪਤੀ ਦੇ ਜਲਵਾਯੂ ਦੂਤ ਵਜੋਂ ਇਸ ਸੰਕਟ ਦਾ ਸਾਹਮਣਾ ਕਰਨ ਲਈ ਭਾਗੀਦਾਰ ਹੋਣ 'ਤੇ ਬਹੁਤ ਮਾਣ ਹੈ।




# ਪਾਠਕਾਂ ਦਾ ਨਜ਼ਰੀਆ

## ਵਿਸ਼ਵ ਸਾਹਮਣਾ ਕਰ ਰਿਹਾ ਜਮਹੂਰੀਅਤ ਸੰਕਟ ਦਾ

2020 ਵਿਚ ਵਰਾਇਟੀਜ਼ ਆਫ਼ ਡੈਮੋਕ੍ਰੇਸੀ ਇੰਸਟੀਚਿਊਟ ਦੀ ਰਿਪੋਰਟ ਆਈ ਹੈ ਜਿਸ ਦਾ ਸਿਰਲੇਖ 'ਤਾਨਾਸ਼ਾਹੀ ਵੱਲ ਵਧਦੇ ਕਦਮ ਅਤੇ ਇਸ ਖ਼ਿਲਾਫ਼ ਵਿਦਰੋਹਾਂ ਵਿਚ ਤੇਜ਼ੀ' ਹੈ। ਇਹ ਰਿਪੋਰਟ 2009 ਤੋਂ 2019 ਤੱਕ ਦੇ ਸੰਘਰਸ਼ਾਂ ਅਤੇ ਵਿਰੋਧਾਂ ਦੇ ਵਿਸ਼ਲੇਸ਼ਣਾਂ ਉੱਪਰ ਆਧਾਰਿਤ ਹੈ। ਇਸ ਵਿਚ ਲਿਖਿਆ ਹੈ: 2001 ਤੋਂ ਲਗਾਤਾਰ ਸੰਸਾਰ ਪੱਧਰ 'ਤੇ ਵੱਖ-ਵੱਖ ਦੇਸ਼ਾਂ ਦੀਆਂ ਲਿਬਰਲ ਜਮਹੂਰੀਅਤ ਵਾਲੀਆਂ ਸੰਸਥਾਵਾਂ ਗ਼ਰਕ ਰਹੀਆਂ ਹਨ। ਇਨਾਂ ਜਮਹੂਰੀਅਤਾਂ ਦਾ ਕੇਂਦਰ ਰਹੇ ਯੂਰੋਪੀਅਨ ਖਿੱਤੇ ਵਿਚ ਹੰਗਰੀ ਅਜਿਹਾ ਪਹਿਲਾ ਮੁਲਕ ਹੈ ਜੋ ਪੂਰੀ ਤਰਾਂ ਜਮਹੂਰੀਅਤ ਵਾਲੇ ਸਾਰੇ ਗੁਣ ਤੇ ਪਹਿਲੂ ਗੁਆ ਕੇ ਗੈਰ ਜਮਹੂਰੀ ਹੋ ਚੁੱਕਾ ਹੈ। ਭਾਰਤ ਵੀ ਇਸ ਰਸਤੇ ਉੱਪਰ ਤੇਜ਼ੀ ਨਾਲ ਵਧ ਰਿਹਾ ਹੈ। ਇਹ ਆਪਣੀ ਜਮਹੂਰੀਅਤ ਦੇ ਕਈ ਪਹਿਲੂ ਅਤੇ ਪਰਤਾਂ ਗੁਆ ਚੁੱਕਾ ਹੈ। ਰੂਸ ਦਾ ਰਾਸ਼ਟਰਪਤੀ ਪੂਤਿਨ ਤਾਂ ਇੱਥੋਂ ਤੱਕ ਕਹਿ ਰਿਹਾ ਹੈ ਕਿ ਹੁਣ ਲਿਬਰਲ ਜਮਹੂਰੀਅਤ 'ਪੁਰਾਣੀ ਕਥਾ' ਹੋ ਗਈ ਹੈ। ਸਭ ਤੋਂ ਵੱਧ ਲਿਬਰਲ ਜਮਹੂਰੀਅਤ ਦਾ ਝੰਡਾਬਰਦਾਰ ਅਮਰੀਕਾ ਬੁਰੀ ਤਰਾਂ ਜਮਹੂਰੀਅਤ ਦੇ ਸਾਰੇ ਕਾਇਦੇ ਕਾਨੂੰਨ ਤੋੜਦਾ ਹੋਇਆ ਗੈਰ ਜਮਹੂਰੀਅਤ ਦੇ ਰਸਤੇ ਉੱਪਰ ਪਹੁੰਚ ਚੁੱਕਾ ਹੈ।

ਰਿਪੋਰਟ ਅਨੁਸਾਰ ਵੱਖ ਵੱਖ ਪੱਖਾਂ ਤੋਂ ਜੋ ਸਮਾਜਿਕ ਆਜ਼ਾਦੀਆਂ, ਬਣੇ ਹੋਏ ਸੰਵਿਧਾਨਿਕ ਕਾਨੂੰਨ, ਸਾਫ਼-ਸੁਥਰੀਆਂ ਚੋਣਾਂ ਕਰਵਾਉਣ ਦੇ ਪੈਮਾਨੇ, ਸਿਆਸੀ ਆਜ਼ਾਦੀਆਂ ਅਤੇ ਆਪਣੇ ਹੱਕਾਂ ਲਈ ਇਕੱਤਰਤਾਵਾਂ ਕਰਨ ਦੇ ਸਨ, ਉਨਾਂ ਵਿਚ 2009 ਤੋਂ 20 19 ਤੱਕ ਵੱਖ ਵੱਖ ਮੁਲਕਾਂ ਵਿਚ ਗਿਰਾਵਟ ਆਈ ਹੈ ਜਿਹੜੀ 2001 ਵਿਚ ਸ਼ੁਰੂ ਹੋਈ ਸੀ ਅਤੇ 2009 ਵਿਚ ਇਹ 46 ਪ੍ਰਤੀਸ਼ਤ 'ਤੇ ਪਹੁੰਚ ਗਈ ਸੀ। ਇਹ 2019 ਵਿਚ ਹੋਰ ਵਧ ਕੇ 53 ਪ੍ਰਤੀਸ਼ਤ ਹੋ ਗਈ। ਅਜਿਹੇ 29 ਮੁਲਕ ਹਨ ਜਿਨਾਂ ਵਿਚ ਬੋਲੀਵੀਆ, ਪੋਲੈਂਡ, ਮਾਲਵੀ ਸ਼ਾਮਿਲ ਹਨ ਜਿੱਥੇ ਜਮਹੂਰੀਅਤ ਦੀ ਗਿਰਾਵਟ ਸਭ ਤੋਂ ਵੱਧ ਦਰਜ ਕੀਤੀ ਗਈ ਹੈ। ਰਿਪੋਰਟ ਦੇ ਪੰਨਾ 9 ਅਨੁਸਾਰ ਭਾਰਤ ਜਮਹੂਰੀਅਤ ਦਾ ਆਪਣਾ ਦਰਜਾ ਲਗਾਤਾਰ ਘਟਾ ਰਿਹਾ ਹੈ ਜਿਸ ਨੇ ਮੀਡੀਆ, ਸਿਵਿਲ ਸੁਸਾਇਟੀ, ਵਿਚਾਰਾਂ ਦੀ ਆਜ਼ਾਦੀ, ਲੋਕਾਂ ਦੀ ਵੰਡ ਤਹਿਤ ਵੋਟਾਂ ਹਾਸਲ ਕਰਨ ਦਾ ਰੁਝਾਨ, ਵਿਰੋਧੀ ਪਾਰਟੀਆਂ ਨੂੰ ਦਰਕਿਨਾਰ ਕਰਨਾ ਆਦਿ ਪਹਿਲੂ ਸ਼ਾਮਿਲ ਹਨ।

ਸੰਸਾਰ ਪੱਧਰੀ ਆਬਾਦੀ ਜੋ 92 ਮੁਲਕਾਂ ਦੀ ਤਕਰੀਬਨ 54 ਪ੍ਰਤੀਸ਼ਤ ਬਣਦੀ ਹੈ, ਉਹ ਬੁਰੀ ਤਰਾਂ ਤਾਨਾਸ਼ਾਹੀ ਵਾਲੇ ਕਈ ਪਹਿਲੂਆਂ ਦੇ ਅਧੀਨ ਹੋ ਚੁੱਕੀ ਹੈ ਅਤੇ 35 ਪ੍ਰਤੀਸ਼ਤ ਆਬਾਦੀ ਜੋ 2.6 ਬਿਲੀਅਨ ਬਣਦੀ ਹੈ, ਉਹ ਪੂਰੀ ਤਰਾਂ ਤਾਨਾਸ਼ਾਹੀ ਵਾਲੇ ਪਹਿਲੂ ਅਖ਼ਤਿਆਰ ਕਰ ਗਈਆਂ ਜਮਹੂਰੀਅਤਾਂ ਦੇ ਅਧੀਨ ਹੈ। ਸੰਸਾਰ ਦੇ 31 ਅਜਿਹੇ ਦੇਸ਼ ਹਨ ਜਿਹੜੇ ਪਿਛਲੇ 19 ਸਾਲਾਂ ਦੌਰਾਨ ਆਜ਼ਾਦ ਵਿਚਾਰਾਂ ਅਤੇ ਆਜ਼ਾਦ ਮੀਡੀਆ ਤੋਂ ਹੱਥ ਧੋ ਬੈਠੇ ਹਨ। 16 ਅਜਿਹੇ ਮੁਲਕ ਹਨ ਜਿਨਾਂ ਦਾ ਸਾਫ਼-ਸੁਥਰੀਆਂ ਚੋਣਾਂ ਕਰਵਾਉਣ ਦਾ ਪੈਮਾਨਾ ਬੁਰੀ ਤਰਾਂ ਹੇਠਾਂ ਡਿਗ ਚੁੱਕਾ ਹੈ। ਇਸੇ ਤਰਾਂ ਪਿਛਲੇ 10 ਸਾਲਾਂ ਵਿਚ ਅਕਾਦਮਿਕ ਖੇਤਰ ਵਿਚ ਆਜ਼ਾਦ ਖ਼ਿਆਲ ਰੱਖਣ ਵਾਲੇ ਹਿੱਸਿਆਂ ਵਿਚ ਤਾਨਾਸ਼ਾਹੀ ਦੇ ਅਸਰ ਕਾਰਨ 13 ਪ੍ਰਤੀਸ਼ਤ ਗਿਰਾਵਟ ਆਈ ਹੈ ਅਤੇ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਤੇ ਮਸਲਿਆਂ ਲਈ ਇਕੱਤਰ ਹੋਣਾ ਅਤੇ ਆਵਾਜ਼ ਉਠਾਉਣੀ ਵੀ ਤਾਨਾਸ਼ਾਹ ਰੁਝਾਨ ਵਾਲੇ ਰਾਜਾਂ ਵਿਚ 14ਪ੍ਰਤੀਸ਼ਤ ਦੀ ਕਮੀ ਆਈ ਹੈ। ਇਸ ਦੇ ਉਲਟ ਵੱਖ ਵੱਖ ਵਰਗਾਂ ਵਿਚ ਨਫ਼ਰਤ ਫੈਲਾਉਣਾ ਤੇ ਵੰਡੀਆਂ ਪਾਉਣੀਆਂ, ਤਾਨਾਸ਼ਾਹੀ ਦੇ ਪੱਖ ਵਿਚ ਮੁਜ਼ਾਹਰੇ ਕਰਨੇ ਅਤੇ ਸਿਆਸੀ ਜਿਆਤੀਆਂ ਸੱਤਾ ਰਾਹੀਂ ਕਰਵਾਉਣੀਆਂ, ਵਿਚ ਵਾਧਾ ਹੋਇਆ ਹੈ। ਇਨਾਂ ਵਿਚ ਬ੍ਰਾਜ਼ੀਲ ਤੇ ਪੋਲੈਂਡ ਮੁੱਖ ਹਨ।

ਰਿਪੋਰਟ ਦੇ ਪੰਨਾ 20 ਅਤੇ 21 ਉੱਪਰ ਦਰਜ ਕੀਤਾ ਗਿਆ ਹੈ ਕਿ ਵੱਖ ਵੱਖ ਪੱਧਰ ਤੇ ਜੋ ਆਜ਼ਾਦ ਤੌਰ 'ਤੇ ਖੋਜਾਂ ਅਤੇ ਪੜਨ-ਪੜਾਉਣ ਦੀ ਪ੍ਰਕਿਰਿਆ ਉਚੇਰੀਆਂ ਸੰਸਥਾਵਾਂ ਵਿਚ ਹੋ ਰਹੀ ਸੀ, ਉਹ ਕੁਚਲੀ ਗਈ ਹੈ। ਅਜਿਹਾ ਸਿਰਫ਼ ਵਿਚਾਰ ਦੇ ਤੌਰ 'ਤੇ ਹੀ ਨਹੀਂ ਹੋਇਆ ਬਲਕਿ ਅਜਿਹੇ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਸਥਾਵਾਂ ਨੂੰ ਦਿੱਤੀ ਜਾਂਦੀ ਵਿੱਤੀ ਮਦਦ ਵੀ ਘਟਾ ਦਿੱਤੀ ਗਈ ਹੈ। ਸਮਾਜਿਕ ਤੌਰ 'ਤੇ ਵੰਡੀਆਂ ਪਾਉਣ ਵਾਲੇ ਰੁਝਾਨ ਉਚੇਰੀ ਸਿੱਖਿਆ ਦੇ ਅਦਾਰਿਆਂ ਵਿਚ ਤਾਨਾਸ਼ਾਹੀ ਵਿਚਾਰਾਂ ਨਾਲ ਲੈਸ ਕਰਨ ਦਾ ਰੁਝਾਨ ਵਧ ਗਿਆ ਹੈ। ਪਹਿਲਾਂ ਸਿਆਸੀ ਤੌਰ 'ਤੇ ਵਖਰੇਵਿਆਂ ਦਾ ਜੋ ਸਤਿਕਾਰ ਕੀਤਾ ਜਾਂਦਾ ਸੀ, ਉਹ ਪੂਰੀ ਤਰਾਂ ਮਲੀਆਮੇਟ ਕਰ ਦਿੱਤਾ ਗਿਆ ਹੈ।

ਅਜਿਹੇ ਹਾਲਾਤ ਵਿਚ ਵੱਖ ਵੱਖ ਦੇਸ਼ਾਂ ਵਿਚ ਸੋਵੀਅਤ ਯੂਨੀਅਨ ਦੇ ਵਹਿ-ਢੇਰੀ ਹੋਣ ਅਤੇ ਅਰਬ ਦੇਸ਼ਾਂ ਵਿਚ ਉੱਠੇ ਸੰਘਰਸ਼ਾਂ ਤੋਂ ਬਾਅਦ ਵਰਾ 2019 ਵਿਚ ਮੁੜ ਕਈ ਦੇਸ਼ਾਂ ਵਿਚ ਉਚੇਰੀ ਪੱਧਰ 'ਤੇ ਜਮਹੂਰੀਅਤ ਦੀ ਬਹਾਲੀ ਲਈ ਸੰਘਰਸ਼ ਪੈਦਾ ਹੋਏ ਜਿਨਾਂ ਦੀ 2009 ਵਿਚ 27 ਪ੍ਰਤੀਸ਼ਤਤਾ ਸੀ, ਉਹ ਵਧ ਕੇ 20 19 ਵਿਚ 44 ਹੋ ਗਈ। ਕਈ ਦੇਸ਼ਾਂ ਵਿਚ ਲੋਕ ਸਿਵਲ ਹੱਕਾਂ ਦੀ ਰਾਖੀ, ਕਾਨੂੰਨ ਦਾ ਰਾਜ, ਸਾਫ਼-ਸੁਥਰੀਆਂ ਚੋਣਾਂ ਅਤੇ ਸਿਆਸੀ ਆਜ਼ਾਦੀਆਂ ਲਈ ਸੜਕਾਂ ਤੇ ਵੀ ਉੱਤਰੇ ਹਨ ਜਿਨਾਂ ਨੇ ਵਧ ਰਹੀ ਤਾਨਾਸ਼ਾਹੀ ਦੇ ਖ਼ਤਰਿਆਂ ਖ਼ਿਲਾਫ਼ ਜਮਹੂਰੀਅਤ ਦੀ ਮੁੜ ਸਥਾਪਨਾ ਲਈ ਵੱਖ ਵੱਖ ਰੂਪਾਂ ਵਿਚ ਪ੍ਰਤੀਬੱਧਤਾ ਦਾ ਇਜ਼ਹਾਰ ਕੀਤਾ ਹੈ। ਰਿਪੋਰਟ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ 2019 ਸੰਸਾਰ ਪੱਧਰ ਤੇ ਸੰਘਰਸ਼ਾਂ ਦਾ ਵਰਾ ਰਿਹਾ ਹੈ ਜਿਨਾਂ ਵਿਚ ਹਾਂਗਕਾਂਗ ਅਤੇ ਤਹਿਰਾਨ ਤੋਂ ਵਾਰਸਾਂ ਤੇ ਸਿਆਟਲ ਤੱਕ ਦੇ ਸ਼ਹਿਰ ਵੱਡੇ ਮੁਜ਼ਾਹਰਿਆਂ ਦੇ ਕੇਂਦਰ ਬਣੇ। ਇਸ ਬਾਰੇ ਰਿਪੋਰਟ ਵਿਚ ਵੱਖ ਵੱਖ ਹੋਏ ਮੁਜ਼ਾਹਰੇ, ਟਕਰਾਓ ਅਤੇ ਸੰਘਰਸ਼ਾਂ ਦੇ ਤੱਥ ਦਰਜ ਕੀਤੇ ਹਨ ਕਿ ਕਿਸ ਤਰਾਂ 2019 ਵਿਚ ਦੁਨੀਆ ਦੇ 34 ਅਜਿਹੇ ਤਾਨਾਸ਼ਾਹ ਕਿਸਮ ਦੇ ਰਾਜਾਂ ਖ਼ਿਲਾਫ਼ ਲੋਕ ਮੁਜ਼ਾਹਰਿਆਂ ਵਿਚ ਉੱਤਰਦੇ ਰਹੇ। ਇਨਾਂ ਵਿਚ ਸੂਡਾਨ, ਅਲਜੀਰੀਆ ਤੇ ਹਾਂਗਕਾਂਗ ਦਾ ਮੁੱਖ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਇੱਥੋਂ ਤੱਕ ਕਿ ਅਰਮੀਨੀਆ, ਸ੍ਰੀਲੰਕਾ ਅਤੇ ਟਿਊਨੇਸ਼ੀਆ ਨੇ ਤਾਂ ਜਮਹੂਰੀ ਪ੍ਰਾਪਤੀਆਂ ਵੀ ਕੀਤੀਆਂ ਜਿਨਾਂ ਵਿਚ ਅਕਾਦਮਿਕ ਅਜ਼ਾਦੀ ਅਤੇ ਜਮਹੂਰੀਅਤ ਪ੍ਰਤੀ ਪ੍ਰਤੀਬੱਧਤਾ ਸ਼ਾਮਿਲ ਹਨ।

ਇਸ ਰਿਪੋਰਟ 'ਚ ਭਾਵੇਂ ਵੱਖ-ਵੱਖ ਲਹਿਰਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਪ੍ਰਾਪਤੀਆਂ ਇਨਾਂ ਦੇਸ਼ਾਂ ਵਿਚ ਲੋਕਾਂ ਦੀਆਂ ਆਰਥਿਕ ਤੰਗੀਆਂ-ਤੁਰਸ਼ੀਆਂ ਦੂਰ ਕਰ ਕੇ ਬਦਲਵੇਂ ਸਮਾਜ ਤੇ ਆਰਥਿਕਤਾ ਵਾਲੀ ਜਮਹੂਰੀਅਤ ਦੇ ਸੁਮੇਲ ਨੂੰ ਅਗਾਂਹ ਨਹੀਂ ਵਧਾ ਸਕੀਆਂ ਹਾਲਾਂਕਿ ਹਰ ਕਿਸਮ ਦਾ ਵਿਰੋਧ ਸਿਆਸੀ ਪ੍ਰਬੰਧ ਦੇ ਬਦਲ ਨੂੰ ਤਾਂ ਉਭਾਰਦਾ ਹੈ ਪਰ ਕਈ ਵਾਰੀ ਸਮਾਜਿਕ ਤੇ ਆਰਥਿਕ ਫਰੰਟਾਂ ਉੱਪਰ ਉਹ ਲੋਕਾਂ ਦੀਆਂ ਲੋੜਾਂ ਦੇ ਸਰੋਕਾਰਾਂ ਨੂੰ ਸੰਬੋਧਤ ਨਹੀਂ ਹੁੰਦਾ। ਇਸੇ ਕਰ ਕੇ ਜਮਹੂਰੀਅਤ ਦੇ ਪੱਖ ਵਿਚ ਉੱਠਦੀਆਂ ਨਵੀਆਂ ਲਹਿਰਾਂ ਕਈ ਵਾਰੀ ਸਿਰਫ਼ ਕੁਝ ਹੱਕਾਂ ਤੱਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਇਹ ਖ਼ਦਸ਼ਾ ਰਿਪੋਰਟ ਵਿਚ ਵੀ ਦਰਜ ਕੀਤਾ ਗਿਆ ਹੈ।

ਅਜੋਕੇ ਦੌਰ ਦੀ ਜ਼ਰਜਰ ਹੋ ਚੁੱਕੀ ਜਮਹੂਰੀਅਤ ਦੇ ਬਦਲ ਵਜੋਂ ਵੱਖ ਵੱਖ ਦੇਸ਼ਾਂ ਵਿਚ ਆਪੋ-ਆਪਣੇ ਸੱਭਿਆਚਾਰਾਂ, ਇਤਿਹਾਸਕ ਵਿਰਾਸਤਾਂ ਅਤੇ ਆਰਥਿਕ ਲੜਾਈਆਂ ਤੋਂ ਸਬਕ ਲੈਂਦੇ ਹੋਏ ਬਦਲਵੇਂ ਸਮਾਜਿਕ ਬਰਾਬਰੀ ਵਾਲੇ ਜਮਹੂਰੀ ਸਮਾਜ ਦੀ ਸਿਰਜਣਾ ਲਈ ਨਿਸ਼ਾਨਦੇਹੀ ਕਰਨੀ ਅਤੇ ਉਸ ਉੱਪਰ ਇੱਕਜੁੱਟ ਹੋ ਕੇ ਸੋਚਣ ਲਈ ਅਗਾਂਹ ਵਧਣਾ ਅਣਸਰਦੀ ਲੋੜ ਬਣ ਗਈ ਹੈ।

**ਡਾ. ਕੁਲਦੀਪ ਸਿੰਘ**

## ਪੰਜਾਬੀਆਂ ਦਾ ਕਿਸਾਨੀ ਸੰਘਰਸ਼ ਤੇ ਕੇਂਦਰ ਦਾ ਫਾਸ਼ੀਵਾਦੀ ਵਤੀਰਾ

ਖੇਤੀ ਕਾਨੂੰਨਾਂ, ਜ਼ਰੂਰੀ ਵਸਤਾਂ ਦਾ ਕਾਨੂੰਨ, ਬਿਜਲੀ ਸਬੰਧੀ ਤਜਵੀਜ਼ਤ ਕਾਨੂੰਨ ਅਤੇ ਕਾਮਿਆਂ ਵਿਰੋਧੀ ਕਾਨੂੰਨਾਂ ਦੀ ਹਕੀਕਤ ਜੱਗ-ਜ਼ਾਹਿਰ ਹੈ। ਕੇਂਦਰ ਨੇ ਏਕਾਧਿਕਾਰ ਰਾਹੀਂ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਖੋਹਣ ਵਾਲੇ ਅਤੇ ਆਰਥਿਕਤਾ ਤੇ ਵਪਾਰ ਦੇ ਵੱਖ-ਵੱਖ ਖੇਤਰਾਂ 'ਤੇ ਦੇਸੀ ਤੇ ਵਿਦੇਸ਼ੀ ਕਾਰਪੋਰੇਟਾਂ ਦੇ ਕਬਜ਼ੇ ਕਰਵਾਉਣ ਵਾਲੇ ਕਾਨੂੰਨ ਸੋਚੀ ਸਮਝੀ ਚਾਲ ਤਹਿਤ ਕੋਵਿਡ-19 ਮਹਾਂਮਾਰੀ ਦੌਰਾਨ ਜਮਹੂਰੀਅਤ ਨੂੰ ਛਿੱਕੇ ਟੰਗ ਕੇ ਪਾਸ ਕੀਤੇ ਹਨ। ਇਹ ਕਾਨੂੰਨ ਜਨ-ਸਮੂਹਾਂ ਦੇ ਮੂੰਹੋਂ ਰੋਟੀ, ਬੱਚਿਆਂ ਦੇ ਮੂੰਹੋਂ ਦੁੱਧ ਖੋਹ ਲੈਣਗੇ। ਪਹਿਲਾਂ ਹੀ ਭੁੱਖਮਰੀ ਦਾ ਸ਼ਿਕਾਰ ਭਾਰਤੀ ਹੱਡੀਆਂ ਦੀ ਮੁੱਠ ਬਣ ਜਾਣਗੇ। ਖੇਤੀ, ਜ਼ਮੀਨ ਅਤੇ ਮੰਡੀ ਬਾਬਤ ਵਿਸ਼ੇ ਸੰਵਿਧਾਨ ਦੀ ਸੂਬਾਈ ਸੂਚੀ ਵਿਚ ਮੱਦ 14, 18 ਤੇ 28 ਹਨ। ਕੇਂਦਰ ਨੇ ਉਕਤ ਕਾਨੂੰਨ ਕਾਰਪੋਰੇਟਾਂ ਦੇ ਹਿਤਾਂ ਲਈ ਸੂਬਿਆਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਦਰਕਿਨਾਰ ਕਰ ਕੇ ਬਣਾਏ ਹਨ। ਜ਼ਰੂਰੀ ਵਸਤਾਂ ਸਬੰਧੀ ਪ੍ਰਸਤਾਵਿਤ ਕਾਨੂੰਨ ਤੀਜੀ ਸੰਵਿਧਾਨਕ ਸੋਧ (1954) ਰਾਹੀਂ ਸਾਂਝੀ ਸੂਚੀ ਦੀ ਮੱਦ 33 ਵਿਚ ਬਦਲਾਅ ਦੇ ਉਦੇਸ਼ਾਂ ਦਾ ਵੀ ਉਲੰਘਣ ਹੈ। ਇਹ ਸੋਧ ਭੋਜਨ ਪਦਾਰਥਾਂ ਵਰਗੀਆਂ ਵਸਤਾਂ ਦੀ ਜਮਾਖ਼ੋਰੀ, ਅਸਮਾਨੀਂ ਚੜਦੀਆਂ ਕੀਮਤਾਂ ਤੇ ਬਾਜ਼ਾਰ ਵਿਚ ਥੁੜ ਨੂੰ ਰੋਕਣ ਵਾਸਤੇ ਕੀਤੀ ਗਈ ਸੀ। ਸਰਕਾਰ ਨੇ ਮੌਜੂਦਾ ਕਾਨੂੰਨ ਜਮਾਖ਼ੋਰੀ, ਮਨਮਰਜ਼ੀ ਦੀਆਂ ਕੀਮਤਾਂ ਤੇ ਥੁੜ ਪੈਦਾ ਕਰਨ ਨੂੰ ਖੁੱਲ ਦੇਣ ਲਈ ਪਾਸ ਕੀਤਾ ਹੈ। ਜ਼ਰੂਰੀ ਭੋਜਨ ਵਸਤਾਂ ਬਹੁਤ ਹੀ ਮਹਿੰਗੀਆਂ ਮਿਲਣਗੀਆਂ ਅਤੇ ਦੇਸ਼ ਦੀ ਬਹੁਗਿਣਤੀ ਦੀ ਪਹੁੰਚ ਵਿਚ ਨਹੀਂ ਰਹਿਣਗੀਆਂ। ਇਨਾਂ ਵਿਰੁੱਧ ਕਿਸਾਨਾਂ ਨੇ ਇਕ ਯੋਜਨਾਬੱਧ ਤੇ ਸ਼ਾਂਤਮਈ ਸੰਘਰਸ਼ ਵਿੱਢਿਆ। ਜੋ ਅਜੇ ਤੱਕ ਕਾਫ਼ੀ ਸਫਲ ਰਿਹਾ ਹੈ। ਪਰ ਸੰਘਰਸ਼ ਕਰਨ ਵਾਲਿਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ, ਸਰਕਾਰ ਦੀ ਬੋਲੀ ਬੋਲਦੇ, ਇਕ-ਪੱਖੀ ਅੰਕੜੇ ਦਿੰਦੇ, ਨਿੱਜੀ ਮੁਫ਼ਾਦ ਵਾਲੇ, ਥੋਥੀਆਂ ਦਲੀਲਾਂ, ਮੁਹਾਰਤ ਅਤੇ ਗਿਆਨ ਦੇ ਹੰਕਾਰੀਆਂ ਤੋਂ। ਆਪਣਾ ਬਣ ਕੇ ਮਨੋਬਲ ਡਿਗਾਉਣ ਵਾਲਿਆਂ ਤੋਂ, ਕਿਸਾਨਾਂ ਨੂੰ ਕਾਨੂੰਨਾਂ ਦੀ ਸਮਝ ਨਹੀਂ ਕਹਿਣ ਵਾਲਿਆਂ ਤੋਂ, ਕਾਨੂੰਨ ਬਣ ਗਏ, ਅੰਦੋਲਨ ਕੀ ਕਰੇਗਾ, ਪੰਜਾਬ ਦੇ ਕਣਕ-ਝੋਨੇ ਦੀ ਕੋਈ ਲੋੜ ਨਹੀਂ ਭਾਰਤ ਨੂੰ, ਐਮ.ਐਸ.ਪੀ. ਬੰਦ ਹੋਣੀ ਹੀ ਹੈ, ਖੇਤੀ ਵਿਚੋਂ ਬੰਦੇ ਕੱਢਣੇ ਹੀ ਪੈਣੇ ਹਨ, ਖੇਤੀ ਰੁਜ਼ਗਾਰ ਦਾ ਮੁੱਖ ਵਸੀਲਾ ਹੈ ਹੀ ਨਹੀਂ, ਕਹਿਣ ਵਾਲਿਆਂ ਤੋਂ ਅਤੇ ਅੰਦੋਲਨ ਦੇ ਏਕੇ ਦੇ ਬਾਵਜੂਦ ਵੱਖਰੀ ਰਾਏ ਨੂੰ ਹੀ ਵੱਡੇ ਮਤਭੇਦ ਬਣਾ ਕੇ ਪੇਸ਼ ਕਰਨ ਵਾਲਿਆਂ ਤੋਂ ਵੀ ਸਾਵਧਾਨ ਰਹਿਣ ਦੀ ਲੋੜ ਹੈ। ਜਦਕਿ ਹਕੀਕਤ ਹੈ ਕਿ ਸੰਘਰਸ਼ ਦੇ ਦਬਾਅ ਹੇਠ ਹੀ ਪੰਜਾਬ ਵਿਧਾਨ ਸਭਾ ਵਿਚ ਪੰਜਾਬ ਦੇ ਖੇਤੀ ਆਧਾਰਿਤ ਅਰਥਚਾਰੇ ਦੀ ਅਤੇ ਸਾਡੇ ਸੰਵਿਧਾਨ ਵਿਚ ਚਿਤਵੇ ਅਤੇ ਬਣਾਏ ਗਏ ਸੰਘੀ ਢਾਂਚੇ (ਫੈਡਰੇਲਿਜ਼ਮ) ਦੀ ਰਾਖੀ ਵਾਸਤੇ, ਵੱਡੀ ਪਹਿਲ ਕਰਕੇ ਇੱਥੋਂ ਦੀ ਸਿਆਸੀ ਲੀਡਰਸ਼ਿਪ ਨੇ ਕੇਂਦਰ ਦੇ ਖੇਤੀ ਕਾਨੂੰਨ ਅਤੇ ਬਿਜਲੀ ਦੇ ਤਜਵੀਜ਼ਤ ਕਾਨੂੰਨ ਰੱਦ ਕੀਤੇ ਹਨ। ਸਾਰੀਆਂ ਪਾਰਟੀਆਂ ਦੇ ਏਕੇ ਦਾ ਇਹ ਇਕ ਇਤਿਹਾਸਕ ਯੋਗਦਾਨ ਹੈ। ਵਿਧਾਨ ਸਭਾ ਵਿਚ ਬਿੱਲ ਪੜਨ ਵਾਸਤੇ ਸਮਾਂ ਨਾ ਮਿਲਣ ਦੇ ਬਾਵਜੂਦ, ਸਿਆਸੀ ਪਾਰਟੀਆਂ ਨੇ ਵੱਡੀ ਸਮਝਦਾਰੀ ਵਰਤੀ, 115 ਦੇ 115 ਵਿਧਾਇਕ ਇੱਕਠੇ ਰਾਜਪਾਲ ਪੰਜਾਬ ਸ੍ਰੀ ਵੀ.ਪੀ. ਬਦਨੌਰ ਨੂੰ ਮਿਲਣ ਗਏ ਅਤੇ ਇਕੱਠਿਆਂ ਨੇ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਪਾਸ ਕੀਤੇ ਦਸਤਾਵੇਜ਼ ਪੇਸ਼ ਕੀਤੇ। ਪਰ ਇਸ ਉਪਰੰਤ ਮੁੱਖ ਮੰਤਰੀ ਵਲੋਂ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵੇਲੇ ਵਿਖਾਈ ਰਾਜਸੀ ਸੂਝ ਕਮਜ਼ੋਰ ਪੈ ਰਹੀ ਹੈ, ਕਾਂਗਰਸ ਨੇ ਲੱਡੂ ਵੰਡ ਕੇ ਉਸ ਨੂੰ ਹੋਰ ਕਮਜ਼ੋਰ ਕਰ ਦਿੱਤਾ। ਪਰ ਪੰਜਾਬ ਦੇ ਮੁੱਖ ਮੰਤਰੀ ਨੂੰ ਰਾਸ਼ਟਰਪਤੀ ਵੱਲੋਂ ਮਿਲਣ ਤੋਂ ਇਨਕਾਰ ਕਰਨ ਕਰਕੇ ਜੰਤਰ ਮੰਤਰ ਉੱਪਰ ਮਾਰੇ ਧਰਨੇ ਵਿਚ ਲੋਕ ਇਨਸਾਫ਼ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ, ਨਵੇਂ ਬਣੇ ਅਕਾਲੀ ਦਲ ਦੇ ਪਰਮਿੰਦਰ ਢੀਂਡਸਾ ਅਤੇ ਸੁਖਪਾਲ ਸਿੰਘ ਖਹਿਰਾ, ਨੇ ਸ਼ਾਮਿਲ ਹੋ ਕੇ ਜਿੱਥੇ ਆਪਣਾ ਸਿਆਸੀ ਕੱਦ ਵਧਾਇਆ ਹੈ, ਉੱਥੇ ਪੰਜਾਬ ਦੀ ਪਗੜੀ ਦੀ ਵੀ ਲਾਜ ਰੱਖੀ ਹੈ।

ਸਾਂਝੀ ਸੂਚੀ ਦੇ ਪੱਜ ਖੇਤੀ ਉੱਪਰ ਵੀ ਕੇਂਦਰ ਨੇ ਡਾਕਾ ਮਾਰ ਲਿਆ ਅਤੇ ਸੂਬਿਆਂ ਨੂੰ ਮਿਊਂਸਪਲ ਕਮੇਟੀਆਂ ਬਣਾ ਦਿੱਤਾ। ਜੀ.ਐਸ.ਟੀ. ਰਾਹੀਂ ਸੂਬਿਆਂ ਦੇ ਮਾਲੀਏ ਦੀ ਵਸੂਲੀ ਕਰ ਕੇ ਵਾਪਸ ਦੇਣ ਵੇਲੇ ਆਨਾਕਾਨੀ ਸ਼ੁਰੂ ਕਰ ਦਿੱਤੀ, ਯੂ.ਏ.ਪੀ.ਏ. ਦੇ ਤਹਿਤ ਅਮਨ ਕਾਨੂੰਨ ਦਾ ਅਧਿਕਾਰ ਖੋਹ ਲਿਆ। ਪਾਣੀ ਤੇ ਸੜਕੀ ਆਵਾਜਾਈ ਉੱਪਰ ਅਧਿਕਾਰ ਜਮਾ ਲਿਆ। ਸਕੂਲੀ ਸਿੱਖਿਆ ਉੱਪਰ ਕਬਜ਼ਾ ਕਰ ਲਿਆ। ਮੈਡੀਕਲ ਸਿੱਖਿਆ ਨੂੰ ਆਪਣੇ ਕਬਜ਼ੇ ਵਿਚ ਕਰ ਕੇ ਮਿਆਰ ਬਣਾਉਣ ਦੇ ਸਾਰੇ ਨਿਯਮ ਛਿੱਕੇ ਟੰਗ ਕੇ ਪ੍ਰਾਈਵੇਟਾਂ ਨੂੰ ਮਨਮਰਜ਼ੀ ਦੀ ਖੁੱਲ ਦੇ ਦਿੱਤੀ, ਵਿੱਦਿਆ ਨੂੰ ਵਪਾਰ ਬਣਾ ਦਿੱਤਾ। ਮਾਤ ਭਾਸ਼ਾ ਉੱਪਰ ਹਮਲਾ ਕਰ ਦਿੱਤਾ। ਪੰਜਾਬ ਵੱਲੋਂ ਪਾਸ ਕੀਤੇ ਕਾਨੂੰਨਾਂ ਦੀ ਹਰੇਕ ਧਾਰਾ ਸੰਘੀ ਢਾਂਚੇ ਦੇ ਹੱਕ ਵਿਚ ਹੈ। ਸੂਬੇ ਵੱਲੋਂ ਜ਼ਰੂਰੀ ਵਸਤਾਂ ਬਾਬਤ ਹੁਕਮ ਕਰਨ ਦਾ ਹੱਕ, ਘੱਟੋ-ਘੱਟ ਸਮਰਥਨ ਮੁੱਲ ਦਾ ਹੱਕ, ਕਿਸਾਨਾਂ ਦਾ ਅਦਾਲਤੀ ਦਰਵਾਜ਼ਾ ਖੜਕਾਉਣ ਦਾ ਹੱਕ, ਖੇਤੀ ਵਸਤਾਂ ਦੇ ਵਪਾਰ ਉੱਪਰ ਟੈਕਸ ਲਾਉਣ ਦਾ ਹੱਕ, ਸੰਘੀ ਢਾਂਚੇ ਉੱਪਰ ਹੋਏ ਹਮਲੇ ਦਾ ਹੀ ਤੋੜ ਹਨ। ਸੰਵਿਧਾਨ ਦੀ ਸਾਂਝੀ ਸੂਚੀ, ਲਿਸਟ ਤਿੰਨ ਵਿਚ ਸ਼ਾਮਿਲ ਮੁੱਦਿਆਂ ਉੱਪਰ ਸੂਬਿਆਂ ਨੂੰ ਵੀ ਕਾਨੂੰਨ ਬਣਾਉਣ ਦਾ ਜਾਂ ਸੋਧ ਕਰਨ ਦਾ ਹੱਕ ਹੈ। ਸੂਬੇ ਵਾਧੇ ਕਰ ਸਕਦੇ ਹਨ, ਉਨਾਂ ਨੂੰ ਤਕੜੇ ਕਰ ਸਕਦੇ ਹਨ। ਪਰ ਕੇਂਦਰ ਦਾ ਕਾਨੂੰਨ ਉੱਪਰ ਮੰਨਿਆ ਜਾਂਦਾ ਹੈ। ਕੇਂਦਰੀ ਕਾਨੂੰਨ ਦੇ ਉਲਟ ਸੂਬੇ ਦੇ ਕਾਨੂੰਨ ਦੀਆਂ ਮੱਦਾਂ ਆਪਣੇ-ਆਪ ਰੱਦ ਸਮਝੀਆਂ ਜਾਂਦੀਆਂ ਹਨ। ਪੰਜਾਬ ਦੀਆਂ ਤਰਮੀਮਾਂ ਵਿਚ, ਕਿਸਾਨ ਨੂੰ (1) ਅਦਾਲਤ ਜਾਣ ਦਾ ਹੱਕ ਦੇਣਾ, ਐਮ.ਐਸ.ਪੀ. ਤੋਂ ਘੱਟ ਖ਼ਰੀਦ ਨਾ ਕਰ ਸਕਣਾ, ਅਜਿਹਾ ਕਰਨ ਉੱਪਰ ਦੰਡ ਦਾ ਉਪਬੰਧ ਕਮਜ਼ੋਰ ਪਾਰਟੀ ਦੀ ਸੁਰੱਖਿਆ ਹੈ, ਜ਼ਖ਼ੀਰੇਬਾਜ਼ੀ ਨਾਲ ਵਸਤਾਂ ਦੀ ਥੁੜ ਹੋ ਜਾਣ ਉੱਪਰ ਇਨਾਂ ਦੇ ਸਟਾਕ ਵੇਚ ਅਤੇ ਭਾਅ ਉੱਪਰ ਸੂਬੇ ਵੱਲੋਂ ਵੀ ਨਿਯੰਤਰਨ ਕਰਨਾ, ਕੇਂਦਰ ਦੇ ਕਾਨੂੰਨ ਦਾ ਵਿਰੋਧ ਨਹੀਂ ਸਗੋਂ ਇਹ ਤਾਂ ਸੰਵਿਧਾਨ ਅਤੇ ਕੁਦਰਤੀ ਇਨਸਾਫ਼ ਦੇ ਨਿਯਮਾਂ ਦੇ ਹੀ ਅਨੁਸਾਰ ਹੈ।

ਖ਼ਰੀਦ ਉੱਪਰ ਟੈਕਸ ਭਾਵ ਮੰਡੀ ਟੈਕਸ ਲਾਉਣ ਦੀ ਕੇਂਦਰ ਦੇ ਕਾਨੂੰਨ ਦੀ ਧਾਰਾ 6 ਦੇ ਤਹਿਤ ਪੂਰੀ ਮਨਾਹੀ ਕੀਤੀ ਹੋਈ ਹੈ। ਸੂਬੇ ਵੱਲੋਂ ਟੈਕਸ ਲਾਉਣਾ ਸੰਵਿਧਾਨਕ ਪ੍ਰਬੰਧਾਂ ਅਨੁਸਾਰ ਤਾਂ ਆਪਣੇ-ਆਪ ਰੱਦ ਹੋ ਜਾਂਦਾ ਹੈ । ਇਨਾਂ ਕਾਨੂੰਨਾਂ ਨੂੰ ਰੱਦ ਕਰਵਾਉਣਾ ਹੀ ਇਕ ਰਾਹ ਹੈ। ਪਰ ਪੰਜਾਬ ਸਰਕਾਰ ਆਪਣੀਆਂ ਸੋਧਾਂ ਵਿਚ ਹੋਰ ਵੀ ਕਈ ਮੱਦਾਂ ਕੇਂਦਰੀ ਕਾਨੂੰਨਾਂ ਨੂੰ ਤਕੜੇ ਕਰਨ ਜਾਂ ਲਾਗੂ ਕਰਨ ਦੀ ਪ੍ਰਣਾਲੀ ਬਣਾਉਣ ਤਹਿਤ ਪਾ ਸਕਦੀ ਸੀ ਜੋ ਨਹੀਂ ਪਾਈਆਂ। ਮੰਡੀਕਰਨ ਦੇ ਕਾਨੂੰਨ ਦੀ ਧਾਰਾ 4 (1) ਤਹਿਤ ਹਰੇਕ ਪੈਨ ਕਾਰਡ ਧਾਰਕ ਵਪਾਰੀ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਸਰਕਾਰ ਕੋਲ ਰਜਿਸਟਰ ਕਰਵਾਉਣਾ ਲਾਜ਼ਮੀ ਕਰਨਾ ਚਾਹੀਦਾ ਸੀ। ਅਜਿਹਾ ਨਾ ਕਰਨ ਕਰਕੇ, ਮੂਲ ਕਾਨੂੰਨ ਰਾਹੀਂ ਕਿਸਾਨ ਨਾਲ ਠੱਗੀ ਵੱਜਣ ਦੇ ਪੈਦਾ ਹੋਏ ਮੌਕੇ ਇੰਨ-ਬਿੰਨ ਬਰਕਰਾਰ ਹਨ। ਧਾਰਾ 2 (ਐਮ) ਤਹਿਤ ਖੇਤਾਂ ਦੇ ਰਸਤੇ, ਕਾਰਖ਼ਾਨੇ, ਸਾਇਲੋ, ਸਟੋਰ, ਵੇਅਰ ਹਾਊਸ, ਕੋਲਡ ਸਟੋਰੇਜ, ਕੋਈ ਹੋਰ ਢਾਂਚਾ ਜਾਂ ਕੋਈ ਵੀ ਹੋਰ ਜਗਾ ਭਾਵ ਪੂਰਾ ਪੰਜਾਬ ਹੀ ਵਪਾਰ ਕੇਂਦਰ ਹੈ, ਅਜਿਹਾ ਪੰਜਾਬ ਲਿਖ ਸਕਦਾ ਸੀ, 'ਬਸ਼ਰਤੇ ਕਿ ਅਜਿਹਾ ਵਪਾਰ ਕੇਂਦਰ ਪੰਜਾਬ ਸਰਕਾਰ ਦੇ ਨਿਯਮਾਂ ਤਹਿਤ ਰਜਿਸਟਰ ਕਰਵਾਇਆ ਗਿਆ ਹੋਵੇ।' ਠੇਕਾ ਖੇਤੀ ਦੇ ਕਾਨੂੰਨ ਵਿਚ ਗੁਣਵੱਤਾ ਆਦਿ ਸ਼ਰਤਾਂ ਦੇ ਮਾਮਲੇ ਵਿਚ ਧਾਰਾ 3(1) ਬੀ ਵਿਚ ਦਰਜ ਕਰਨ ਦੀ ਲੋੜ ਸੀ, 'ਬਸ਼ਰਤੇ ਕਿ ਖੇਤੀ ਲਈ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ, ਮਾਪਦੰਡ, ਮਿਆਰ ਅਤੇ ਵਾਤਾਵਰਨ ਸੁਰੱਖਿਆ ਆਦਿ ਧਾਰਾ 3 (1) ਏ, ਦੀ ਤਰਜ਼ ਦੀਆਂ ਸ਼ਰਤਾਂ, ਠੇਕੇਦਾਰ ਉੱਪਰ ਵੀ ਲਾਗੂ ਹੋਣਗੀਆਂ। ਕਿਸਾਨ ਨਿਯਮਾਂ ਅਨੁਸਾਰ ਇਸ ਦਾ ਨਿਰੀਖਣ ਕਰਵਾ ਕੇ ਮਾਨਕ ਚੈੱਕ ਕਰਵਾ ਸਕਣਗੇ। ਧਾਰਾ 4(4) ਤੋਂ ਬਾਅਦ 4(5) ਦਰਜ ਕੀਤੀ ਜਾਂਦੀ ਕਿ ਧਾਰਾ 4(1) (2) (3) ਅਤੇ (4) ਦੀਆਂ ਸ਼ਰਤਾਂ ਜੋ ਕਿਸਾਨ ਉੱਪਰ ਲਾਗੂ ਹਨ ਠੇਕੇਦਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਉੱਪਰ ਵੀ ਲਾਗੂ ਹੋਣਗੀਆਂ। ਜ਼ਰੂਰੀ ਵਸਤਾਂ ਦਾ ਕਾਨੂੰਨ, ਜਮਾਖ਼ੋਰੀ, ਮਨਮਰਜ਼ੀ ਦੇ ਭਾਅ ਅਤੇ ਥੁੜ ਪੈਦਾ ਕਰਨ ਦਾ ਅਧਿਕਾਰ ਕਾਰਪੋਰੇਟਾਂ ਨੂੰ ਦੇਣਾ ਹਰ ਗਲੀ, ਮੁਹੱਲੇ, ਟੋਲੇ, ਬਸਤੀ, ਪਿੰਡ, ਸ਼ਹਿਰ ਤੇ ਹਰੇਕ ਨਾਗਰਿਕ ਦੀ ਰੋਟੀ ਖੋਹਣਾ ਹੈ। ਰਾਜ ਸਰਕਾਰ ਨੂੰ ਕੇਂਦਰੀ ਕਾਨੂੰਨ ਦੇ ਵਿਰੁੱਧ ਬਿੱਲ ਪਾਸ ਕਰਕੇ ਜ਼ਰੂਰੀ ਵਸਤਾਂ ਦੇ ਕਾਨੂੰਨ 1955 ਦੀ ਧਾਰਾ 2 (1) ਏ ਵਿਚ ਕੀਤੀ ਸੋਧ ਅਤੇ ਨਵੀਂ ਉਪ ਧਾਰਾ 2(ਏ) 1 ਏ.ਬੀ. ਨੂੰ ਰੱਦ ਕਰਕੇ ਦਰਜ ਕਰਨਾ ਚਾਹੀਦਾ ਸੀ ਕਿ ਕੇਂਦਰ ਵੱਲੋਂ ਕੀਤੀ ਨਵੀਂ ਸੋਧ ਦੇ ਬਾਵਜੂਦ ਇਨਾਂ ਵਸਤਾਂ ਦੇ ਭੰਡਾਰਨ ਸਪਲਾਈ ਅਤੇ ਭਾਅ ਉੱਪਰ ਪ੍ਰਿੰਸੀਪਲ ਐਕਟ ਦੀਆਂ ਸ਼ਰਤਾਂ ਹੀ ਲਾਗੂ ਰਹਿਣਗੀਆਂ।

**ਪਿਆਰੇ ਲਾਲ ਗਰਗ**

## ਪੰਜਾਬ ਦਾ ਖੇਤੀ ਸੰਕਟ, ਖ਼ੁਦਮੁਖ਼ਤਿਆਰੀ ਤੇ ਨੀਤੀ

ਅੱਜ ਖੇਤੀ ਬਿੱਲਾਂ ਬਾਰੇ ਸਾਰੇ ਅਕਾਲੀ, ਕਾਂਗਰਸੀ, ਭਾਜਪਾ ਤੇ ਆਪ ਵਾਲੇ ਸਮੇਤ ਕਿਸਾਨ ਯੂਨੀਅਨਾਂ ਬਹੁਤ ਸਾਰਾ ਤੱਥਾਂ ਤੋਂ ਰਹਿਤ ਤੇ ਮਨੋਂ ਕਲਪਿਤ ਝੂਠ ਪ੍ਰਚਾਰ ਕਰ ਰਹੀਆਂ ਹਨ ਤੇ ਇਨਾਂ ਬਿੱਲਾਂ ਪਿੱਛੇ ਤਾਕਤਾਂ ਦੇ ਕੇਂਦਰੀਕਰਨ ਦੀ ਰਾਸ਼ਟਰਵਾਦੀ ਸਿਆਸਤ ਬਾਰੇ ਲਗਭਗ ਚੁੱਪ ਹੀ ਨੇ ..

ਖੇਤੀ ਕਾਨੂੰਨ ਮੁਲਕ ਦੇ ਫੈਡਰਲ ਢਾਂਚੇ 'ਤੇ ਹਮਲਾ ਹੈ ਜਿਸ ਨੂੰ ਕਾਂਗਰਸ ਤੇ ਭਾਜਪਾ ਸਮੇਤ ਸਾਰੀਆਂ ਪਾਰਟੀਆਂ ਦੀ ਹਮਾਇਤ ਨਾਲ ਲਾਗੂ ਕੀਤਾ ਗਿਆ ਤੇ ਕੀਤਾ ਜਾ ਰਿਹਾ ਹੈ।

ਸਾਰੀਆਂ ਹੀ ਕਿਸਾਨ ਯੂਨੀਅਨਾਂ ਵੀ ਆਪਣੀ ਨਿਰੋਲ ਆਰਥਕਵਾਦੀ ਤੇ ਰਾਸ਼ਟਰਵਾਦੀ ਸੋਚ ਕਾਰਨ ਇਸ ਸਿਆਸਤ ਦਾ ਵਿਰੋਧ ਕਰਨ ਤੋਂ ਮੁਨਕਰ ਨੇ ਤੇ ਫੈਡਰਲਿਜ਼ਮ ਬਾਰੇ ਲਗਭਗ ਖ਼ਾਮੋਸ਼ ਹੀ ਹਨ।

ਕੰਟਰੈਕਟ ਖੇਤੀ ਬਾਰੇ ਇਹ ਪ੍ਰਚਾਰ ਕੀਤਾ ਜਾ ਰਿਹਾ ਰਿਹਾ ਹੈ ਕਿ ਇਸ ਨਾਲ ਕਿਸਾਨ ਦੀ ਜ਼ਮੀਨ ਖੋਹੀ ਜਾਊ ਜਦੋਂਕਿ ਇਸਦਾ ਜ਼ਮੀਨ ਖੋਹਣ ਨਾਲ ਕੋਈ ਸਬੰਧ ਹੀ ਨਹੀਂ ਹੈ, ਸੁਆਲ ਕੰਟਰੈਕਟ ਖੇਤੀ ਕਾਨੂੰਨ ਅੰਦਰ ਕੰਪਨੀਆਂ ਪੱਖੀ ਤੇ ਕਿਸਾਨ ਵਿਰੋਧੀ ਸ਼ਰਤਾਂ ਨੂੰ ਬਦਲਣ ਦਾ ਹੈ ...

ਅੰਬਾਨੀਆਂ, ਅੰਦਾਨੀਆਂ ਵੱਲੋਂ ਪੰਜਾਬ ਵਿੱਚ ਕਣਕ ਭੰਡਾਰਨ ਤੇ ਵੰਡਣ ਲਈ ਆਧੁਨਿਕ ਤਕਨੀਕ ਵਾਲੇ ਗੁਦਾਮ, ਸੋਲੋ ਬਣਾਉਣਾ ਕੋਈ ਗੁਨਾਹ ਨਹੀਂ ਹੈ ਪਰ ਇਹ ਕਿਹੜੀਆਂ ਸ਼ਰਤਾਂ ਤੇ ਰਿਆਇਤਾਂ 'ਤੇ ਬਣਾਏ ਗਏ ਤੇ ਬਣਾਏ ਜਾ ਰਹੇ ਹਨ ਉਸ ਬਾਰੇ ਸੋਚਣ ਦੀ ਲੋੜ ਹੈ। ਕਿ ਕਿਵੇਂ ਕਣਕ ਸੰਭਾਲਣ ਲਈ ਸਰਕਾਰੀ ਖ਼ਜ਼ਾਨੇ ਉੱਪਰ ਪਹਿਲਾਂ ਨਾਲੋਂ ਕੀ ਜ਼ਿਆਦਾ ਭਾਰ ਪਾਇਆ ਜਾ ਰਿਹਾ ਹੈ ਤੇ ਇਸ ਨਾਲ ਕੀ ਪਹਿਲੇ ਪ੍ਰਬੰਧ ਨਾਲੋਂ ਸਾਂਭ ਸੰਭਾਲ ਉਚਿੱਤ ਤੇ ਗੁਣਵੱਤਾ ਵਾਲੀ ਹੋਵੇਗੀ ?

ਪੰਜਾਬ ਕੋਲ ਅੰਨ ਭੰਡਾਰ ਸਾਂਭਣ ਦਾ ਕੋਈ ਸਾਰਥਿਕ ਪ੍ਰਬੰਧ ਹੀ ਨਹੀਂ ਹੈ, ਅਨਾਜ ਖੁੱਲੇ ਵਿੱਚ ਰੱਖਿਆ ਜਾਂਦਾ ਤੇ ਖ਼ਰਾਬ ਵੀ ਹੁੰਦਾ ਤੇ ਇਸ ਵਿੱਚ ਕਰੋੜਾਂ ਅਰਬਾਂ ਦੀ ਹੇਰਾ-ਫੇਰੀ ਤੇ ਕੁਰੱਪਸ਼ਨ ਵੀ ਹੁੰਦੀ ਹੈ।

ਬਾਦਲ ਸਰਕਾਰ ਨੇ ਜਾਂਦੇ ਜਾਂਦੇ ਜਿਹੜਾ 31,000 ਕਰੋੜ ਦਾ ਪੰਜਾਬ ਸਿਰ ਕਰਜ਼ਾ ਮੰਨਿਆ ਹੈ ਉਹ ਅਨਾਜ ਭੰਡਾਰਨ ਦੇ

ਪ੍ਰਬੰਧ ਅੰਦਰ ਕੁਪ੍ਰਬੰਧ ਤੇ ਇਸ ਬਹਾਨੇ ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਵੱਲੋਂ ਕੀਤੇ ਘਪਲਿਆਂ ਦਾ ਹੀ ਕੌੜਾ ਫਲ ਹੈ।

ਮੌਜੂਦਾ ਮੰਡੀ ਪ੍ਰਬੰਧ ਅੰਦਰ ਖ਼ਰੀਦ, ਵੇਚਣ, ਨਾਪ ਤੋਲ, ਸਾਫ਼ ਸਫ਼ਾਈ ਤੇ ਅਨਾਜ ਸੰਭਾਲਣ ਦੇ ਪ੍ਰਬੰਧ ਅੰਦਰ ਵੀ ਪਾਰਦਰਸ਼ਤਾ ਤੇ ਕਿਸਾਨ ਪੱਖੀ ਸੁਧਾਰਾਂ ਦੀ ਲੋੜ ਹੈ ਜਿਸਤੋਂ ਮੁਨਕਰ ਹੋਣਾ ਸਥਾਪਤ ਪ੍ਰਬੰਧ ਦੀਆਂ ਕਿਸਾਨ ਵਿਰੋਧੀ ਚੋਰ ਮੋਰੀਆਂ ਤੇ ਹੇਰਾ-ਫੇਰੀਆਂ ਦਾ ਹਾਮੀ ਹੋਣਾ ਹੈ।

ਬਾਦਲ, ਕੈਪਟਨ ਸਰਕਾਰ ਤੇ ਆੜਤੀਆ ਪ੍ਰਬੰਧ ਦੇ ਨਾਪਾਕ ਗਠਜੋੜ ਨੇ ਮਿਲਕੇ ਮੰਡੀ ਸੁਧਾਰਾਂ ਨੂੰ ਨੱਕਾ ਲਾਇਆ ਹੋਇਆ ਹੈ। ਮੰਡੀ ਬੋਰਡ ਅੰਦਰ ਆੜਤੀਆਂ ਦੀ ਲਾਬੀ ਨੂੰ ਸਥਾਪਤ ਕਰਨ ਲਈ ਬਾਦਲ ਸਰਕਾਰ ਨੇ ਵਾਈਸ ਚੇਅਰਮੈਨ ਦੀ ਪੋਸਟ ਆੜਤੀ ਧਿਰ ਲਈ ਬਣਾ ਦਿੱਤੀ। ਕਿਸਾਨ ਯੂਨੀਅਨਾਂ ਦੀ ਲੀਡਰਸ਼ਿਪ ਅੰਦਰ ਵੀ ਆੜਤੀਆ ਲਾਬੀ ਦਾ ਦਬਦਬਾ ਬਣਿਆ ਹੋਇਆ ਹੈ ਤੇ ਇਹ ਕਿਸਾਨਾਂ ਦੀ ਸੁਰਤ ਇਨਾਂ ਮੰਡੀ ਸੁਧਾਰਾਂ ਤੇ ਆੜਤੀਆਂ ਦੀ ਲੁੱਟ ਵੱਲ ਜਾਣ ਹੀ ਨਹੀਂ ਦਿੰਦੀਆਂ ਜੋ ਬਹੁਤ ਹੀ ਗੰਭੀਰ ਮਸਲਾ ਹੈ।

ਕਿਸਾਨ ਅੰਦੋਲਨ ਬਾਰੇ ਸਹੀ ਸਮਝ ਧਾਰਨ ਲਈ ਇਸ ਬਾਰੇ ਰਾਸ਼ਟਰਵਾਦੀਆਂ ਵੱਲੋਂ ਫੈਲਾਏ ਜਾ ਰਹੇ ਝੂਠੇ ਪ੍ਰਚਾਰ ਤੋਂ ਸੁਚੇਤ ਰਹੋ ਇਹ ਅੰਦੋਲਨ ਦੇਸ਼ ਦੇ ਕਿਸਾਨਾਂ ਦਾ ਨਹੀਂ ਹੈ, ਇਹ ਫ਼ੌਰੀ ਤੌਰ 'ਤੇ ਸਿਰਫ਼ ਹਰੇ ਇਨਕਲਾਬ ਵਾਲੇ ਰਾਜਾਂ/ਖ਼ਿੱਤਿਆਂ ਦੇ ਕਿਸਾਨਾਂ ਦਾ ਹੈ ਜਿੱਥੇ ਸਰਕਾਰ ਵੱਲੋਂ ਕਣਕ, ਝੋਨਾ ਜਾਂ ਕੋਈ ਹੋਰ ਜਿਨਸ ਦੀ ਤਹਿ ਕੀਤੇ ਘੱਟੋ ਘੱਟ ਸਮਰਥਨ ਮੁੱਲ 'ਤੇ ਸਰਕਾਰੀ ਖ਼ਰੀਦ ਦੀ ਗਰੰਟੀ ਦਿੱਤੀ ਹੋਈ ਹੈ।

ਮੁਲਕ ਵਿੱਚ ਸਿਰਫ਼ ਦਸ ਪੰਦਰਾਂ ਪ੍ਰਤੀਸ਼ਤ ਕਿਸਾਨੀ ਜਿਣਸ ਐਮ ਐਸ ਪੀ 'ਤੇ ਖ਼ਰੀਦੀ ਜਾਂਦੀ ਹੈ ਤੇ 85% ਤਾਂ ਪਹਿਲਾਂ ਹੀ ਇਸ ਤੋਂ ਬਾਹਰ ਹਨ।

ਕਿਸਾਨਾਂ ਦੇ ਨਾਮ 'ਤੇ ਬਣਾਏ ਇਹ ਖੇਤੀ ਬਿੱਲਾਂ ਦਾ ਅਸਲ ਮਕਸਦ ਖੇਤੀ ਖੇਤਰ ਨੂੰ ਰਾਜਾਂ ਦੇ ਅਧਿਕਾਰ ਖੇਤਰ ਵਿੱਚੋਂ ਬਾਹਰ ਕੱਢਕੇ ਇਸ ਨੂੰ ਵੱਡੇ ਮਾਇਆਧਾਰੀਆਂ ਦੇ ਕੰਟਰੋਲ ਵਿੱਚ ਦੇਣਾ ਹੈ।

ਇੰਝ ਸਾਡੀ ਭੋਜਨ ਪ੍ਰਣਾਲੀ ਨੂੰ ਕੰਟਰੋਲ ਕਰਕੇ, ਜਮਾਖ਼ੋਰੀ ਨੂੰ ਖੁੱਲ ਦਿੱਤੀ ਹੈ ਜੋ ਖਾਣ ਪੀਣ ਦੀਆਂ ਵਸਤਾਂ ਦੀ ਕਾਲਾ ਬਜ਼ਾਰੀ ਹੋਵੇਗੀ। ਇੰਝ ਇਹ ਮੁਲਕ ਦੀ ਖੁਦਰਾ ਮਾਰਕੀਟ 'ਤੇ (Reta Market) 'ਤੇ ਕਾਬਜ਼ ਹੋ ਕੇ ਲੋਕਾਂ ਦੀਆਂ ਰਸੋਈਆਂ ਵਿੱਚ ਅੱਗ ਲਾਉਣ ਦਾ ਕਾਰਨ ਬਣੇਗੀ।

ਇਸ ਪ੍ਰਸੰਗ ਵਿੱਚ ਇਹ ਮੁਲਕ ਦੇ ਸਾਰੇ ਰਾਜਾਂ ਦੇ ਲੋਕਾਂ ਉੱਪਰ ਹਮਲਾ ਹੈ।

ਖੇਤੀ ਬਿੱਲਾਂ ਦੀ ਸਿਆਸਤ ਤਾਕਤਾਂ ਦਾ ਕੇਂਦਰੀਕਰਨ ਕਰਨ ਵਾਲੀ ਸਿਆਸਤ ਹੈ ਤੇ ਇਸਦਾ ਵਿਰੋਧ/ਬਦਲ ਤਾਕਤਾਂ ਦਾ ਵਿਕੇਂਦਰੀਕਰਨ ਕਰਨ ਵਾਲੀ (ਫੈਡਰਲਿਜ਼ਮ) ਵਾਲੀ ਸਿਆਸਤ ਹੀ ਹੋ ਸਕਦੀ ਹੈ ਤੇ ਹੋਣੀ ਚਾਹੀਦੀ ਹੈ।

ਲੋਹੜੇ ਦੀ ਗੱਲ ਹੈ ਇਹ ਹੋਈ ਹੈ ਕਿ ਉਪਰੋਕਤ ਕਾਰਨਾਂ ਕਰਕੇ ਸਿਆਸੀ ਪਾਰਟੀਆਂ ਦਾ ਇੱਕੋ ਇਕ ਸਾਂਝਾ ਏਜੰਡਾ ਬਣ ਗਿਆ ਹੈ ਖੇਤੀ ਬਿਲ ਰੱਦ ਕਰੋ।

ਫੈਡਰਲਿਜ਼ਮ ਵਾਲੀ ਸਿਆਸਤ ਤੇ ਬਦਲਵਾਂ ਖੇਤੀ ਮਾਡਲ ਉਭਾਰੇ ਬਿਨਾਂ ਇਸ ਅੰਦੋਲਨ ਨੂੰ ਸਿਆਸੀ ਪਾਰਟੀਆਂ ਦੀਆਂ ਵੋਟਾਂ ਦਾ ਖਾਜ਼ਾ ਬਣਨ ਤੋਂ ਰੋਕਿਆ ਨਹੀਂ ਜਾ ਸਕਦਾ ਤੇ ਨਾ ਹੀ ਇਨਾਂ ਨਾਲੋਂ ਸਿਆਸੀ ਵਿਚਾਰਾਂ ਦਾ ਨਿਖੇੜਾ ਕੀਤਾ ਜਾ ਸਕਦਾ ਹੈ।

ਲੜਾਈ ਦੀ ਮੋਟੀ ਸਿਆਸੀ ਸੇਧ ਆਹ ਬਣਦੀ ਹੈ

ਤਿੰਨ ਖੇਤੀ ਕਾਨੂੰਨਾਂ ਦੇ ਨਾਲ ਨਾਲ ਇਨਾਂ ਕਾਨੂੰਨਾਂ ਦੀ ਧੱਕ ਬਣੀ ਹੋਈ ਤਾਕਤਾਂ ਦਾ ਕੇਂਦਰੀਕਰਨ ਕਰਨ ਦੀ ਸਿਆਸਤ ਦਾ ਤਾਕਤਾਂ ਦੇ ਵਿਕੇਂਦਰੀਕਰਨ ਫੈਡਰਲਿਜ਼ਮ ਦੀ ਸਿਆਸਤ ਨਾਲ ਵਿਰੋਧ ਕਰੋ

ਖੇਤੀ ਮਹਿਕਮਾ ਪੂਰੀ ਤਰਾਂ ਰਾਜਾਂ ਦੇ ਅਧਿਕਾਰ ਹਵਾਲੇ ਕੀਤਾ ਜਾਵੇ

ਸਰਕਾਰਾਂ ਨੇ ਜਿਵੇਂ ਹਰਾ ਇਨਕਲਾਬ ਲਈ ਕਣਕ-ਝੋਨੇ ਦਾ ਮਾਡਲ ਲਾਗੂ ਕਰਨ ਲਈ ਅਰਬਾਂ ਰੁਪਏ ਖ਼ਰਚੇ ਓਵੇਂ ਹੀ ਇਸ ਮਾਡਲ ਨੂੰ ਬਦਲਣ ਲਈ ਖ਼ਰਚਣ।

ਕਿਸਾਨ ਦੀ ਆਮਦਨ ਵਿੱਚ ਸਥਿਰਤਾ ਤੇ ਲੋੜੀਂਦਾ ਵਾਧਾ ਹੁੰਦੇ ਜਾਣ ਨੂੰ ਬਣਾਏ ਰੱਖਣ ਦਾ ਪ੍ਰਬੰਧ ਕਰਨ।

ਕੰਟਰੈਕਟ ਫਾਰਮਿੰਗ ਦੇ ਨਿਯਮਾਂ ਨੂੰ ਕੰਪਨੀਆਂ ਦੇ ਪੱਖ ਵਿੱਚ ਝੋਲ ਮਾਰਨ ਨੂੰ ਰੋਕ ਕੇ ਕਿਸਾਨ ਪੱਖੀ ਬਣਾਇਆ ਜਾਵੇ। ਇਸ ਕਾਨੂੰਨ ਅੰਦਰ ਕੰਪਨੀਆਂ ਵੱਲੋਂ ਕਿਸਾਨਾਂ ਦੀ ਜ਼ਮੀਨ ਲੰਬੇ ਸਮੇਂ ਲਈ ਲੀਜ਼ ਉੱਪਰ ਲੈਣ ਤੇ ਜ਼ਮੀਨ ਦੀ ਮਾਲਕੀ ਹਥਿਆਉਣ ਦੀ ਕੋਈ ਮੱਦ ਨਹੀਂ ਹੈ।

ਕੇਂਦਰ ਤੇ ਪੰਜਾਬ ਸਰਕਾਰ ਬਦਲਵੀਆਂ ਫ਼ਸਲਾਂ ਬੀਜਣ ਤੇ ਖ਼ਰੀਦਣ ਦਾ ਪ੍ਰਬੰਧ ਕਰਨ ਤੇ ਇਨਾਂ ਦੇ ਖੁੱਲੇ ਵਪਾਰ ਲਈ ਪਾਕਿਸਤਾਨ ਦਾ ਬਾਰਡਰ ਖੋਲਿਆ ਜਾਵੇ ਤਾਂਕਿ ਬਦਲਵੀਆਂ ਫ਼ਸਲਾਂ ਦੀ ਖੇਤੀ ਤੇ ਵਪਾਰ ਨੂੰ ਹੁਲਾਰਾ ਮਿਲੇ।

ਇਸਦੇ ਨਾਲ ਹੀ ਪੰਜਾਬ ਅੰਦਰ ਨਹਿਰੀ ਪਾਣੀ ਨਾਲ ਸਿੰਚਾਈ ਦਾ ਤਹਿਸ ਨਹਿਸ ਕੀਤਾ ਪ੍ਰਬੰਧ ਮੁੜ ਉਸਾਰਿਆ ਜਾਵੇ ਤੇ ਵੱਧ ਤੋਂ ਵੱਧ ਰਕਬੇ ਨੂੰ ਇਸਦੇ ਅਧੀਨ ਲਿਆਂਦਾ ਜਾਵੇ। ਸਭ ਤੋਂ ਜ਼ਰੂਰੀ ਹੈ ਕਿਸਾਨ ਅੰਦੋਲਨ ਦਾ ਪੁਰਅਮਨ ਤੇ ਸ਼ਾਂਤੀ ਪੂਰਬਕ ਰਹਿਣਾ ਤੇ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਵਾਲੇ ਘੋਲ ਰੂਪਾਂ ਨੂੰ ਖੋਜਣਾ/ਅਪਣਾਉਣ ਨੂੰ ਤਰਜੀਹ ਦੇਣੀ । ਦਿੱਲੀ ਵੱਲ ਕੂਚ ਕਰਨ ਦੇ ਰਾਸ਼ਟਰਵਾਦੀ ਜਾਲ ਵਿੱਚ ਫਸ ਕੇ ਤਾਕਤ ਤੇ ਪੈਸਾ ਬਰਬਾਦ ਕਰਨ ਦੀ ਥਾਂ ਆਪੋ ਆਪਣੇ ਰਾਜਾਂ ਅੰਦਰ ਹੀ ਜਨਤਕ ਸ਼ਮੂਲੀਅਤ ਵਾਲੇ ਘੋਲ ਰੂਪ ਅਪਣਾਓ।

ਹਰਿਆਣਾ ਦੀ ਭਾਜਪਾ ਸਰਕਾਰ ਤੇ ਮੋਦੀ ਦੀ ਦਿੱਲੀ ਪੁਲਿਸ ਨੇ ਤੁਹਾਨੂੰ ਰਸਤਿਆਂ ਵਿੱਚ ਘੇਰ ਘੇਰ ਕੇ ਕੁੱਟਣ ਦੀ ਨੀਤੀ ਅਪਣਾਈ ਹੋਈ ਹੈ।

**ਮਲਵਿੰਦਰ ਸਿੰਘ ਮਾਲੀ**

# ਅਕਾਲੀ ਲਹਿਰ ਦੀ...

ਸਿੱਖ ਸਿਧਾਂਤਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਸੀ। ਅਜਿਹੇ ਮਹੰਤਾਂ ਰਾਹੀਂ ਗੁਰਦੁਆਰਿਆਂ ਅੰਦਰ ਅੰਗਰੇਜ਼ੀ ਰਾਜ ਦੇ ਸਦੀਵੀ ਕਾਇਮ ਰਹਿਣ ਦੀਆਂ ਅਰਦਾਸਾਂ ਹੋਣ ਲੱਗੀਆਂ ਸਨ। ਇਸ ਦੇ ਪ੍ਰਤੀਕਰਮ ਸਬੰਧੀ ਸਿੱਖ ਚਿੰਤਕਾਂ ਵਿਚ ਗੁਰਦੁਆਰਿਆਂ ਤੇ ਸਿੱਖ ਸੰਸਥਾਵਾਂ ਦੇ ਸੁਧਾਰ ਦਾ ਅੰਕੁਰ ਫੁੱਟ ਪਿਆ ਸੀ। ਇਸ ਜਾਗ੍ਰਿਤੀ ਦੇ ਸਾਧਨ ਵਜੋਂ ਰੋਜ਼ਾਨਾ ਅਕਾਲੀ ਅਖ਼ਬਾਰ (ਆਰੰਭ 21 ਮਈ, 1920) ਨੇ ਵੀ ਇਕ ਸੰਸਥਾ ਵਾਂਗ ਆਪਣਾ ਰੋਲ ਬਾਖ਼ੂਬੀ ਨਿਭਾਇਆ ਸੀ। ਜ਼ਿਕਰਯੋਗ ਹੈ ਕਿ ਸਾਡਾ ਆਜ਼ਾਦੀ ਦੇ ਸੰਘਰਸ਼ ਦਾ ਪਹਿਲਾ ਪੜਾਅ ਧਾਰਮਿਕ ਕਿਸਮ ਦਾ ਹੀ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦੇ ਕਈ ਸੰਗਠਨਾਂ ਵੱਲੋਂ ਵੀ ਧਾਰਮਿਕ ਪੱਧਰ 'ਤੇ ਆਪੋ-ਆਪਣੇ ਫ਼ਿਰਕਿਆਂ ਨੂੰ ਸੁਚੇਤ ਕਰਨ ਦੇ ਯਤਨ ਹੋ ਰਹੇ ਸਨ। ਸਿੱਖਾਂ ਦਾ ਨਵਾਂ-ਨਵਾਂ ਰਾਜ ਭਾਗ ਗੁਆਚਾ ਸੀ। ਇਸ ਕਰਕੇ ਇਨਾਂ ਦੇ ਮਨਾਂ ਵਿਚ ਵੀ ਆਪਣੇ ਰਾਜ ਪ੍ਰਤੀ ਕਸਕ ਮੁੜ-ਮੁੜ ਉੱਠ ਰਹੀ ਸੀ। ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਸਿੱਖ ਮਤ ਦੇ ਕੇਂਦਰ ਤੇ ਕਿਲੇ ਰੂਪੀ ਵੱਡੀਆਂ ਤੇ ਮਹਾਨ ਸੰਸਥਾਵਾਂ ਹਨ। ਉਸ ਸਮੇਂ ਅਜਿਹੀਆਂ ਸੰਸਥਾਵਾਂ ਉੱਤੇ ਸਥਾਪਤ ਸਰਬਰਾਹ ਦਾ ਅੱਗੇ ਹੋਰ ਗੁਰਦੁਆਰਿਆਂ ਅਤੇ ਸਿੱਖਾਂ ਉੱਤੇ ਵੀ ਪ੍ਰਭਾਵ ਪੈਂਦਾ ਸੀ। ਇਸ ਕਰਕੇ ਦਰਬਾਰ ਸਾਹਿਬ ਦੀ ਮਰਯਾਦਾ ਸਬੰਧੀ ਜਲਿਆਂਵਾਲਾ ਬਾਗ ਵਿਚ ਅੰਮ੍ਰਿਤ ਸੰਚਾਰ ਦੇ ਨਾਲ-ਨਾਲ 10 ਤੋਂ 12 ਅਕਤੂਬਰ 1920 ਨੂੰ ਸਿੱਖ ਮਸਲਿਆਂ ਸਬੰਧੀ ਵਿਚਾਰਾਂ ਹੋਈਆਂ ਸਨ। ਇਸ ਵਿਚ ਉਸ ਸਮੇਂ ਦੇ ਕੁਝ ਨਾਮਵਰ ਸਿੱਖ ਨੇਤਾ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਸਾਹਿਬਾਨ ਤੇ ਵਿਦਿਆਰਥੀ ਸ਼ਾਮਿਲ ਹੋਏ ਸਨ। ਇੱਥੇ ਹੋਈ ਚਰਚਾ ਦੇ ਨਿਰਨੇ ਵਜੋਂ 12 ਅਕਤੂਬਰ ਨੂੰ ਸ: ਮਤਾਬ ਸਿੰਘ (ਇਹ ਗ਼ਰੀਬ ਬਰਾਦਰੀ ਵਿਚੋਂ ਅੰਮ੍ਰਿਤ ਛਕ ਕੇ ਸਿੰਘ ਸਜਿਆ ਹੋਇਆ ਸੀ ਤੇ ਆਪਣੀ ਬਰਾਦਰੀ ਨਾਲ ਹੁੰਦੇ ਭਿੰਨ-ਭੇਦ ਨੂੰ ਦੂਰ ਕਰਨ ਲਈ ਸਰਗਰਮ ਸੀ।) ਦੀ ਅਗਵਾਈ ਹੇਠ ਕੁਝ ਅਛੂਤ ਤੇ ਦਲਿਤ ਸ਼੍ਰੇਣੀਆਂ ਦੀ ਸਿੱਖ ਸੰਗਤ ਦਾ ਜਥਾ ਕੁਝ ਸਿੱਖ ਚਿੰਤਕਾਂ ਸਮੇਤ ਕੜਾਹ-ਪ੍ਰਸ਼ਾਦ ਕਰਵਾਉਣ ਲਈ ਦਰਬਾਰ ਸਾਹਿਬ ਵੱਲ ਰਵਾਨਾ ਹੋਇਆ। ਉਸ ਸਮੇਂ ਅਛੂਤ/ਦਲਿਤ ਸ਼੍ਰੇਣੀਆਂ ਨੂੰ ਪੁਜਾਰੀਆਂ ਵੱਲੋਂ ਦਰਬਾਰ ਸਾਹਿਬ ਅੰਦਰ ਕੜਾਹ-ਪ੍ਰਸ਼ਾਦ ਕਰਵਾਉਣ ਦੀ ਇਜਾਜ਼ਤ ਨਹੀਂ ਸੀ। ਅਜਿਹੀ ਰੋਕ ਗੁਰਮਤਿ ਸਿਧਾਂਤਾਂ ਦੇ ਬਿਲਕੁਲ ਖ਼ਿਲਾਫ਼ ਸੀ। ਸਿੱਖ ਸੰਗਤ ਵੱਲੋਂ ਕੜਾਹ-ਪ੍ਰਸ਼ਾਦ ਦੀ ਦੇਗ ਚੜਾਉਣ ਤੇ ਅਰਦਾਸ ਕਰਨ ਸਬੰਧੀ ਦਰਬਾਰ ਸਾਹਿਬ ਦੀ ਸੇਵਾ ਵਿਚ ਬੈਠੇ ਭਾਈ ਗੁਰਬਚਨ ਸਿੰਘ ਨੇ ਨਾਂਹ ਕਰ ਦਿੱਤੀ। ਇਸ ਸਬੰਧੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫ਼ੈਸਰ ਬਾਵਾ ਹਰਕ੍ਰਿਸ਼ਨ ਸਿੰਘ, ਪ੍ਰੋਫੈਸਰ ਤੇਜਾ ਸਿੰਘ ਤੇ ਪ੍ਰੋਫ਼ੈਸਰ ਨਿਰੰਜਣ ਸਿੰਘ ਵੱਲੋਂ ਭਾਈ ਗੁਰਬਚਨ ਸਿੰਘ ਨਾਲ ਨਿਰਮਤਾ ਸਹਿਤ ਸਿੱਖ ਸਿਧਾਂਤਾਂ ਦੀ ਗੁਰਬਾਣੀ ਮੁਤਾਬਿਕ ਵਿਚਾਰ ਵੀ ਕੀਤੀ ਗਈ। ਸਪਸ਼ਟ ਹੈ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਕੇਵਲ ਆਧੁਨਿਕ ਵਿੱਦਿਆ ਹੀ ਨਹੀਂ ਦਿੱਤੀ, ਸਗੋਂ ਲੋੜ ਮੁਤਾਬਿਕ ਧਾਰਮਿਕ ਮਾਮਲਿਆਂ ਸਬੰਧੀ ਵੀ ਕੌਮ ਨੂੰ ਸੁਚੱਜੀ ਅਗਵਾਈ ਦਿੱਤੀ ਸੀ। ਅਖੀਰ ਇਸ ਮਸਲੇ ਸਬੰਧੀ ਪ੍ਰੋਫੈਸਰ ਸਾਹਿਬਾਨ ਦੇ ਸੁਝਾਅ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈਣ ਉੱਤੇ ਸਹਿਮਤੀ ਬਣ ਗਈ। ਇਸ ਮੌਕੇ 'ਨਿਰਗੁਣਿਆ ਕੌ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ...' ਵਾਕ ਉਚਾਰਿਆ ਗਿਆ। ਅਜਿਹੇ ਵਾਕ ਉਪਰੰਤ ਭਾਈ ਗੁਰਬਚਨ ਸਿੰਘ ਨਿਰ-ਉੱਤਰ ਹੋ ਗਿਆ ਤੇ ਉੱਥੋਂ ਖਿਸਕ ਗਿਆ। ਇਸ ਮੌਕੇ ਸ: ਕਰਤਾਰ ਸਿੰਘ ਝੱਬਰ ਤੇ ਸ: ਤੇਜਾ ਸਿੰਘ ਭੁੱਚਰ ਦੀ ਦ੍ਰਿੜਤਾ ਤੇ ਜੈਕਾਰਿਆਂ ਦਾ ਦਬਾਅ ਨਾਲ ਵੱਖਰਾ ਸੀ। ਇਸ ਤਰਾਂ ਦਰਬਾਰ ਸਾਹਿਬ ਵਿਖੇ ਸਿੱਖ ਸੰਗਤ ਨੇ ਆਪਣੀ ਧਾਰਮਿਕ ਸੇਵਾ ਪੂਰੀ ਕੀਤੀ। ਫਿਰ ਇਹ ਸੰਗਤ ਦਰਬਾਰ ਸਾਹਿਬ ਤੋਂ ਹੁੰਦੀ ਹੋਈ ਅਕਾਲ ਤਖ਼ਤ ਸਾਹਿਬ ਪਹੁੰਚ ਗਈ। ਅਜਿਹੇ ਜਥੇ ਦਾ ਪ੍ਰਭਾਵ ਦੇਖ ਕੇ ਦਰਬਾਰ ਸਾਹਿਬ ਦੇ ਭਾਈ (ਉਸ ਸਮੇਂ ਦੇ ਪੁਜਾਰੀ) ਵਾਂਗ ਅਕਾਲ ਤਖ਼ਤ ਦੇ ਮਹੰਤ ਵੀ ਦੌੜ ਗਏ। ਸ: ਤੇਜਾ ਸਿੰਘ ਭੁੱਚਰ (ਜਥੇਦਾਰ, ਖ਼ਾਲਸਾ ਮਾਝਾ ਦੀਵਾਨ) ਦੇ ਜਥੇ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਗਈ ਸੀ। ਇਸ ਸੰਬੰਧੀ ਸ: ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ਪੱਚੀ ਮੈਂਬਰੀ ਇਕ ਆਰਜ਼ੀ ਕਮੇਟੀ ਵੀ ਬਣਾ ਲਈ ਗਈ। ਅਜਿਹੇ ਸਮੇਂ ਕਾਨੂੰਨੀ ਨੁਕਤਿਆਂ ਸਬੰਧੀ ਡਾਕਟਰ ਸੈਫ਼ੂਦੀਨ ਕਿਚਲੂ ਤੇ ਡਾਕਟਰ ਸਤਿਆਪਾਲ ਵਰਗੇ ਹੋਰ ਵੱਡੇ ਨੇਤਾਵਾਂ ਤੋਂ ਵੀ ਸਲਾਹ ਲਈ ਜਾ ਰਹੀ ਸੀ। ਇਸ ਤੋਂ ਪਹਿਲਾਂ ਹੀ ਗੁਰਦੁਆਰਾ ਰਕਾਬ ਗੰਜ (ਦਿੱਲੀ) ਦੀ ਕੰਧ ਢਾਹੁਣ, ਦਰਬਾਰ ਸਾਹਿਬ ਦਾ ਪਾਣੀ ਬੰਦ ਕਰਨ ਤੇ ਕਿਰਪਾਨ ਪਹਿਨਣ ਦੀ ਪਾਬੰਦੀ ਵਗ਼ੈਰਾ ਘਟਨਾਵਾਂ ਸਬੰਧੀ ਸਿੱਖਾਂ ਵਿਚ ਰੋਸ ਜਾਗ ਚੁੱਕਾ ਸੀ। ਇਸ ਉਪਰੰਤ 15 ਨਵੰਬਰ, 1920 ਨੂੰ ਅਕਾਲ ਤਖ਼ਤ ਸਾਹਿਬ ਉੱਤੇ ਸੁਧਾਰਕ ਭਾਵਨਾ ਵਾਲੇ ਹਮ-ਖ਼ਿਆਲ ਸਿੱਖਾਂ ਦਾ ਵੱਡਾ ਇਕੱਠ ਸੱਦਿਆ ਗਿਆ। ਇਸ ਵਿਚ ਤਕਰੀਬਨ ਦਸ ਹਜ਼ਾਰ ਸਿੱਖਾਂ ਨੇ ਹਿੱਸਾ ਲਿਆ। ਇਸ ਮੌਕੇ 175 ਸਿੰਘਾਂ ਦੀ ਇਕ ਕਮੇਟੀ ਬਣਾਈ ਗਈ। ਇਸ ਦੀ ਪਹਿਲੀ ਮੀਟਿੰਗ 12 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਸ ਦੌਰਾਨ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕੁਝ ਪ੍ਰੋਫੈਸਰਾਂ ਦੇ ਨਾਲ-ਨਾਲ ਸ: ਕਰਤਾਰ ਸਿੰਘ ਝੱਬਰ, ਸ: ਤੇਜਾ ਸਿੰਘ ਭੁੱਚਰ, ਸ: ਸਰਦੂਲ ਸਿੰਘ ਕਵੀਸ਼ਰ ਤੇ ਝਬਾਲ ਭਰਾਵਾਂ ਦਾ ਰੋਲ ਬਹੁਤ ਸਰਗਰਮੀ ਤੇ ਸ਼ਲਾਘਾ ਵਾਲਾ ਰਿਹਾ ਸੀ। ਅਜਿਹੀਆਂ ਸਰਗਰਮੀਆਂ ਨਾਲ ਗੁਰਦੁਆਰਾ ਸੁਧਾਰ ਤੇ ਅਕਾਲੀ ਲਹਿਰ ਪਿੰਡਾਂ ਤੱਕ ਸਿੱਖ ਮਨਾਂ ਵਿਚ ਘਰ ਕਰ ਗਈ। ਇਸ ਦੇ ਮੁਕਾਬਲੇ 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਸਿੱਖ ਮਸਲਿਆਂ ਸਬੰਧੀ ਕੁਝ ਪਿੱਛੇ ਪੈ ਗਈ। ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ ਨੇ ਆਪਣੇ ਨੇਕ ਚੱਲਣ ਕਰਕੇ ਸਮੁੱਚੇ ਸਿੱਖ ਜਗਤ, ਕੁਝ ਹੋਰ ਵੱਡੇ ਰਾਸ਼ਟਰੀ ਨੇਤਾਵਾਂ ਅਤੇ ਦੂਜੇ ਫ਼ਿਰਕਿਆਂ ਦੀ ਵੱਡੀ ਹਮਦਰਦੀ, ਸਹਾਇਤਾ ਤੇ ਤਾਕਤ ਹਾਸਲ ਕਰ ਲਈ ਸੀ।

ਗੁਰਦੁਆਰਿਆਂ ਦੇ ਸੁਧਾਰ ਲਈ ਕੀਤੇ ਜਾ ਰਹੇ ਯਤਨਾਂ ਲਈ ਸਹਾਇਤਾ ਵਜੋਂ ਇਕ ਵੱਖਰਾ ਵਿੰਗ (ਸੰਗਠਨ) ਖੜਾ ਕਰਨ ਦਾ ਵਿਚਾਰ ਪੈਦਾ ਹੋਇਆ। ਇਹ ਵਿੰਗ 14 ਦਸੰਬਰ, 1920 ਨੂੰ ਅਕਾਲੀ ਦਲ ਵਜੋਂ ਹੋਂਦ ਵਿਚ ਆਇਆ। ਇਸ ਦੇ ਪਹਿਲੇ ਪ੍ਰਧਾਨ ਸ: ਸੁਰਮੁਖ ਸਿੰਘ ਝਬਾਲ ਚੁਣੇ ਗਏ। ਅਕਾਲੀ ਦਲ ਦਾ ਮੁੱਖ ਮਕਸਦ ਸ਼੍ਰੋਮਣੀ ਕਮੇਟੀ ਨੂੰ ਲੋੜ ਅਨੁਸਾਰ ਪਿੰਡਾਂ ਵਿਚੋਂ ਜਥੇ ਦੇਣ ਦਾ ਸੀ। ਅਕਾਲੀ ਦਲ ਦੇ ਹੋਂਦ ਵਿਚ ਆਉਣ ਨਾਲ ਸਿੱਖ ਸਿਆਸਤ ਦਾ ਨਵਾਂ ਯੁੱਗ ਸ਼ੁਰੂ ਹੁੰਦਾ ਹੈ। ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਜਿੱਥੇ ਅੰਗਰੇਜ਼ੀ ਹਕੂਮਤ ਨਾਲ ਤਾਲਮੇਲ ਦੇ ਰਸਤੇ ਚਲਦੀ ਸੀ, ਉੱਥੇ ਅਕਾਲੀ ਲਹਿਰ ਦਾ ਪੈਂਤੜਾ ਸਿੱਧੇ ਰੂਪ ਵਿਚ ਅੰਗਰੇਜ਼ਾਂ ਵਿਰੁੱਧ ਲੋਕਤੰਤਰੀ ਸੰਘਰਸ਼ ਵਾਲਾ ਸੀ। ਉਸ ਵੇਲੇ ਅੰਗਰੇਜ਼ ਇਕ ਪਾਸੇ ਤਾਂ 'ਚੀਫ਼ ਖ਼ਾਲਸਾ ਦੀਵਾਨ' ਤੇ 'ਸਿੰਘ ਸਭਾ ਲਹਿਰ' ਰਾਹੀਂ ਸਿੱਖਾਂ ਨੂੰ ਕੁਝ ਰਿਆਇਤਾਂ ਦੇ ਕੇ ਪਲੋਸ ਕੇ ਨਾਲ ਰੱਖ ਰਹੇ ਸਨ, ਦੂਜੇ ਪਾਸੇ ਉਹ ਜਿਵੇਂ-ਕਿਵੇਂ ਸਿੱਖ ਧਾਰਮਿਕ ਸੰਸਥਾਵਾਂ ਨੂੰ ਆਪਣੇ ਕਬਜ਼ੇ ਹੇਠ ਰੱਖਣਾ ਲੋਚਦੇ ਸਨ। ਕਿਉਂਕਿ, ਅਜਿਹੀਆਂ ਧਾਰਮਿਕ ਸੰਸਥਾਵਾਂ ਪ੍ਰਚਾਰ ਅਤੇ ਧਨ-ਮਾਲ ਦੇ ਵੱਡੇ ਸਾਧਨ ਸਨ। ਅੰਗਰੇਜ਼ ਕਿਵੇਂ ਵੀ ਅਜਿਹੇ ਸੋਮਿਆਂ ਨੂੰ ਆਪਣੇ ਹੱਥੋਂ ਨਹੀਂ ਸਨ ਗੁਆਉਣਾ ਚਾਹੁੰਦੇ। ਪਰ ਅਕਾਲੀ ਲਹਿਰ ਨਾਲ ਸਿੱਖਾਂ ਨੇ ਗੁਰਦੁਆਰਿਆਂ ਦੇ ਮਸਲੇ 'ਤੇ ਅੰਗਰੇਜ਼ਾਂ ਵਿਰੁੱਧ ਲੀਕ ਖਿੱਚ ਲਈ ਸੀ। ਮਹੰਤਾਂ, ਪੁਜਾਰੀਆਂ ਤੇ ਸਰਬਰਾਹਾਂ ਨਾਲ ਜੋ ਵਿਰੋਧ ਸ਼ੁਰੂ ਹੋਇਆ ਸੀ, ਫਿਰ ਇਹ ਵਿਰੋਧ ਸਿੱਧਾ ਅੰਗਰੇਜ਼ੀ ਰਾਜ ਦੇ ਵਿਰੋਧ ਵਿਚ ਤਬਦੀਲ ਹੋ ਗਿਆ। ਸ਼੍ਰੋਮਣੀ ਕਮੇਟੀ ਤੇ ਅਕਾਲੀ ਲਹਿਰ ਦਾ ਆਪਣੇ ਗੁਰਧਾਮਾਂ ਲਈ ਕੀਤਾ ਕਾਰਜ ਬਹੁਤ ਹੀ ਇਤਿਹਾਸਕ ਤੇ ਸ਼ਾਨਾਂ ਮਤਾ ਹੈ। ਇਸ ਵਿਚੋਂ ਸਿੱਖੀ ਜਜ਼ਬੇ ਸੰਬੰਧੀ ਦ੍ਰਿੜਤਾ, ਸੰਜਮ, ਸਹਿਣਸ਼ੀਲਤਾ, ਅਹਿੰਸਾ ਤੇ ਕੁਰਬਾਨੀ ਦਾ ਵਤੀਰਾ ਹੈਰਾਨੀਜਨਕ ਸੀ। ਇਸ ਸਦਕਾ ਹੀ ਅਠਾਰਵੀਂ ਸਦੀ ਦੀ ਸਿੱਖ ਲਹਿਰ ਤੋਂ ਬਾਅਦ ਵੀਹਵੀਂ ਸਦੀ ਦੇ ਆਰੰਭ ਵਿਚ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਰਹਿਨੁਮਾਈ ਹੇਠ ਸਿੱਖਾਂ ਦੀਆਂ ਲਾ-ਮਿਸਾਲ ਪ੍ਰਾਪਤੀਆਂ ਹਨ। ਇਨਾਂ ਪ੍ਰਾਪਤੀਆਂ ਲਈ ਵੱਡਾ ਮੁੱਲ ਤਾਰਨਾ ਪਿਆ ਸੀ। ਇਸ ਲਈ (1920 ਤੋਂ 1925 ਤੱਕ) ਕੁੱਲ ਪੰਜ ਸੌ ਸਿੰਘ ਸ਼ਹੀਦ ਹੋਏ ਸਨ ਅਤੇ ਚਾਲੀ ਹਜ਼ਾਰ ਨੇ ਗ੍ਰਿਫ਼ਤਾਰੀ ਦਿੱਤੀ ਸੀ। ਕਿਰਪਾਨ ਪਹਿਨਣ ਦੇ ਮੁੱਦੇ ਅਤੇ ਕੁਝ ਹੋਰ ਰੋਸ ਵਿਖਾਵਿਆਂ ਕਾਰਨ ਨੌਕਰੀਆਂ ਤੋਂ ਕੱਢੇ ਜਾਣ ਵਾਲਿਆਂ ਦਾ ਨੁਕਸਾਨ ਵੱਖਰਾ ਸੀ। ਇਸ ਸਬੰਧੀ ਕੁਝ ਮਿਸਾਲਾਂ ਵੇਖਣਯੋਗ ਹਨ।

ਦਰਬਾਰ ਸਾਹਿਬ (ਅੰਮ੍ਰਿਤਸਰ) ਦੀ ਸੇਵਾ-ਸੰਭਾਲ ਲੈਣ 'ਤੇ ਸਿੱਖ ਸੰਗਤਾਂ ਵੱਲੋਂ ਤਰਨਤਾਰਨ ਦੇ ਗੁਰਦੁਆਰੇ ਸਬੰਧੀ ਵੀ ਪੁਜਾਰੀ ਦੀਆਂ ਕਈ ਸ਼ਿਕਾਇਤਾਂ ਆ ਰਹੀਆਂ ਸਨ। ਇਸ ਸਬੰਧੀ 27 ਜਨਵਰੀ, 1921 ਨੂੰ ਸ: ਕਰਤਾਰ ਸਿੰਘ ਝੱਬਰ ਤੇ ਸ: ਤੇਜਾ ਸਿੰਘ ਭੁੱਚਰ ਆਪਣਾ ਜਥਾ ਲੈ ਕੇ ਪੁਜਾਰੀ ਨੂੰ ਸਮਝਾਉਣ ਲਈ ਗਏ। ਪਰ ਪੁਜਾਰੀਆਂ ਨੇ ਆਪਣੀ ਪਹਿਲਾਂ ਦੀ ਬਣਾਈ ਨੀਤੀ ਮੁਤਾਬਿਕ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਅਕਾਲੀਆਂ ਉੱਤੇ ਹਮਲਾ ਕਰ ਦਿੱਤਾ। ਇਸ ਸਮੇਂ ਭਾਈ ਹੁਕਮ ਸਿੰਘ ਤੇ ਭਾਈ ਹਜ਼ਾਰਾ ਸਿੰਘ ਦੋ ਸਿੰਘ ਸ਼ਹੀਦ ਹੋਏ। ਇਹ ਅਕਾਲੀ ਲਹਿਰ ਦੇ ਪਹਿਲੇ ਸ਼ਹੀਦ ਹਨ। ਇਸ ਦੌਰਾਨ ਸਤਾਰਾਂ ਸਿੰਘ ਫੱਟੜ ਵੀ ਹੋਏ ਸਨ। 24 ਜਨਵਰੀ, 1921 ਨੂੰ ਸ਼੍ਰੋਮਣੀ ਕਮੇਟੀ ਨੇ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਨੂੰ ਆਪਣੇ ਵਤੀਰੇ ਵਿਚ ਸੁਧਾਰ ਕਰ ਲੈਣ ਦਾ ਮਤੇ ਰਾਹੀਂ ਨਿਮਰਤਾ ਸਹਿਤ ਸੁਨੇਹਾ ਭੇਜਿਆ ਸੀ। ਪਰ ਮਹੰਤ ਨਰਾਇਣ ਦਾਸ ਨੇ ਪੂਰੀ ਤਰਾਂ ਅੰਗਰੇਜ਼ੀ ਹਕੂਮਤ ਨਾਲ ਪਿੱਠ ਜੋੜੀ ਹੋਈ ਸੀ। ਉਹ ਅਕਾਲੀਆਂ ਤੇ ਸ਼੍ਰੋਮਣੀ ਕਮੇਟੀ ਦੇ ਰੋਸ ਜਲਸਿਆਂ ਤੋਂ ਬਿਲਕੁਲ ਹੀ ਬੇਪ੍ਰਵਾਹ ਸੀ। ਉਸ ਨੇ ਇਕ ਤਰਾਂ ਨਾਲ ਸਿੱਖਾਂ ਨੂੰ ਸਬਕ ਸਿਖਾਉਣ ਦੀ ਨੀਤੀ ਬਣਾਈ ਹੋਈ ਸੀ। ਇਹ ਮਹੰਤ ਗੁਰਦੁਆਰਿਆਂ ਨੂੰ ਆਪਣੀ ਕਾਰੋਬਾਰੀ ਦੁਕਾਨ ਮੰਨਦੇ ਸਨ। ਇਨਾਂ ਮਹੰਤਾਂ ਦੀ ਧੌਣ ਵਿਚ ਹਕੂਮਤੀ ਤਾਕਤ ਦਾ ਕਿੱਲਾ ਸੀ। ਮਹੰਤ ਨਰਾਇਣ ਦਾਸ ਉੱਤੇ ਕਿਸੇ ਤਰਾਂ ਵੀ ਸਿੱਖਾਂ ਦੀਆਂ ਅਪੀਲਾਂ/ਦਲੀਲਾਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਭਾਈ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ 20 ਫਰਵਰੀ 1921 ਨੂੰ ਗੁਰੂ ਹਰਿ ਰਾਇ ਦੇ ਅਵਤਾਰ ਪੁਰਬ 'ਤੇ ਸਿੱਖ ਜਥਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਗਿਆ। ਇਹ ਜਥਾ ਜਦ ਸ਼ਬਦ ਕੀਰਤਨ ਕਰਦਾ ਹੋਇਆ ਨਨਕਾਣਾ ਸਾਹਿਬ ਦੇ ਕੰਪਲੈਕਸ ਵਿਚ ਦਾਖਲ ਹੋਇਆ ਤਾਂ ਅੱਗੋਂ ਮਹੰਤ ਦੀ ਮੰਡਲੀ ਵੱਲੋਂ ਨਿਹੱਥੇ ਤੇ ਸ਼ਾਂਤਮਈ ਸਿੰਘਾਂ ਉੱਤੇ ਗੋਲੀਆਂ ਤੇ ਤੇਜ਼ ਹਥਿਆਰਾਂ ਦਾ ਜ਼ੋਰਦਾਰ ਹਮਲਾ ਕੀਤਾ ਗਿਆ। ਭਾਈ ਲਛਮਣ ਸਿੰਘ ਨੂੰ ਦਰੱਖਤ ਨਾਲ ਬੰਨ ਕੇ ਤੇ ਕੁਝ ਹੋਰ ਸਿੰਘਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਇਸ ਹਮਲੇ ਦੌਰਾਨ 130 ਦੇ ਕਰੀਬ ਸਿੰਘ ਸ਼ਹੀਦ ਹੋਏ। ਇਸ ਨਾਲ ਸਾਰੇ ਭਾਰਤ ਵਿਚ ਹਾਹਾਕਾਰ ਮੱਚ ਗਈ ਸੀ। ਇਸ ਮੌਕੇ ਸਿੱਖ ਨੇਤਾਵਾਂ ਨੂੰ ਮਹਾਤਮਾ ਗਾਂਧੀ ਨੇ ਵੀ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ ਸੀ। ਮਹੰਤ ਨੇ ਜਨਰਲ ਡਾਇਰ ਦੇ ਜਲਿਆਂਵਾਲੇ ਬਾਗ ਦੇ ਸਾਕੇ ਨੂੰ ਦੁਹਰਾ ਦਿੱਤਾ ਸੀ। ਇਸ ਦੇ ਰੋਸ ਵਜੋਂ ਹਜ਼ਾਰਾਂ ਸਿੰਘ ਜਥਿਆਂ ਦੇ ਰੂਪ ਵਿਚ ਨਨਕਾਣਾ ਸਾਹਿਬ ਵੱਲ ਜਾਣ ਲੱਗੇ। ਹਾਲਾਤ ਵਿਗੜਦੇ ਹੋਏ ਵੇਖ ਕੇ ਕੁਝ ਸਰਕਾਰੀ ਅਫ਼ਸਰਾਂ ਨੇ ਆਪਣੇ ਦਖ਼ਲ ਨਾਲ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ 21 ਫਰਵਰੀ, 1921 ਨੂੰ ਸਿੱਖਾਂ ਨੂੰ ਦੇ ਦਿੱਤੀਆਂ। ਇਸ ਤਰਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਾਲ ਸਬੰਧਿਤ ਗੁਰਦੁਆਰਾ ਸਿੱਖਾਂ ਦੇ ਪ੍ਰਬੰਧ ਹੇਠ ਆ ਗਿਆ।

ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਭਾਵੇਂ ਸਿੱਖਾਂ ਕੋਲ ਆ ਗਿਆ ਸੀ ਪਰ ਇੱਥੇ ਸਥਿਤ ਤੋਸ਼ੇਖ਼ਾਨੇ ਦੀਆਂ ਚਾਬੀਆਂ ਜ਼ਿਲੇ ਦੀ ਅੰਗਰੇਜ਼ੀ ਹਕੂਮਤ ਪਾਸ ਹੀ ਸਨ। ਇਸ ਸਬੰਧੀ ਸਿੱਖਾਂ ਨੇ ਕਈ ਸ਼ਾਂਤਮਈ ਰੋਸ ਵਿਖਾਵੇ ਕੀਤੇ ਸਨ। ਅਖੀਰ 19 ਜਨਵਰੀ, 1922 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਵੱਡੇ ਇਕੱਠ ਸਾਹਮਣੇ ਸਰਕਾਰ ਨੇ ਮਜਬੂਰ ਹੋ ਕੇ ਚਾਬੀਆਂ ਸ: ਖੜਕ ਸਿੰਘ ਦੇ ਹਵਾਲੇ ਕੀਤੀਆਂ ਸਨ। ਇਸ ਪ੍ਰਾਪਤੀ ਨੂੰ ਉਸ ਸਮੇਂ ਦੇ ਵੱਡੇ ਰਾਸ਼ਟਰਵਾਦੀ ਨੇਤਾਵਾਂ ਨੇ ਸੁਤੰਤਰਤਾ ਅੰਦੋਲਨ ਦੀ ਪਹਿਲੀ ਜਿੱਤ ਕਿਹਾ ਸੀ। ਗੁਰੂ ਕੇ ਬਾਗ (ਤਹਿਸੀਲ ਅਜਨਾਲਾ) ਦੇ ਮਹੰਤ ਸੁੰਦਰ ਦਾਸ ਨੇ ਸ਼ੁਰੂ ਵਿਚ 31 ਜਨਵਰੀ, 1921 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਸਬ-ਕਮੇਟੀ ਹੇਠ ਕੰਮ ਕਰਨਾ ਮੰਨ ਲਿਆ ਸੀ। ਪਰ ਬਾਅਦ ਵਿਚ ਇਹ ਵੀ ਵਿਟਰ ਗਿਆ ਸੀ। ਇਸ ਨੇ ਕਮੇਟੀ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ।

**ਬਾਕੀ ਸਫ਼ਾ 28 'ਤੇ**

## ਅਕਾਲੀ ਲਹਿਰ ਦੀ...

ਇਸ ਤੋਂ ਗੁਰਦੁਆਰੇ ਦੀ ਸੇਵਾ-ਸੰਭਾਲਣ ਲਈ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥਾ ਸ਼ਾਂਤਮਈ ਤਰੀਕੇ ਨਾਲ ਸੌ-ਸੌ ਸਿੰਘਾਂ ਦਾ ਜਥਾ ਰੋਜ਼ ਗ੍ਰਿਫ਼ਤਾਰੀ ਦੇਣ ਲਈ ਜਾਂਦਾ ਸੀ। ਅਜਿਹੇ ਜਥਿਆਂ ਨੂੰ ਮਹੰਤ ਦੀ ਸ਼ਿਕਾਇਤ 'ਤੇ ਰਾਖੀ ਲਈ ਪੁਲਿਸ ਦੀ ਕੁੱਟ-ਮਾਰ ਸਹਿਣੀ ਪੈਂਦੀ ਸੀ। ਇਸ ਦੌਰਾਨ ਕਈ ਵਾਰ ਤਾਂ ਸਿੰਘ ਬੇਹੋਸ਼ ਹੋ ਜਾਂਦੇ ਸਨ। ਪਰ ਸਿੱਖਾਂ ਨੇ ਆਪਣੇ ਸ਼ਾਂਤਮਈ ਜ਼ਬਤ ਵਾਲਾ ਸਿਰੜ ਕਦੀ ਵੀ ਨਹੀਂ ਸੀ ਛੱਡਿਆ। ਇਕ ਅੰਗਰੇਜ਼ ਪਾਦਰੀ ਸੀ.ਐਫ.ਐਂਡਰਿਊਜ਼ ਦੇ ਸਿੱਖਾਂ ਪ੍ਰਤੀ ਸ਼ਬਦ ਹਨ, 'ਅੱਜ ਮੈਂ ਹਜ਼ਰਤ ਈਸਾ ਨੂੰ ਮਾਰ ਪੈਂਦੀ ਦੇਖ ਕੇ ਆਇਆ ਹਾਂ।' ਇਸ ਮੋਰਚੇ ਦੌਰਾਨ ਸਿੱਖਾਂ ਦੀ ਅਹਿੰਸਕ ਸਿਦਕ ਦਿਲੀ ਤੋਂ ਦੁਨੀਆ ਦੰਗ ਰਹਿ ਗਈ ਸੀ। ਅਖੀਰ 17 ਅਕਤੂਬਰ ਸ੍ਰੀ ਗੰਗਾ ਰਾਮ ਇੰਜੀਨੀਅਰ ਲਾਹੌਰ ਦੇ ਯਤਨਾਂ ਸਦਕਾ ਗੁਰੂ ਕੇ ਬਾਗ ਮੋਰਚੇ ਦਾ ਹੱਲ ਨਿਕਲ ਆਇਆ ਸੀ। ਇਸੇ ਤਰਾਂ ਹੀ ਪੁਲਿਸ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਵਿਚ ਵਿਘਨ ਪਾਉਣ ਦੇ ਰੋਸ ਵਜੋਂ ਜੈਤੋ ਦਾ ਮੋਰਚਾ (25 ਸਤੰਬਰ, 1923) ਸ਼ੁਰੂ ਹੋਇਆ ਸੀ। ਸ਼ਹੀਦ ਭਗਤ ਸਿੰਘ ਨੇ ਆਪਣੇ ਪਿੰਡ ਕੋਲੋਂ ਲੰਘਦੇ ਹੋਏ ਜਥਿਆਂ ਨੂੰ ਲੰਗਰ ਵੀ ਛਕਾਇਆ ਸੀ। ਇਸ ਮੋਰਚੇ ਲਈ ਵੀ ਪੰਜ-ਪੰਜ ਸੌ ਦੇ ਜਥੇ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚਲਦੇ ਸਨ। ਸਪਸ਼ਟ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਪ੍ਰਾਣਧਾਰੀ ਆਧਾਰ ਵਜੋਂ ਸਿੱਖ ਪ੍ਰੇਰਨਾ ਲਈ ਸਦਾ ਹੀ ਵੱਡੇ ਸੋਮੇ ਰਹੇ ਹਨ। ਸਿੱਖ ਵੀ ਆਪਣੇ ਅਜਿਹੇ ਸੋਮਿਆਂ ਦੀਆਂ ਰਵਾਇਤਾਂ ਤੋਂ ਕਿਸੇ ਤਰਾਂ ਵੀ ਨਹੀਂ ਥਿੜਕੇ ਸਨ। ਅਜਿਹੇ ਨਕਸ਼-ਨੁਹਾਰ ਹੀ ਸ਼੍ਰੋਮਣੀ ਕਮੇਟੀ ਤੇ ਅਕਾਲੀ ਲਹਿਰ ਦੇ ਇਤਿਹਾਸ ਨੂੰ ਸੁਨਹਿਰੀ ਬਣਾਉਂਦੇ ਹਨ।

ਸਿੱਖਾਂ ਵੱਲੋਂ ਆਪਣੇ ਗੁਰਧਾਮਾਂ ਦੇ ਪ੍ਰਬੰਧ ਲਈ ਨਿਰੰਤਰ ਇਕ ਲੜੀ ਵਜੋਂ ਸ਼ਾਂਤਮਈ ਸੰਘਰਸ਼ ਕੀਤਾ ਗਿਆ ਸੀ। ਇਸ ਦੇ ਸਿੱਟੇ ਵਜੋਂ ਸਰ ਮੈਲਕਮ ਹੈਲੀ ਨੇ ਪੰਜਾਬ ਦਾ ਗਵਰਨਰ ਬਣਦੇ ਸਾਰ ਹੀ ਕੁਝ ਹੋਰ ਸੁਧਾਰਕ ਕਮੇਟੀਆਂ ਨੂੰ ਮਾਨਤਾ ਦੇ ਦਿੱਤੀ। ਇਸ ਨੇ 9 ਜੁਲਾਈ, 1925 ਨੂੰ ਪੰਜਾਬ ਕੌਂਸਲ ਵਿਚ 'ਗੁਰਦੁਆਰਾ ਐਕਟ' ਪਾਸ ਕਰ ਦਿੱਤਾ। ਗੁਰਦੁਆਰਾ ਐਕਟ ਮੁਤਾਬਿਕ ਚੁਣੇ ਹੋਏ ਮੈਂਬਰਾਂ ਦੀ 4 ਸਤੰਬਰ, 1926 ਨੂੰ ਪਹਿਲੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਗਿਆਰਾਂ ਹੋਰ ਮੈਂਬਰ ਨਾਮਜ਼ਦ ਕਰ ਲਏ ਗਏ ਸਨ। ਇਸ ਕਮੇਟੀ ਦੇ ਆਸ਼ੇ ਮੁਤਾਬਿਕ 17 ਜਨਵਰੀ, 1927 ਨੂੰ ਸਰਕਾਰੀ ਨੋਟੀਫਿਕੇਸ਼ਨ ਮੁਤਾਬਿਕ ਗੁਰਦੁਆਰਾ ਸੈਂਟਰਲ ਬੋਰਡ ਦਾ ਨਾਂਅ ਬਦਲ ਕੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖ ਦਿੱਤਾ ਗਿਆ। ਇਸ ਨਾਲ ਹੀ ਅੱਗੇ 13 ਸਤੰਬਰ, 1926 ਨੂੰ ਅਕਾਲੀ ਦਲ ਨੂੰ ਕਾਨੂੰਨ ਵਿਰੋਧੀ ਜਮਾਤ ਕਹਿਣ ਵਾਲਾ ਹੁਕਮ ਵਾਪਸ ਹੋ ਗਿਆ। ਇਸ ਤੋਂ ਅੱਗੇ ਅਕਾਲੀ ਲਹਿਰ ਦੇਸ਼ ਦੀ ਆਜ਼ਾਦੀ ਲਈ ਅੱਗੇ ਵਧਦੀ ਹੈ। ਪਹਿਲਾਂ ਜਿੱਥੇ 'ਪੰਥ ਆਜ਼ਾਦ' ਤਾਂ 'ਦੇਸ਼ ਆਜ਼ਾਦ' ਦੇ ਨਾਹਰੇ ਪ੍ਰਮੁੱਖ ਸਨ, ਫਿਰ 'ਦੇਸ਼ ਆਜ਼ਾਦ' ਤਾਂ 'ਪੰਥ ਆਜ਼ਾਦ' ਦੇ ਨਾਹਰਿਆਂ ਨੂੰ ਪਹਿਲ ਦਿੱਤੀ ਜਾਣ ਲੱਗੀ। ਜੇ 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਨੇ ਸਿੱਖਾਂ ਨੂੰ ਵਿੱਦਿਅਕ ਸੰਸਥਾਵਾਂ ਦਿੱਤੀਆਂ ਤਾਂ ਗੁਰਦੁਆਰਾ ਸੁਧਾਰ ਦੀ ਅਕਾਲੀ ਲਹਿਰ ਕਾਰਨ ਸਿੱਖਾਂ ਪਾਸ ਗੁਰਦੁਆਰਿਆਂ ਦਾ ਪ੍ਰਬੰਧ ਆਇਆ। ਇਸ ਉਪਰੰਤ ਸਿੱਖ ਰਾਜਸੀ ਪੱਧਰ 'ਤੇ ਸੁਤੰਤਰਤਾ ਅੰਦੋਲਨ ਵਿਚ ਵੀ ਸਿੱਧੇ ਕੁੱਦ ਪਏ ਸਨ। ਇਸ ਸਬੰਧੀ ਵੀ ਸਿੱਖਾਂ ਦੀਆਂ ਕੁਰਬਾਨੀਆਂ ਲਾਸਾਨੀ ਹਨ।

ਇਕ ਤਰਾਂ ਨਾਲ ਗੁਰਦੁਆਰਾ ਸ਼੍ਰੋਮਣੀ ਕਮੇਟੀ ਤੇ ਅਕਾਲੀ ਲਹਿਰ ਦੀ ਆਮਦ ਜੌੜੇ ਭੈਣ-ਭਰਾਵਾਂ ਵਰਗੀ ਹੈ। ਇਸ ਦਾ ਸ਼ਾਨਾਮੱਤਾ ਇਤਿਹਾਸ ਹੈ। ਇਨ੍ਹਾਂ ਲਹਿਰਾਂ ਨੇ ਪ੍ਰਚਾਰ ਤੇ ਪਾਸਾਰ ਲਈ ਬਹੁਤ ਸਾਰਾ ਸਹਾਇਕ ਸਾਹਿਤ ਪੈਦਾ ਕੀਤਾ ਸੀ। ਨਾਨਕ ਸਿੰਘ ਦਾ ਪ੍ਰਤਿਨਿਧ ਤੇ ਸ਼ਾਹਕਾਰ ਨਾਵਲ 'ਚਿੱਟਾ ਲਹੂ' (1932) ਦਾ ਸਮੁੱਚਾ ਵਿਸ਼ਾ-ਵਸਤੂ ਗੁਰਦੁਆਰਾ ਸੁਧਾਰ ਲਹਿਰ ਨਾਲ ਸਬੰਧਿਤ ਹੈ। ਇਹ ਵੀ ਜ਼ਿਕਰਯੋਗ ਹੈ ਕਿ ਜੋ ਲਹਿਰਾਂ ਆਪਣਾ ਸਾਹਿਤ ਨਾ ਪੈਦਾ ਕਰ ਸਕਣ, ਉਹ ਲੋਕ ਮਨਾਂ ਵਿਚੋਂ ਛੇਤੀ ਹੀ ਖ਼ਾਰਜ ਹੋ ਜਾਂਦੀਆਂ ਹਨ। ਇਹ ਦੋਨੋਂ ਸੰਸਥਾਵਾਂ ਸ਼ੁਰੂ ਵਿਚ ਪੂਰੀ ਤਰਾਂ ਅਠਾਰਵੀਂ ਸਦੀ ਦੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਅਨੁਸਾਰੀ ਹੋ ਕੇ ਚੱਲੀਆਂ ਸਨ। ਉਸ ਸਮੇਂ ਦੇ ਸਿੱਖ ਨੇਤਾ ਨਿੱਜੀ ਲਾਲਸਾ ਤੇ ਹਉਮੈ ਤੋਂ ਬਿਲਕੁਲ ਬੇਲਾਗ ਸਨ। ਇਨ੍ਹਾਂ ਨੇਤਾਵਾਂ ਨੇ ਲਹਿਰ ਨੂੰ ਨਾ ਕਦੀ ਹਿੰਸਕ ਹੋਣ ਦਿੱਤਾ ਸੀ ਤੇ ਨਾ ਹੀ ਫ਼ਿਰਕੂ। ਇਤਿਹਾਸ ਗਵਾਹ ਹੈ ਕਿ ਅਕਾਲੀ ਮੋਰਚਿਆਂ ਵਿਚ ਦੂਜੇ ਫ਼ਿਰਕਿਆਂ ਵੱਲੋਂ ਵੀ ਸਹਾਇਤਾ ਕੀਤੀ ਜਾਂਦੀ ਰਹੀ ਹੈ। 17 ਜੂਨ, 1923 ਨੂੰ ਜਦ ਸ੍ਰੀ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਸ਼ੁਰੂ ਹੋਈ ਤਾਂ ਕੁਝ ਸਿੱਖ ਧਰਮ ਦੇ ਪ੍ਰੇਮੀ ਮੁਸਲਮਾਨ ਵੀ ਆਪਣਾ ਜਥਾ ਲੈ ਕੇ ਕਾਰ ਸੇਵਾ ਵਿਚ ਸ਼ਾਮਿਲ ਹੋਏ ਸਨ। ਅਜਿਹਾ ਉਸ ਵੇਲੇ ਦੇ ਆਪਸੀ ਸਦਭਾਵੀ ਮੇਲ-ਮਿਲਾਪ ਤੇ ਸਿੱਖ ਨੇਤਾਵਾਂ ਦੇ ਉੱਚੇ ਕਿਰਦਾਰ ਕਰਕੇ ਹੋਇਆ ਸੀ। ਅਕਸਰ ਕਈ ਵਾਰ ਲਹਿਰਾਂ ਆਪਣੇ ਸੰਘਰਸ਼ ਲਈ ਮੈਦਾਨ ਵਿਚ ਕੁੱਦ ਤਾਂ ਪੈਂਦੀਆਂ ਹਨ, ਪਰ ਉਹ ਆਪਣੇ ਵਿਹਾਰ ਤੇ ਚੱਲਣ ਦੀ ਕਮਜ਼ੋਰੀ ਕਾਰਨ ਥਿੜਕ ਵੀ ਜਾਂਦੀਆਂ ਹਨ ਤੇ ਬੱਕ-ਟੁੱਟ ਵੀ। ਅਜਿਹੀ ਥਿੜਕਣ ਅਕਸਰ ਹੀ ਕਿਸੇ ਪ੍ਰਾਪਤੀ ਦੀ ਥਾਂ ਹਾਰ ਤੇ ਨਮੋਸ਼ੀ ਦਾ ਸਬੱਬ ਬਣਦੀ ਹੈ। ਪਰ ਅਕਾਲੀ ਤਹਿਰੀਕ ਆਪਣੇ ਵੇਲੇ ਦੀ ਅਜਿਹੀ ਪਾਕਿ ਤੇ ਖ਼ਾਲਸ ਲਹਿਰ ਸੀ, ਜਿਸ ਨੇ ਗੁਰੂ ਆਸ਼ੇ ਤੇ ਸਿੱਖ ਪਰੰਪਰਾ ਉੱਤੇ ਕਾਇਮ ਰਹਿਣ ਦਾ ਆਪਣਾ ਸਿੱਖ ਇਤਿਹਾਸ ਦੁਹਰਾਇਆ ਸੀ। ਇਸ ਲਹਿਰ ਨੂੰ ਪੜੇ-ਲਿਖੇ ਤੇ ਉੱਚੀ ਅਵਸਥਾ ਵਾਲੇ ਪ੍ਰੋਫ਼ੈਸਰਾਂ ਦੀ ਰਹਿਨੁਮਾਈ ਹਾਸਲ ਸੀ। ਇਸ ਤੋਂ ਬਾਅਦ ਹੁਣ ਤੱਕ ਦਾ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲਹਿਰ/ਪਾਰਟੀ ਦਾ ਲੰਮਾ-ਚੌੜਾ ਇਤਿਹਾਸ ਹੈ। ਪਰ ਜੋ ਭੱਲ ਇਨ੍ਹਾਂ ਲਹਿਰਾਂ ਨੇ ਆਪਣੇ ਉਦਭਵ ਕਾਲ ਵੇਲੇ ਖੱਟੀ ਸੀ, ਸ਼ਾਇਦ ਓਹੋ ਜਿਹਾ ਸੁਨਹਿਰੀ ਕਾਲ ਬਾਅਦ ਵਿਚ ਨਹੀਂ ਆਇਆ ਹੈ। ਇਹ ਸਿੱਖਾਂ ਦੀਆਂ ਮਹਾਨ ਜਥੇਬੰਦੀਆਂ ਹਨ। ਇਨ੍ਹਾਂ ਦੇ ਸ਼ਤਾਬਦੀ ਵਰ੍ਹੇ 'ਤੇ ਸਾਨੂੰ ਆਪਣਾ ਚਿੰਤਨ-ਮੰਥਨ ਵੀ ਕਰਨਾ ਚਾਹੀਦਾ ਹੈ ਤੇ ਆਪਣਾ ਸੁਨਹਿਰੀ ਇਤਿਹਾਸ ਪ੍ਰਚਾਰਨਾ ਤੇ ਮੁੜ ਦੁਹਰਾਉਣਾ ਵੀ ਚਾਹੀਦਾ ਹੈ। ਹਰ ਸਿੱਖ ਆਪਣੇ ਸਿੱਖ ਗੁਰਧਾਮਾਂ ਪ੍ਰਤੀ ਅੱਜ ਵੀ ਲੋਹੜੇ ਦੀ ਸ਼ਰਧਾ, ਤਿਆਗ ਤੇ ਕੁਰਬਾਨੀ ਭਾਵਨਾ ਰੱਖਦਾ ਹੈ। ਲੋੜ ਤਾਂ ਅਜਿਹੀ ਸ਼ਕਤੀ ਨੂੰ ਸੰਗਤੀ ਰੂਪ ਵਿਚ ਠੀਕ ਪੰਥਕ ਅਗਵਾਈ ਦੇਣ ਦੀ ਹੈ। ਨਾਲ ਗੁਰਧਾਮਾਂ ਦੇ ਪਾਰਦਰਸ਼ੀ ਪ੍ਰਬੰਧ ਰਾਹੀਂ ਅਜਿਹੇ ਧਾਰਮਿਕ ਵਸੀਲਿਆਂ ਰਾਹੀਂ ਸਮੁੱਚੀ ਸਿੱਖ ਕੌਮ ਤੇ ਲੋੜਵੰਦਾਂ ਲਈ ਸਿੱਖਿਆ ਤੇ ਸਿਹਤ ਸਬੰਧੀ ਕਾਇਆ-ਕਲਪ ਕੀਤੀ ਜਾ ਸਕਦੀ ਹੈ। ਅਜੋਕੇ ਸਮਿਆਂ ਵਿਚ ਅਜਿਹਾ ਮੋੜਾ ਹੀ ਇਨ੍ਹਾਂ ਲਹਿਰਾਂ ਦੇ ਸ਼ਤਾਬਦੀ ਵਰ੍ਹੇ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

-ਖ਼ਾਲਸਾ ਕਾਲਜ, ਅੰਮ੍ਰਿਤਸਰ।

## ਸਿੱਖੀ ਦੀ ਸਿਧਾਂਤਕ ਹਸਤੀ..

ਘੱਟ ਗਿਣਤੀ ਦੀ ਇਸ ਸੋਚ ਵਿਚੋਂ ਪੈਦਾ ਹੋਈ ਹੀਣ ਭਾਵਨਾ ਵਿਚੋਂ ਅੱਜ ਤੱਕ ਸਿੱਖ ਪੰਥ ਮੁਕਤ ਨਹੀਂ ਹੋ ਸਕਿਆ। ਪਹਿਲਾਂ ਗਦਰੀ ਬਾਬਿਆਂ ਤੇ ਬਾਅਦ ਵਿਚ ਅਕਾਲੀ ਲਹਿਰ ਵੇਲੇ ਉਹ ਅੰਗਰੇਜ਼ ਸਾਮਰਾਜੀਆਂ ਵਿਰੁੱਧ ਸੰਘਰਸ਼ ਵਿਚ ਆਗੂ ਰੋਲ ਨਿਭਾਉਂਦਾ ਹੋਇਆ ਤੇ ਆਪਣੀ ਗਿਣਤੀ ਤੋਂ ਕਿਤੇ ਜ਼ਿਆਦਾ ਕੁਰਬਾਨੀਆਂ ਕਰਦਾ ਹੋਇਆ ਵੀ ਆਪਣੇ ਇਸ ਸੰਘਰਸ਼ ਨੂੰ ਆਪਣੀ ਰਾਜਸੀ ਤਾਕਤ ਵਿਚ ਨਹੀਂ ਬਦਲ ਸਕਿਆ। ਇਹੀ ਕਾਰਨ ਹੈ ਕਿ ਉਹ ਦੇਸ ਦੀ 'ਆਜ਼ਾਦੀ' ਮੌਕੇ ਅੰਗਰੇਜ਼ ਸਾਮਰਾਜੀਆਂ ਕੋਲੋਂ 1849 ਵਿਚ ਆਪਣਾ ਖੋਹਿਆ ਰਾਜਕੀ ਹੱਕ ਮੰਗਣ ਦੀ ਬਜਾਏ ਹਿੰਦੂ, ਮੁਸਲਮਾਨ ਦੀ ਫ਼ਿਰਕੂ ਸੋਚ ਦਾ ਸ਼ਿਕਾਰ ਹੋ ਗਿਆ ਅਤੇ ਅੰਗਰੇਜ਼ ਗ਼ੁਲਾਮੀ ਵਿਚੋਂ ਨਿਕਲ ਕੇ ਨਿਰੋਲ ਮਨੂਵਾਦੀ ਗ਼ੁਲਾਮੀ ਵਿਚ ਫਸ ਗਿਆ।

ਉਂਜ ਦੂਜੇ ਧਰਮਾਂ ਦੀ ਵੇਖੋ-ਵੇਖੀ ਸਿੱਖਾਂ ਦੇ ਮਨਾਂ ਵਿਚ ਵੀ ਆਪਣੀ ਨਿਆਰੀ ਹੋਂਦ ਦਾ ਅਹਿਸਾਸ ਜਾਗਿਆ। ਇਸ ਦੌਰ ਅੰਦਰ ਸਿੱਖ ਪੰਥ ਵਿਚ ਆਈ ਜਾਗਰਤੀ ਦਾ ਪਹਿਲਾ ਪੜਾਅ ਸਿੰਘ ਸਭਾ ਲਹਿਰ ਹੈ। ਇਹ ਲਹਿਰ 18ਵੀਂ ਸਦੀ ਦੇ ਅਸੀਂਵਿਆਂ ਵਿਚ ਆਰੰਭ ਹੋਈ। ਸਿੱਖੀ ਵਿਚ ਬ੍ਰਾਹਮਣੀ ਪ੍ਰਭਾਵ ਹੇਠ ਫੈਲੀ ਜਾਤ-ਪਾਤ ਤੇ ਕਰਮਕਾਂਡ ਦਾ ਵਿਰੋਧ ਹੋਣਾ ਆਰੰਭ ਹੋਇਆ। ਕਥਿਤ ਨੀਚ ਕਹੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਕਰਨ ਦੇ ਮਹੱਤਵਪੂਰਨ ਯਤਨ ਆਰੰਭ ਹੋਏ। ਸਿੱਖ ਸਮਾਜ ਵਿਚ ਘੁਸਪੈਠ ਕਰ ਚੁੱਕੀ ਮਨੂਵਾਦੀ ਜਾਤਪਾਤ, ਛੂਆ-ਛਾਤ ਅਤੇ ਬ੍ਰਾਹਮਣੀ ਕਰਮਕਾਂਡ ਵਿਰੁੱਧ ਸਿੱਖਾਂ ਨੂੰ ਲਾਮਬੰਦ ਕੀਤਾ ਗਿਆ। ਪੰਜਾਬ ਅੰਦਰ ਆਰੀਆ ਸਮਾਜ ਵੱਲੋਂ ਫੈਲਾਏ ਜਾ ਰਹੇ ਨਵ-ਬ੍ਰਾਹਮਣਵਾਦ ਦਾ ਵਿਰੋਧ ਕੀਤਾ ਗਿਆ। ਇਸੇ ਜਾਗ੍ਰਿਤੀ ਦਾ ਸਿੱਟਾ ਸੀ ਕਿ 12 ਅਕਤੂਬਰ, 1920 ਦੇ ਦਿਨ ਸਿੱਖ ਪੰਥ ਨੇ ਖ਼ਾਲਸਾ ਬਰਾਦਰੀ ਦੇ ਰੂਪ ਵਿਚ ਨੀਚ ਕਹੇ ਜਾਂਦੇ ਭਾਈਚਾਰੇ ਨਾਲ ਮਿਲ ਕੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਨੂੰ ਜਾਤਪਾਤ ਦੇ ਪੈਰੋਕਾਰ ਬ੍ਰਾਹਮਣਵਾਦੀ ਪੁਜਾਰੀਆਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਇਆ। ਇਹ 19ਵੀਂ ਸਦੀ ਵਿਚ ਸਿੱਖ ਪੰਥ ਦੀ ਸਾਮਰਾਜੀਆਂ ਦੀ ਭਾਈਵਾਲ ਮਨੂਵਾਦੀ ਵਿਚਾਰਧਾਰਾ ਉੱਤੇ ਹੋਈ ਪਹਿਲੀ ਜਿੱਤ ਸੀ।

ਇਹ ਧਾਰਮਿਕ ਜਾਗਰਤੀ ਦਾ ਸਿੱਟਾ ਸੀ ਕਿ ਇਕ ਸੁਚੇਤ ਅਤੇ ਜਥੇਬੰਦ ਕਾਰਵਾਈ ਤਹਿਤ ਖ਼ਾਲਸਾ ਕਾਲਜ ਦੇ ਪ੍ਰੋਫੈਸਰਾਂ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁਚਰ ਦੀ ਅਗਵਾਈ ਵਿਚ ਇਕੱਠੀਆਂ ਹੋਈਆਂ ਸਿੱਖ ਸੰਗਤਾਂ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਅੰਗਰੇਜ਼ ਸਾਮਰਾਜੀ ਹਾਕਮਾਂ ਦੀ ਸ਼ਹਿ ਪ੍ਰਾਪਤ ਬ੍ਰਾਹਮਣਵਾਦ ਦੇ ਪੈਰੋਕਾਰ ਮਹੰਤਾਂ ਅਤੇ ਪੁਜਾਰੀਆਂ ਦੇ ਕਬਜ਼ੇ ਵਿਚੋਂ ਮੁਕਤ ਕਰਵਾਇਆ। ਇਹ ਸਿੰਘ ਸਭਾ ਲਹਿਰ ਤੇ ਜਾਤਪਾਤ ਨੂੰ ਤੋੜ ਕੇ ਸਿੱਖ ਪੰਥ ਦੀ ਹੋਈ ਏਕਤਾ ਦੀ ਪਹਿਲੀ ਵੱਡੀ ਜਿੱਤ ਸੀ। ਖ਼ਾਲਸਾ ਪੰਥ ਦੇ ਇਸ ਜੇਤੂ ਜਲੂਸ ਵਿਚੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ। ਨਨਕਾਣਾ ਸਾਹਿਬ ਸਮੇਤ ਹੋਰਨਾਂ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਦੇ ਯਤਨ ਆਰੰਭ ਹੋਏ। ਸਿੱਖ ਪੰਥ ਦੀ ਨਿਆਰੀ ਹਸਤੀ ਦਾ ਖ਼ਿਆਲ ਪੈਦਾ ਹੋਇਆ। ਬੇਸ਼ੱਕ ਸਿੰਘ ਸਭਾ ਲਹਿਰ ਦੇ ਇਨ੍ਹਾਂ ਦੀਆਂ ਕੁਝ ਕੁ ਵਕਤੀ ਸੀਮਾਵਾਂ ਸਨ, ਜਿਨ੍ਹਾਂ ਕਰਕੇ ਇਹ ਯਤਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹੋਂਦ ਅਤੇ ਸਿੱਖ ਪੰਥ ਦੀ ਨਿਆਰੀ ਹਸਤੀ ਕਾਇਮ ਕਰਨ ਵਿਚ ਸਫਲ ਨਾ ਹੋ ਸਕੇ।

ਸਿੱਖ ਪੰਥ ਵਿਚ ਆਈ ਜਾਗਰਤੀ ਦਾ ਦੂਜਾ ਪੜਾਅ 1978 ਦੀ ਵਿਸਾਖੀ ਤੋਂ ਲੈ ਕੇ ਕਰੀਬ 1995 ਤੱਕ ਚਲੇ ਸਿੱਖ ਸੰਘਰਸ਼ ਦਾ ਸਮਾਂ ਹੈ। 1978 ਦੀ ਖ਼ੂਨੀ ਵਿਸਾਖੀ ਮੌਕੇ ਅੰਮ੍ਰਿਤਸਰ ਵਿਖੇ 13 ਸਿੰਘਾਂ ਦੇ ਹੋਏ ਕਤਲਾਂ ਦੇ ਜ਼ਿੰਮੇਵਾਰ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਆਰੰਭ ਹੋਇਆ ਸੰਘਰਸ਼, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਨੂੰ ਮੰਨਵਾਉਣ ਲਈ ਲੱਗੇ ਧਰਮ ਯੁੱਧ ਮੋਰਚੇ ਤੋਂ ਹੁੰਦਾ ਹੋਇਆ ਜੂਨ 984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਤਕ ਪਹੁੰਚਿਆ। ਇਸ ਤੋਂ ਬਾਅਦ ਜੋ ਕੁਝ ਵਾਪਰਿਆ ਉਸ ਤੋਂ ਸਾਰਾ ਸਿੱਖ ਪੰਥ ਜਾਣੂ ਹੈ। ਭਾਵੇਂ ਇਸ ਸਾਰੇ ਸੰਘਰਸ਼ ਦੌਰਾਨ ਸਿੱਖ ਪੰਥ ਨੇ ਸਿਧਾਂਤਕ ਸੋਝੀ ਪ੍ਰਾਪਤ ਕਰਨ ਪੱਖੋਂ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਪਰ ਬਦਕਿਸਮਤੀ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਵਾਂਗ ਅਜੋਕੇ ਮੁਗ਼ਲਾਂ ਦੀ ਸ਼ਹਿ ਨਾਲ ਮਾਨਸਿਕ ਤੌਰ ਉੱਤੇ ਬਿਮਾਰ ਸਿੱਖਾਂ ਦੇ ਇਕ ਵਰਗ ਨੇ ਸੁਰਜੀਤ ਸਿੰਘ ਬਰਨਾਲਾ ਤੇ ਪ੍ਰਕਾਸ਼ ਸਿੰਘ ਬਾਦਲ ਵਰਗਿਆਂ ਦੀ ਅਗਵਾਈ ਹੇਠ ਸਿੱਖ ਪੰਥ ਦੀ ਪਿੱਠ ਵਿਚ ਛੁਰਾ ਮਾਰ ਕੇ ਨਵਾਬੀਆਂ ਦੀ ਕੀਮਤ ਉੱਤੇ ਅਜੋਕੇ ਮੁਗ਼ਲਾਂ ਨਾਲ ਸਮਝੌਤਾ ਕਰ ਲਿਆ। ਇਹੀ ਜੁੰਡਲੀ ਅੱਜ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਅਤੇ ਕਰਵਾਉਣ ਵਾਲਿਆਂ ਦੇ ਕਟਹਿਰੇ ਵਿਚ ਖੜੀ ਹੈ।

ਅਜੋਕਾ ਸਿੱਖ ਪੰਥ ਲਗਪਗ ਦੁਨੀਆ ਭਰ ਵਿਚ ਫੈਲ ਚੁਕਾ ਹੈ। ਬਹੁਤ ਸਾਰੇ ਦੇਸਾਂ ਵਿਚ ਉਹ ਆਪਣੀ ਅਹਿਮ ਥਾਂ ਬਣਾਈ ਬੈਠਾ ਹੈ। ਉਨ੍ਹਾਂ ਨੂੰ ਦੇਸ ਦੇ ਸਮਾਜੀ ਅਤੇ ਰਾਜਸੀ ਤਾਣੇ-ਬਾਣੇ ਵਿਚ ਸਿੱਖ ਭਾਈਚਾਰੇ ਦੀ ਹੋਂਦ ਸਪਸ਼ਟ ਦਿਸਦੀ ਹੈ। ਭਾਵੇਂ ਉਹ ਸਿੱਖ ਸਿਧਾਂਤਾਂ ਦੇ ਨਿਆਰੇਪਣ ਨੂੰ ਪ੍ਰਗਟ ਕਰਨ ਤੋਂ ਊਣੇ ਰਹਿ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਨਿਆਰੀ ਸਿੱਖ ਹੋਂਦ ਨੂੰ ਜਤਾਇਆ ਹੈ। ਹੁਣ ਸਿੱਖਾਂ ਨੂੰ ਸਿਰਫ਼ ਪੰਜਾਬ ਤਕ ਸੀਮਤ ਕਰ ਕੇ ਵੇਖਣਾ ਜਾਇਜ਼ ਨਹੀਂ। ਭਾਵੇਂ ਮੂਰਤੀ-ਮਾਇਆ ਪੂਜ ਬਿਰਤੀ ਤੇ ਪੰਥ ਵਿਰੋਧੀ ਰਾਜਨੀਤੀ ਕਾਰਨ ਅਜੋਕੇ ਸਿੱਖਾਂ ਵਿਚ ਬਹੁਤ ਸਾਰੀਆਂ ਕਮਜ਼ੋਰੀਆਂ ਆਈਆਂ ਹਨ, ਉਨ੍ਹਾਂ ਦੀ ਚੇਤਨਾ ਤੇ ਮਨਾਂ ਉੱਤੇ ਇਕ ਵਾਰ ਫਿਰ ਕਰਮਕਾਂਡ ਅਤੇ ਵਿਖਾਵਾ ਭਾਰੂ ਹੋਇਆ ਹੈ ਪਰ ਇਨ੍ਹਾਂ ਸਾਰੀਆਂ ਕਮੀਆਂ ਦੇ ਬਾਵਜੂਦ ਆਪਣੀ ਸਿਦਕ ਦਿਲੀ, ਦ੍ਰਿੜਤਾ, ਮਿਹਨਤ ਅਤੇ ਸੇਵਾ ਭਾਵਨਾ ਨਾਲ ਸਿੱਖਾਂ ਨੇ ਸੰਸਾਰ ਭਰ ਵਿਚ ਬਹੁਤ ਸਾਰੀਆਂ ਮਲਾਂ ਵੀ ਮਾਰੀਆਂ ਹਨ। ਆਪਣੀ ਬਹੁਤ ਛੋਟੀ ਜਿਹੀ ਗਿਣਤੀ ਹੋਣ ਦੇ ਬਾਵਜੂਦ ਸਿੱਖ ਭਾਈਚਾਰਾ ਸੰਸਾਰ ਭਰ ਵਿਚ ਇਸ ਵੇਲੇ ਸਭ ਤੋਂ ਵਧੇਰੇ ਸਰਗਰਮ ਹੈ। ਸਿਧਾਂਤਕ ਘਾਟਾਂ ਨੂੰ ਦੂਰ ਕਰਦੇ ਹੋਏ ਸਿੱਖਾਂ ਨੂੰ ਆਪਣੀਆਂ ਇਨ੍ਹਾਂ ਪ੍ਰਾਪਤੀਆਂ ਤੋਂ ਆਰੰਭ ਕਰਨ ਦੀ ਲੋੜ ਹੈ।

ਇੱਥੇ ਇਕ ਗੱਲ ਹਮੇਸ਼ਾ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਸਿੱਖਾਂ ਦੀ ਤਾਕਤ ਦਾ ਅੰਦਾਜ਼ਾ ਉਨ੍ਹਾਂ ਦੇ ਸਿਰਾਂ ਦੀ ਗਿਣਤੀ ਤੋਂ ਨਹੀਂ ਲਾਇਆ ਜਾ ਸਕਦਾ ਬਲਕਿ ਸਿੱਖਾਂ ਦੀ ਤਾਕਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਤਮਿਕ ਗਿਆਨ ਤੇ ਸਿੱਖ ਇਤਿਹਾਸ ਹੈ, ਜਿਹੜਾ ਮਾੜੀਆਂ ਤੋਂ ਮਾੜੀਆਂ ਹਾਲਤਾਂ ਵਿਚ ਵੀ ਸਿੱਖ ਮਨਾਂ ਵਿਚ ਚੜਦੀ ਕਲਾ ਦਾ ਜਜ਼ਬਾ ਭਰੀ ਰੱਖਦਾ ਹੈ। ਗੁਰਮਤਿ ਅਜੋਕੇ ਯੁੱਗ ਦਾ ਧਰਮ ਹੈ। ਇਸ ਧਰਮ ਨੂੰ ਜਿਉਣਾ ਤੇ ਆਪਣੇ ਉੱਚੇ ਕਿਰਦਾਰ ਰਾਹੀਂ ਪ੍ਰਚਾਰਨਾ ਹੀ ਹਰੇਕ ਸਿੱਖ ਦਾ ਉਦੇਸ਼ ਹੋਣਾ ਚਾਹੀਦਾ ਹੈ। ਇਹ ਸਚਾਈ ਹੁਣ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਪੱਛਮੀ ਤਰਜ਼ ਦੀ ਜਮਹੂਰੀਅਤ (ਰਾਜ ਅਤੇ ਸਮਾਜ) ਦੇ ਦਿਨ ਪੁਗ ਗਏ ਹਨ। ਪੱਛਮੀ ਤਰਜ਼ ਦੀ ਜਮਹੂਰੀਅਤ ਲੜਖੜਾ ਰਹੀ ਹੈ। ਭਾਰਤ ਵਿਚ ਹਿੰਦੂ ਰਾਸ਼ਟਰ ਦੇ ਨਾਂ ਹੇਠ ਸਵਾ ਅਰਬ ਲੋਕਾਂ ਉੱਤੇ ਠੋਸੀ ਜਾ ਰਹੀ ਮੂਰਤੀ-ਮਾਇਆ ਪੂਜ (ਬਾਣੀਆਂ-ਬ੍ਰਾਹਮਣੀ) ਤਾਨਾਸ਼ਾਹੀ ਹੁਣ ਇਕ ਆਮ ਸਚਾਈ ਹੈ। ਜਿਸਦਾ ਸੇਕ ਕਸ਼ਮੀਰ ਦੇ 80 ਲੱਖ ਲੋਕ ਆਪਣੇ ਪਿੰਡਿਆਂ ਉੱਤੇ ਹੰਢਾ ਰਹੇ ਹਨ ਤੇ ਅਜਿਹਾ ਹੀ ਇਕ ਹਮਲਾ ਹੁਣ 'ਖੇਤੀ ਬਿਲਾਂ' ਦੇ ਰੂਪ ਵਿਚ ਪੰਜਾਬ ਉੱਤੇ ਹੋਇਆ ਹੈ। ਜੂਨ '84 ਤੋਂ ਬਾਅਦ ਬ੍ਰਾਹਮਣੀ ਹਾਕਮਾਂ ਦਾ ਪੰਜਾਬ ਅਤੇ ਸਿੱਖਾਂ ਉੱਤੇ ਇਹ ਦੂਜਾ ਵੱਡਾ ਹਮਲਾ ਹੈ।

ਮੌਜੂਦਾ ਅਖੌਤੀ ਜਮਹੂਰੀ ਰਾਜਸੀ ਤਾਣਾ-ਬਾਣਾ ਹੁਣ ਬਹੁਗਿਣਤੀ ਲੋਕਾਂ ਦੀ ਸੁਰੱਖਿਆ ਕਰਨ ਦੀ ਬਜਾਇ ਉਨ੍ਹਾਂ ਦੀ ਜਾਨ ਦਾ ਖੌਅ ਬਣਦਾ ਜਾ ਰਿਹਾ ਹੈ। ਅਜੋਕੇ ਸੰਸਾਰ ਨੂੰ ਕਿਸੇ ਨਵੀਂ ਕਿਸਮ ਦੀ ਜਮਹੂਰੀਅਤ ਅਤੇ ਨਵੀਂ ਕਿਸਮ ਦੇ ਰਾਜ-ਪ੍ਰਬੰਧ ਦੀ ਲੋੜ ਹੈ, ਜਿਹੜਾ ਰਾਜ-ਪ੍ਰਬੰਧ ਬਹੁਗਿਣਤੀ ਲੋਕਾਂ ਦੀਆਂ ਭੌਤਿਕ, ਜਜ਼ਬਾਤੀ ਅਤੇ ਆਤਮਿਕ ਲੋੜਾਂ ਦੀ ਪੂਰਤੀ ਕਰ ਸਕੇ। ਅਜੋਕੀ 'ਸਾਮਰਾਜੀ ਜਮਹੂਰੀਅਤ' ਨੇ ਨਿੱਜੀਕਰਨ ਦੀਆਂ ਭਾਵਨਾਵਾਂ ਨੂੰ ਜ਼ਰਬਾਂ ਦੇ ਕੇ ਹਰੇਕ ਮਨੁੱਖ ਨੂੰ ਸਮੁੱਚੇ ਭਾਈਚਾਰੇ ਨਾਲੋਂ ਤੋੜ ਦਿੱਤਾ ਹੈ। ਜਿਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਨਾ ਸਿਰਫ਼ ਮਨੁੱਖੀ ਅਤੇ ਪਰਿਵਾਰਕ ਰਿਸ਼ਤੇ ਜਹਿਰੀ ਹੋ ਗਏ ਹਨ ਸਗੋਂ ਸਮਾਜੀ ਰਿਸ਼ਤੇ ਪਹਿਲਾਂ ਨਾਲੋਂ ਵੀ ਤਿੜਕ ਗਏ ਹਨ। ਗੁਰਮਤਿ ਬ੍ਰਹਮਵਾਦੀ ਜਮਹੂਰੀਅਤ ਦੀ ਪੈਰੋਕਾਰ ਹੈ। ਗ਼ਰੀਬ ਅਤੇ ਮਜ਼ਲੂਮ ਪੱਖੀ ਰਾਜਨੀਤੀ ਦੀ ਅਗਵਾਈ ਹਮੇਸ਼ਾ ਆਤਮਿਕ ਗਿਆਨ ਕਰਦਾ ਹੈ। ਗੁਰਮਤਿ ਨੇ ਇਸੇ ਆਤਮਿਕ ਗਿਆਨ ਨੂੰ ਬ੍ਰਹਮ ਗਿਆਨ ਦਾ ਨਾਂ ਦਿੱਤਾ ਹੈ। ਇਹ ਬ੍ਰਹਮ ਗਿਆਨ ਹੀ ਅਸਲੀ ਜਮਹੂਰੀਅਤ ਦਾ ਆਤਮਿਕ ਤੇ ਮਾਨਸਿਕ ਆਧਾਰ ਹੈ। ਅੱਜ ਇਸ ਗਿਆਨ ਨੂੰ ਆਧਾਰ ਬਣਾ ਕੇ ਅਤੇ ਪੰਜਾਬ ਦੇ ਦੱਬੇ ਕੁਚਲੇ ਲੋਕਾਂ ਦੀ ਅਗਵਾਈ ਕਰਦਿਆਂ ਹੋਇਆ ਹੀ ਬ੍ਰਾਹਮਣੀ ਹੁਕਮਰਾਨਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ।

ਸਿੱਖੀ ਮਨੁੱਖਤਾ ਦੇ ਕਲਿਆਣ ਦਾ ਮਾਰਗ ਹੈ। ਸਿੱਖੀ ਗੁਰੂ ਗ੍ਰੰਥ ਸਾਹਿਬ ਦੀ ਜੀਵਨ ਜਾਚ ਹੈ। ਸਿੱਖੀ ਦਾ ਪ੍ਰਚਾਰ ਹੈ ਕਿ ਸ਼ਕਤੀ ਦੀ ਪੂਜਾ ਜਾਂ ਮਾਇਆਧਾਰੀ ਪ੍ਰਣਾਲੀ ਕਦੇ ਮਨੁੱਖੀ ਸੁਖ ਦੇ ਸਾਧਨ ਨਹੀਂ ਹੋ ਸਕਦੇ। 'ਹਥਹੁ ਦੇਹ' ਭਾਵ 'ਵੰਡ ਛਕਣ' ਜਾਂ ਮਾਇਆ-ਧਨ ਦੀ ਠੀਕ ਵੰਡ ਹੀ ਸੁਖ ਦਾ ਸਾਧਨ ਹੈ। ਸਭ ਲਈ ਉਸਾਰੂ ਕਿਰਤ, ਸਭ ਲਈ ਨਿਰਭੈ ਅਤੇ ਨਿਰਵੈਰ ਜੀਵਨ, ਸਭ ਲਈ ਆਤਮਿਕ ਆਜ਼ਾਦੀ ਦੀ ਸ਼ਰਤ ਅਤੇ ਸ਼ੁਭ ਸੁਖਾਵਾਂ ਵਤੀਰਾ ਹੀ ਸੁਖ ਤੇ ਸੰਪੂਰਨਤਾ ਦੇ ਮਾਰਗ ਹਨ। ਅਕਾਲ ਪੁਰਖ ਦੀ ਸਿੱਧੀ ਅਧੀਨਗੀ ਹੇਠ ਵਿਚਰਦਾ ਹੋਇਆ ਖ਼ਾਲਸਾ ਪੰਥ ਇਸ ਆਦਰਸ਼ ਸਮਾਜ ਦੀ ਸਿਰਜਣਾ ਦਾ ਜਾਮਨ ਹੈ। ਸਿੱਖੀ ਇਕ ਯੁੱਗ ਪਲਟਾਊ ਇਨਕਲਾਬ ਹੈ। ਖ਼ਾਲਸਾ ਪੰਥ ਇਸੇ ਤਰਜ਼ ਦੀ ਸੰਗਤੀ ਜਮਹੂਰੀਅਤ ਦਾ ਪੈਰੋਕਾਰ ਹੈ। ਕੀ ਬਣਨ ਵਾਲੀ ਨਵੀਂ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹਸਤੀ ਦੀ ਅਗਵਾਈ ਹੇਠ ਖ਼ਾਲਸਾ ਪੰਥ ਦੇ ਇਸ ਆਦਰਸ਼ ਲਈ ਸੰਘਰਸ਼ ਕਰ ਕੇ ਦੁਨੀਆ ਭਰ ਦੇ ਦੱਬੇ ਕੁਚਲੇ ਲੋਕਾਂ ਲਈ ਇਸ ਘੋਰ ਨਿਰਾਸ਼ਾ ਭਰੇ ਇਸ ਦੌਰ ਵਿਚ ਕੋਈ ਆਸ ਦੀ ਕਿਰਨ ਪੈਦਾ ਕਰੇਗੀ?

# ਪੁਰਾਤਨ ਪੰਜਾਬੀ ਗਾਇਕੀ ਉੱਤਮ ਕਲਾ ਦਾ ਨਮੂਨਾ ਸੀ

## ਅਜੋਕੇ ਫੁਕਰੇ ਗਾਇਕਾਂ ਨੇ ਪੰਜਾਬ ਨੂੰ ਡਰੱਗ ਤੇ ਗੈਂਗਸਟਰਾਂ ਦੇ ਲੜ ਲਗਾਇਆ

**- ਐਡਵੋਕੇਟ ਰਵਿੰਦਰ ਸਿੰਘ**

ਸੰਗੀਤ ਮਨੁੱਖ ਦੀ ਮਹਾਨ ਖੋਜ ਤੇ ਉੱਤਮ ਕਲਾ ਹੈ । ਇਕ ਸੁਰਬੱਧ ਤੇ ਸਹਿਜ ਭਰਿਆ ਸੰਗੀਤ ਦਿਮਾਗ਼ੀ ਬੋਝ ਹਲਕਾ ਕਰਦਾ ਹੈ। ਇਸ ਰਾਹੀਂ ਅਸੀਂ ਆਪਣੀ ਮਨੋਭਾਵਨਾ ਨੂੰ ਬਿਨਾਂ ਬੋਲੇ ਉਜਾਗਰ ਕਰ ਸਕਦੇ ਹਾਂ। ਮਨੋਵਿਗਿਆਨੀਆਂ ਅਨੁਸਾਰ ਕੋਈ ਵੀ ਚੰਗੇ-ਮਾੜੇ ਸ਼ਬਦ ਨੂੰ ਵਾਰ-ਵਾਰ ਸੁਣਨ ਨਾਲ ਦਿਮਾਗ਼ੀ ਤਰੰਗਾਂ ਦਾ ਝੁਕਾਓ ਉਸ ਪਾਸੇ ਜਾਂਦਾ ਹੈ। ਅਜਿਹਾ ਪ੍ਰਭਾਵ ਬੱਚੇ ਤੇ ਨੌਜਵਾਨ ਜਲਦੀ ਕਬੂਲਦੇ ਹਨ। ਇਸੇ ਲਈ ਸੰਗੀਤ ਨਾਲ ਜੁੜਿਆ ਹਰ ਗਾਇਕ, ਗੀਤਕਾਰ, ਸਾਜੀ, ਕੰਪਨੀ ਤੇ ਸਰੋਤੇ ਸਭ ਮਹੱਤਵਪੂਰਨ ਹਨ, ਜਿਹੜੇ ਦੁਨੀਆ ਵਿਚ ਆਪਣੇ ਸੱਭਿਆਚਾਰ ਜਾਂ ਕਲਾ ਨੂੰ ਪ੍ਰਫੁੱਲਿਤ ਕਰਦੇ ਹਨ। ਪਰ ਮੌਜੂਦਾ ਦੌਰ ਦਾ ਪੰਜਾਬੀ ਸੰਗੀਤ ਸਾਂਝ, ਸਕੂਨ ਤੇ ਸੱਭਿਆਚਾਰ ਦੀ ਕਸਵੱਟੀ 'ਤੇ ਖਰਾ ਨਹੀਂ ਉਤਰ ਰਿਹਾ।

ਡਿਜੀਟਲ ਦੁਨੀਆ ਤੇ ਦੌਲਤ ਦੀ ਦੌੜ ਨੇ ਇਸ ਦੇ ਮਕਸਦ ਬਦਲ ਦਿੱਤੇ ਹਨ। ਉਹ ਵੀ ਸਮਾਂ ਸੀ ਜਦੋਂ ਆਵਾਜ਼ ਤੋਂ ਗਾਇਕ ਦੀ ਪਹਿਚਾਣ ਹੁੰਦੀ ਸੀ। ਉਨਾਂ ਦੇ ਗਾਣਿਆਂ ਨੂੰ ਸੁਣਨ ਲੋਕ ਮੀਲਾਂ ਦਾ ਪੈਂਡਾ ਪੈਦਲ ਹੀ ਤੈਅ ਕਰ ਲੈਂਦੇ ਸਨ। ਰੰਗ ਬਰੰਗੀਆਂ ਕਨਾਤਾਂ, ਝੰਡੀਆਂ ਤੇ ਸ਼ਾਮਿਆਨੇ ਹੇਠ ਘੜੇ, ਚਿਮਟਾ, ਢੋਲਕੀ ਤੇ ਹਰਮੋਨੀਅਮ ਨਾਲ ਸਟੇਜ ਸਜਾਈ ਜਾਂਦੀ। ਆਸਾ ਸਿੰਘ ਮਸਤਾਨਾ ਵਰਗੇ ਸੁਰੀਲੇ ਗਾਇਕ, 'ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ, 'ਚਰਖੀ ਦੇ ਸ਼ੌਕ ਕੱਤ ਲਈਆਂ ਪੂਣੀਆਂ' ਦੇ ਬੋਲਾਂ ਰਾਹੀਂ ਪੰਜਾਬੀ ਮੁਟਿਆਰ ਦੀ ਮਿਹਨਤ, ਸੀਰਤ ਤੇ ਰਿਸ਼ਤੇ ਨਿਭਾਉਣ ਵਾਲੇ ਸੰਸਕਾਰਾਂ ਦੀ ਹਾਮੀ ਭਰਦੇ। ਪੁਰਾਣੇ ਵੇਲੇ ਦੇ ਗਾਇਕਾਂ ਦੇ ਸਾਦ-ਮੁਰਾਦੇ ਪਹਿਰਾਵੇ ਤੇ ਗਾਏ ਗੀਤ ਲੋਕ ਅੱਜ ਵੀ ਚੇਤੇ ਕਰਦੇ ਹਨ। ਇਹ ਗੀਤ ਸੁਣਨ ਲੱਗਿਆਂ ਅਕਾਊ ਨਹੀਂ, ਸਗੋਂ ਦਿਲ ਨੂੰ ਟੁੰਬਦੇ ਹਨ। ਅਜੋਕੀ ਪੀੜੀ ਦੇ ਗਾਇਕਾਂ ਵਾਂਗ ਦਿਖਾਵੇ ਲਈ ਸਾਜੀਆਂ ਦੀ ਡਾਰ ਨਹੀਂ ਸੀ ਹੁੰਦੀ। ਸਗੋਂ ਰਿਆਜ਼ ਕਰ ਕੇ ਸੋਧੀ ਆਵਾਜ਼ ਨਾਲ ਰਸੀਲੇ ਤੇ ਮਨੋਰੰਜਨਦਾਇਕ ਅਖਾੜੇ ਲਾਉਂਦੇ ਸਨ। ਸੀ.ਡੀ. ਦੇ ਗਾਣੇ ਚਲਾ ਕੇ ਸ਼ੋਅ ਲਾਉਣੇ ਨਵਯੁਗ ਤੇ ਮੌਸਮੀ ਗਾਇਕਾਂ ਦੀ ਖੋਜ ਹੈ। ਲਾਲ ਚੰਦ ਯਮਲਾ ਜੱਟ ਤੂੰਬੀ ਨੂੰ ਸਾਜ਼ ਵਜੋਂ ਮਾਨਤਾ ਦਿਵਾਉਣ ਵਾਲਾ ਗਾਇਕ ਸੀ, ਜੋ ਆਪਣੇ ਅਖਾੜੇ ਵਿਚ ਤੂੰਬੀ ਨਾਲ ਗਾ ਕੇ ਨਾਲ ਹੀ ਸਰੋਤਿਆਂ ਨੂੰ ਬੰਨੀ ਰੱਖਦਾ ਸੀ। ਲੋਈ ਦੀ ਬੁੱਕਲ ਮਾਰ ਕੇ ਤੂੰਬੀ ਦੀ ਤੁਣਕ-ਤੁਣਕ ਨਾਲ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਜਾਂ 'ਤੂੰ ਮੇਰੀ ਮੈਂ ਤੇਰਾ, ਭੁਲ ਨਾ ਜਾਵੀ ਵੇ' ਵਰਗੇ ਗੀਤਾਂ ਦੀ ਝੜੀ ਲਾ ਦਿੰਦਾ। ਅਜਿਹੇ ਸੰਗੀਤਮਈ ਰੰਗ ਵਿਚ ਰੰਗੇ ਲੋਕ ਘਰ ਜਾਣਾ ਦੂਰ ਤੇ ਧੁੱਪਾਂ-ਛਾਵਾਂ ਵੀ ਭੁੱਲ ਜਾਂਦੇ।

ਪੰਜਾਬੀ ਗਾਇਕੀ ਨੂੰ ਸੰਗੀਤ ਪ੍ਰੇਮੀ ਰੀਝ ਨਾਲ ਸੁਣਦੇ ਸਨ। ਉਂਜ ਸ਼ਾਇਦ ਹੀ ਕੋਈ ਦੂਜੀ ਖੇਤਰੀ ਭਾਸ਼ਾ ਜਾਂ ਰਾਜ ਹੋਵੇ ਜਿਸ ਦੇ ਗਾਇਕ ਭਾਰਤ ਤੇ ਵਿਦੇਸ਼ਾਂ ਵਿਚ ਲਗਾਤਾਰ 7-8 ਦਹਾਕਿਆਂ ਤੋਂ ਅਖਾੜੇ ਲਾਉਂਦੇ ਹੋਣ। 70 ਵਿਆਂ ਤੋਂ ਬਾਅਦ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਅਮਰ ਚਮਕੀਲਾ ਤੇ ਸਦੀਕ ਵਰਗੇ ਗਾਇਕਾਂ ਦਾ ਸੁਨਹਿਰੀ ਯੁੱਗ ਸੀ ਜਿਹੜੇ ਪਹਿਲੀ ਕਤਾਰ ਦੇ ਗਵੱਈਏ ਸਨ, ਜਿਨਾਂ ਨੂੰ ਲੋਕਾਂ ਨੇ ਖ਼ੂਬ ਸੁਣਿਆ ਤੇ ਸਲਾਹਿਆ। ਪਰ ਉਸ ਸਮੇਂ ਦੂਹਰੀ ਸ਼ਬਦਾਵਲੀ ਨੂੰ ਲੋਕ ਨਕਾਰਦੇ ਵੀ ਰਹੇ। ਇਸੇ ਲਈ ਕੁਝ ਗਾਇਕਾਂ ਦੇ ਗੀਤ ਟਰੱਕਾਂ, ਮੋਟਰਾਂ, ਟ੍ਰੈਕਟਰਾਂ, ਕਾਰਾਂ ਆਦਿ ਜਾਂ ਛੜਿਆਂ ਦੀਆਂ ਢਾਣੀਆਂ ਤੱਕ ਸੀਮਤ ਰਹੇ। ਇਹ ਜੁਅੱਰਤ ਅੱਜ ਦੇ ਸਰੋਤਿਆਂ ਵਿਚ ਘੱਟ ਹੈ। ਗਾਇਕਾਂ ਨੇ ਪੰਜਾਬੀਅਤ ਨਾਲ ਜੁੜੇ ਜੁਝਾਰੂ ਯੋਧਿਆਂ ਦੀਆਂ ਵਾਰਾਂ, ਕਿੱਸੇ ਤੇ ਲੋਕ ਕਥਾਵਾਂ ਨੂੰ ਦੁਨੀਆ ਵਿਚ ਵੀ ਪਹੁੰਚਾਇਆ। ਫਿਰ ਭਾਵੇਂ ਉਹ ਸੁਰਿੰਦਰ ਛਿੰਦੇ ਦਾ ਗਾਇਆ ਦੁੱਲਾ ਭੱਟੀ ਜਾਂ ਲੰਮੀ ਹੇਕ ਨਾਲ ਮਾਣਕ ਦੀਆਂ ਗਾਈਆਂ ਕਲੀਆਂ ਜਾਂ ਬਾਬਾ ਬੰਦਾ ਸਿੰਘ ਬਹਾਦੁਰ ਦੀ ਵਾਰ 'ਲੈ ਕੇ ਕਲਗ਼ੀਧਰ ਤੋਂ ਥਾਪੜਾ ਦਿੱਤਾ ਚਰਨੀਂ ਸੀਸ ਨਿਵਾ' ਹੋਵੇ, ਇਹ ਅੱਜ ਵੀ ਸੁਣਨਾ ਪਸੰਦ ਕਰਦੇ ਹਨ। ਅਜਿਹਾ ਸੰਗੀਤ ਸਦੀਵੀ ਸਾਂਝ ਦਾ ਪ੍ਰਤੀਕ ਹੋ ਨਿੱਬੜਿਆ ।

ਉਸ ਦੌਰ ਦੀਆਂ ਗਾਇਕਾਵਾਂ ਨੇ ਆਪਣਾ ਚੋਖਾ ਯੋਗਦਾਨ ਪਾਇਆ। ਅੱਜ ਵੀ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਨਰਿੰਦਰ ਬੀਬਾ ਤੇ ਡੋਲੀ ਗਲੇਰੀਆ ਦੇ ਗੀਤ ਵਿਆਹ ਮੌਕੇ ਗੂੰਜਦੇ ਹਨ, ਜਿਨਾਂ ਵਿਚ ਦਿਓਰ, ਭਾਬੀਆਂ, ਭੈਣਾਂ ਜਾਂ ਮਾਵਾਂ ਤੇ ਧੀਆਂ ਦੇ ਦੁੱਖ-ਸੁੱਖ ਦੀ ਬਾਤ ਪਾਉਂਦੇ ਗੀਤ ਸ਼ਾਮਿਲ ਹਨ। ਵਿਹੜੇ ਦੀ ਰੌਣਕ ਧੀ ਦੇ ਵਿਆਹ ਦੀ ਵਿਦਾਇਗੀ ਸਮੇਂ ਦਾ ਨਰਿੰਦਰ ਬੀਬਾ ਨੇ ਆਪਣੇ ਗੀਤ, 'ਆਹ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ' ਅਤੇ ਪ੍ਰਕਾਸ਼ ਕੌਰ ਨੇ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ' ਵਿਚ ਨਿੱਘੇ ਰਿਸ਼ਤਿਆਂ ਦਾ ਬਾਖ਼ੂਬੀ ਦ੍ਰਿਸ਼ ਚਿਤਰਿਆ ਹੈ। ਹੁਣ ਤਾਂ ਹੋਛੀ ਗੀਤਕਾਰੀ ਨੂੰ ਫੈਲਾਉਣ ਵਿਚ ਨਵੀਆਂ ਗਾਇਕਾਵਾਂ ਵੀ ਚੜਦੀ ਉਮਰੇ ਪਟਾਕੇ ਪਾਉਣ ਜਾਂ ਅੱਠ ਪਰਚਿਆਂ ਦੀ ਗਿਣਤੀ ਵਿਚ ਉਲਝ ਕੇ ਰਹਿ ਗਈਆਂ ਹਨ।

90ਵੇਂ ਤੋਂ ਬਾਅਦ ਪੰਜਾਬੀ ਸੰਗੀਤ ਦਾ ਮੁੰਬਈ ਫ਼ਿਲਮ ਇੰਡਸਟਰੀ ਵਿਚ ਵੀ ਖ਼ੂਬ ਬੋਲ-ਬੋਲਾ ਰਿਹਾ ਹੈ। ਸੁਖਵਿੰਦਰ ਸੁੱਖੀ, ਦਲੇਰ ਮਹਿੰਦੀ, ਗੁਰਦਾਸ ਮਾਨ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਜਸਵੀਰ ਜੱਸੀ ਨੇ ਵੀ ਹਿੰਦੀ ਫ਼ਿਲਮਾਂ ਵਿਚ ਚੰਗਾ ਜਸ ਖੱਟਿਆ ਹੈ। ਹਿੰਦੀ ਫ਼ਿਲਮਸਾਜ਼ ਪੰਜਾਬੀ ਗਾਣਾ ਫ਼ਿਲਮ ਵਿਚ ਪਾਉਣਾ ਜ਼ਰੂਰੀ ਸਮਝਣ ਲੱਗੇ। ਅੱਜ ਵੀ ਦਲਜੀਤ ਦੁਸਾਂਝ, ਜੱਸੀ ਗਿੱਲ ਤੇ ਕੁਝ ਹੋਰ ਪੰਜਾਬੀ ਗਾਇਕ ਵੀ ਚੰਗਾ ਕੰਮ ਕਰ ਰਹੇ ਹਨ। ਪਰ ਅੱਜਕੱਲ ਪੰਜਾਬੀ ਗੀਤਾਂ ਵਿਚ ਤਾਂ ਮਹਿੰਗੀਆਂ ਕਾਰਾਂ, ਨਸ਼ੇ , ਗੈਂਗਵਾਰ ਤੇ ਹਥਿਆਰ ਹੀ ਨਜ਼ਰ ਆਉਂਦੇ ਹਨ, ਜਿਸ ਨੂੰ ਰੋਕਣ ਲਈ ਅਦਾਲਤਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਉਂਜ ਗੁਰਦਾਸ ਮਾਨ ਦੇ ਗਾਏ 'ਘੱਗਰੇ ਵੀ ਗਏ' ਤੇ 'ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ' ਗਾਣੇ ਵਾਕਿਆ ਹੀ ਕਲੀਆਂ ਤੇ ਰਵਾਇਤੀ ਪੁਸ਼ਾਕਾਂ ਦਾ ਅੰਤਿਮ ਦੌਰ ਹੋ ਗਿਆ ਹੈ। ਮਾਨ ਭਰਾਵਾਂ ਦੀ ਸਤਰੰਗੀ ਪੀਂਘ ਨੇ ਜ਼ਰੂਰ ਕੁਝ ਕਵੀਸ਼ਰੀ ਵਾਲੇ ਸੰਗੀਤਕ ਹੁਲਾਰੇ ਦਿੱਤੇ। ਫਿਰ ਕਾਲਜੀਏਟ ਲਾਈਫ਼, ਅੱਲੜ ਉਮਰ ਦੇ ਪ੍ਰੇਮ ਤੇ ਵਿਆਹ ਦੇ ਵਿਛੋੜੇ ਵਾਲੇ ਗੀਤਾਂ ਨੇ ਵੀ ਕਈਆਂ ਨੂੰ ਸਟਾਰ ਬਣਾਇਆ, ਜੋ ਮਨੋਰੰਜਨ ਤੱਕ ਹੀ ਸੀਮਤ ਰਹੇ। ਪਰ ਲੋਕਾਂ ਦੇ ਦਿਲ ਵਿਚ ਨਾ ਵੱਸ ਸਕੇ। ਵਿਰਸੇ ਦੇ ਮੁਰੀਦ ਗਾਇਕ ਪੰਮੀ ਬਾਈ, ਵਾਰਿਸ ਭਰਾ, ਹਰਭਜਨ ਮਾਨ, ਸਰਬਜੀਤ ਚੀਮਾ, ਬਿੰਦਰਖੀਆ, ਮਲਕੀਤ, ਸੁਰਜੀਤ ਖਾਨ ਨੇ ਨਿਰੋਈ ਗਾਇਕੀ ਦਾ ਪੱਲਾ ਨਹੀਂ ਛੱਡਿਆ, ਇਨਾਂ ਦੀ ਗਾਇਕੀ ਨੇ ਪੰਜਾਬੀ ਬੋਲੀ, ਪਹਿਰਾਵਾ, ਗਿੱਧਾ, ਭੰਗੜੇ ਵਰਗੇ ਵਿਰਸੇ ਦੇ ਪਹਿਲੂਆਂ ਨੂੰ ਦੁਨੀਆ ਵਿਚ ਪਹੁੰਚਾਇਆ।



ਪਿਛਲੇ ਦਹਾਕੇ ਤੋਂ ਪੰਜਾਬੀ ਗਾਇਕੀ ਤੇ ਗੀਤਕਾਰੀ ਵਿਚ ਆਈ ਗਿਰਾਵਟ ਨਾਲ ਪੰਜਾਬੀਅਤ ਦਾ ਚਿਹਰਾ ਵੀ ਧੁੰਦਲਾ ਹੋਇਆ ਹੈ। ਬਾਕੀ ਕਸਰ ਸ਼ੋਰ-ਨੁਮਾ ਸੰਗੀਤ ਤੇ ਅੰਗਰੇਜ਼ੀ ਰੈਂਪ ਨੇ ਕੱਢ ਦਿੱਤੀ। ਗਾਣਿਆਂ ਵਿਚ ਮਹਿੰਗੀਆਂ ਗੱਡੀਆਂ ਦੇ ਨਾਲ ਔਰਤ ਮਾਡਲ ਨੂੰ ਨੁਮਾਇਸ਼ ਦੀ ਵਸਤੂ ਵਾਂਗ ਪੇਸ਼ ਕੀਤਾ ਜਾਣ ਲੱਗਾ। ਗੀਤ ਦੇ ਫ਼ਿਲਮਾਂਕਣ ਵਿਚ ਹਥਿਆਰ ਤੇ ਨਸ਼ੇ ਗਾਇਕ ਨਾਲੋਂ ਵੱਧ ਸਮੇਂ ਦਿਖਾਈ ਦਿੰਦੇ ਹਨ। ਗੀਤਕਾਰੀ ਅਸਲੀਅਤ ਤੋਂ ਕੋਹਾਂ ਦੂਰ ਹੈ। ਕਰਜ਼ੇ ਤੇ ਖੇਤੀ ਮੰਦਹਾਲੀ ਕਾਰਨ ਕਿਸਾਨ ਜ਼ਮੀਨਹੀਣ ਹੋ ਰਹੇ ਹਨ। ਗੀਤਕਾਰ ਉਨਾਂ ਨੂੰ ਦੇਸੀ ਬਾਣੇ ਪਹਿਨਾ ਕਲੱਬਾਂ, ਲਗਜ਼ਰੀ ਗੱਡੀਆਂ ਤੇ ਗੈਂਗਸਟਰ ਬਣਾ ਕੇ ਦਿਖਾਉਣ ਵਿਚ ਮਸਰੂਫ਼ ਹਨ। ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਇਸ ਨੂੰ ਸਸਤੀ ਸ਼ੋਹਰਤ ਤੇ ਘੱਟ ਮਿਹਨਤ ਦਾ ਕੰਮ ਸਮਝਣ ਲੱਗੇ ਹੋਏ ਹਨ। 'ਲਿਖਣ ਤੋਂ ਪਹਿਲਾਂ ਪੜਨਾ (ਘੋਖਣਾ), ਗਾਉਣ ਤੋਂ ਪਹਿਲਾਂ ਸਮਝਣਾ' ਵਰਗੇ ਸਹਾਈ ਤੱਥ ਬੀਤੇ ਦੀਆਂ ਗੱਲਾਂ ਰਹਿ ਗਈਆਂ ਹਨ। ਕਲਾਕਾਰਾਂ ਨੂੰ ਲੋਕਾਂ ਦੀ ਆਵਾਜ਼ ਆਖਦੇ ਹਨ, ਜਿਸ ਵਿਚ ਆਪਣੀ ਲੋਕਾਈ ਦੀਆਂ ਖ਼ੁਸ਼ੀਆਂ, ਗ਼ਮੀਆਂ ਤੇ ਸਮਾਜਿਕ ਸਰੋਕਾਰਾਂ ਦਾ ਤਰਜਮਾ ਹੁੰਦਾ ਹੈ। ਸੱਭਿਆਚਾਰ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਕੀ ਅਸੀਂ ਆਪਣੇ ਬੱਚਿਆਂ ਲਈ ਅਜਿਹਾ ਸੱਭਿਆਚਾਰ ਛੱਡ ਕੇ ਜਾਵਾਂਗੇ ਜੋ ਉਨਾਂ ਨੂੰ ਟੋਚਨਾਂ, ਨਸ਼ੇ ਤੇ ਹਥਿਆਰਾਂ ਦੇ ਸ਼ੌਕ ਬਾਰੇ ਦੱਸੇਗਾ। ਜਿਹੜੀ ਧਰਤੀ ਗੁਰੂਆਂ, ਪੀਰਾਂ, ਊਧਮ ਸਿੰਘ ਤੇ ਭਗਤ ਸਿੰਘ ਵਰਗਿਆਂ ਯੋਧਿਆਂ ਦੀ ਹੈ, ਲੋਕ ਪੰਜਾਬੀ ਹੋਣ ਦਾ ਮਾਣ ਕਰਦੇ ਹਨ ਪਰ ਗਾਇਕੀ 'ਚ ਪ੍ਰਦੂਸ਼ਣ ਦੇ ਕਾਰਨ ਇਸ ਦਾ ਉਲਟਾ ਪ੍ਰਭਾਵ ਪੈ ਰਿਹਾ ਹੈ। ਇਸ ਡੰਗ ਟਪਾਊ ਤੇ ਘੱਟ ਉਮਰੀ ਗਾਇਕੀ ਤੋਂ ਕਿਨਾਰਾ ਕਰਨਾ ਜ਼ਰੂਰੀ ਹੈ।

ਸਤਿੰਦਰ ਸਰਤਾਜ, ਪ੍ਰਭ ਗਿੱਲ ਤੇ ਉਨਾਂ ਗਾਇਕਾਂ ਤੇ ਗੀਤਕਾਰਾਂ ਨੂੰ ਸਜਦਾ ਕਰਨਾ ਬਣਦਾ ਹੈ, ਜੋ ਸਮਾਜਿਕ ਮਰਿਆਦਾ ਵਿਚ ਰਹਿ ਕੇ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ। ਆਓ, ਸਭ ਮਿਲ ਕੇ ਦੁਬਾਰਾ ਗਾਇਕੀ ਦੇ ਸੁਨਹਿਰੀ ਯੁੱਗ ਲਈ ਹੰਭਲਾ ਮਾਰੀਏ ਤਾਂ ਕਿ ਦੌਲਤ ਦੇ ਅੰਬਾਰ ਵਿਚ ਗੁਆਚੀ ਗਾਇਕੀ ਮੁੜ ਪੰਜਾਬੀਆਂ ਦੀ ਆਨ, ਬਾਨ ਤੇ ਸ਼ਾਨ ਬਹਾਲ ਕਰ ਸਕੇ।






# ਭਾਰਤ ਦੇਸ਼ ਦੀ ਦਸ਼ਾ ਅਤੇ ਭਾਰਤੀ ਹਕੂਮਤ ਦੀ ਦਿਸ਼ਾ ਕਿਧਰ ਨੂੰ ?

## ✪ ਭਾਰਤ 'ਚ ਕੋਵਿਡ ਨਾਲੋਂ ਹੋਰ ਬਿਮਾਰੀਆਂ ਕਾਰਨ ਭਾਰਤੀ ਜ਼ਿਆਦਾ ਮਰੇ ✪ ਸਿਹਤ ਸਹੂਲਤਾਂ ਦੀ ਕਮੀ ਨੇ ਭਾਰਤੀਆਂ ਦਾ ਨੁਕਸਾਨ ਕੀਤਾ ✪ ਕੋਵਿਡ ਕਾਰਨ 40 ਕਰੋੜ ਭਾਰਤੀ ਪਹਿਲਾਂ ਨਾਲੋਂ ਵੱਧ ਗ਼ਰੀਬ ਹੋਏ ਅਤੇ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ



- ਗੁਰਮੀਤ ਸਿੰਘ ਪਲਾਹੀ
9815802070

ਅਡਾਨੀਆਂ, ਅੰਬਾਨੀਆਂ ਦੀ ਸਰਪ੍ਰਸਤੀ ਨਾਲ ਚੱਲ ਰਹੀ ਮੌਜੂਦਾ ਹਕੂਮਤ ਵੇਲੇ ਭਾਰਤ ਦੇਸ਼ ਦੀ ਦਸ਼ਾ ਲਗਾਤਾਰ ਵਿਗੜ ਰਹੀ ਹੈ। ਇਹ ਵਿਗਾੜ ਆਰਥਿਕ ਵੀ ਹੈ ਅਤੇ ਆਰਥਿਕ ਪਾੜੇ ਦਾ ਵੀ ਹੈ। ਇਹ ਵਿਗਾੜ ਸਮਾਜਿਕ ਵੀ ਹੈ ਅਤੇ ਸਮਾਜਿਕ ਪਾੜੇ ਦਾ ਵੀ ਹੈ। ਇਹ ਵਿਗਾੜ ਸਿਆਸੀ ਵੀ ਹੈ ਅਤੇ ਸਿਆਸੀ ਸੰਕਟ ਦਾ ਵੀ ਹੈ। ਉੱਪਰੋਂ-ਉੱਪਰੋਂ ਤਾਂ ਦੇਸ਼ ਦੀ ਦਸ਼ਾ, ਸੁੱਖੀ-ਸਾਂਦੀ, ਸੁਖਾਵੀਂ ਚਮਕਦਾਰ ਜਾਪਦੀ ਹੈ ਪਰ ਆਰਥਿਕ, ਸਮਾਜਿਕ ਅਤੇ ਸਿਆਸੀ ਤੌਰ 'ਤੇ ਖੋਖਲੀ ਹੋਈ ਪਈ ਹੈ।

ਪਹਿਲਾਂ ਗੱਲ ਅੰਕੜਿਆਂ ਨਾਲ ਕਰ ਲੈਂਦੇ ਹਾਂ। ਲੱਖ ਅਸੀਂ ਕਹਿੰਦੇ ਫਿਰੀਏ ਕਿ ਭਾਰਤ ਦੇਸ਼ ਦੇ ਜਾਨ-ਮਾਲ ਨੂੰ ਕੋਵਿਡ-19 ਨੇ ਓਨਾ ਨੁਕਸਾਨ ਨਹੀਂ ਪਹੁੰਚਾਇਆ, ਜਿੰਨਾ ਅਮਰੀਕਾ ਵਰਗੇ ਦੇਸ਼ ਦੇ ਜਾਨ-ਮਾਲ ਨੂੰ ਕੋਵਿਡ-19 ਨੇ ਪਹੁੰਚਾਇਆ ਹੈ, ਪਰ ਅਸਲ ਸਚਾਈ ਇਹ ਹੈ ਕਿ ਕੋਵਿਡ-19 ਕਾਰਨ ਸਿੱਧੇ ਤੌਰ 'ਤੇ ਭਾਵੇਂ ਭਾਰਤੀ ਘੱਟ ਮਰੇ ਹੋਣ ਪਰ ਕੋਵਿਡ-19 ਨੇ ਭਾਰਤ ਵਿਚ ਹੋਰ ਬਿਮਾਰੀਆਂ ਨਾਲ ਬਿਮਾਰ ਭਾਰਤੀਆਂ ਨੂੰ ਸਿਹਤ ਸਹੂਲਤਾਂ ਦੀ ਕਮੀ ਅਤੇ ਸਿਰਫ਼ ਤੇ ਸਿਰਫ਼ ਕੋਵਿਡ 'ਚ ਰੁੱਝੇ ਹੋਣ ਕਾਰਨ ਜ਼ਿਆਦਾ ਮਾਰਿਆ ਹੈ। ਇਸ ਸਬੰਧੀ ਅੰਕੜੇ ਮੂੰਹੋਂ ਬੋਲਦੇ ਹਨ।

ਦੇਸ਼ ਵਿਚ ਕੋਵਿਡ ਕਾਰਨ ਮਰਨ ਵਾਲਿਆਂ ਦੀ ਗਿਣਤੀ 30 ਜਨਵਰੀ, 2020 ਤੋਂ ਹੁਣ ਤੱਕ 1,33,227 ਹੈ। ਜਦ ਕਿ ਸੜਕੀ ਦੁਰਘਟਨਾਵਾਂ ਕਾਰਨ ਹਰ ਰੋਜ਼ 500 ਵਿਅਕਤੀ ਮਰਦੇ ਹਨ, 12000 ਵਿਅਕਤੀ ਹਰ ਦਿਨ ਟੀ.ਬੀ. (ਤਪਦਿਕ) ਨਾਲ ਅਤੇ 2000 ਵਿਅਕਤੀ ਹਰ ਰੋਜ਼ ਦਿਲ ਦੇ ਦੌਰਿਆਂ ਅਤੇ ਸਾਹ ਦੇ ਰੋਗਾਂ ਨਾਲ ਮਰਦੇ ਹਨ, ਡਬਲਯੂ.ਐਚ.ਓ. ਦੀ ਰਿਪੋਰਟ ਕਹਿੰਦੀ ਹੈ ਕਿ ਹਰ ਸਾਲ 15.4 ਲੱਖ ਦਿਲ ਦੇ ਦੌਰਿਆਂ, 7.8 ਲੱਖ ਕੈਂਸਰ ਕਾਰਨ, 7.2 ਲੱਖ ਹੈਜ਼ਾ (ਟੱਟੀਆਂ-ਉਲਟੀਆਂ), 5.1 ਲੱਖ ਸਾਹ ਦੇ ਰੋਗਾਂ ਅਤੇ 4.5 ਲੱਖ ਟੀ.ਬੀ. ਨਾਲ ਭਾਰਤੀ ਨਾਗਰਿਕ ਮਰ ਜਾਂਦੇ ਹਨ। ਬਿਲਕੁਲ ਉਸੇ ਤਰਾਂ ਕਿ ਕੋਵਿਡ-19 ਕਾਰਨ ਸਿੱਧੇ ਤੌਰ 'ਤੇ ਦੇਸ਼ ਦੀ ਆਰਥਿਕਤਾ ਨੂੰ ਘੱਟ ਖੋਰਾ ਲੱਗਿਆ ਹੋਵੇ, ਪਰ ਉਸਦੇ ਛੱਡੇ ਅਸਰ ਕਾਰਨ 40 ਕਰੋੜ (400 ਮਿਲੀਅਨ) ਭਾਰਤ ਲੋਕ ਪਹਿਲਾਂ ਨਾਲੋਂ ਵੱਧ ਗ਼ਰੀਬ ਹੋਏ ਹਨ ਅਤੇ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਹਨ। ਭਾਵੇਂ ਕਿ ਭਾਰਤ ਸਰਕਾਰ ਇਸ ਕਿਸਮ ਦੇ ਅੰਕੜੇ ਲੋਕ ਸਭਾ ਵਿਚ ਪੇਸ਼ ਕਰਨ ਤੋਂ ਕੰਨੀਂ ਕਤਰਾਉਂਦੀ ਹੈ ਅਤੇ ਦੇਸ਼ 'ਚ ਭੁੱਖ-ਮਰਨ ਵਾਲਿਆਂ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਪੇਸ਼ ਕਰਨ ਤੋਂ ਪੱਲਾ ਝਾੜ ਲੈਂਦੀ ਹੈ। ਪਰ ਸਰਕਾਰ ਕੀ ਉਨਾਂ ਅੰਕੜਿਆਂ ਜਾਂ ਰਿਪੋਰਟਾਂ ਨੂੰ ਝੁਠਲਾ ਸਕਦੀ ਹੈ ਜੋ ਇਹ ਕਹਿੰਦੇ ਹਨ ਕਿ ਗਲੋਬਲ ਹੰਗਰ ਇਡੈਕਸ 2020 ਅਨੁਸਾਰ ਦੁਨੀਆ ਦੇ 107 ਗ਼ਰੀਬੀ ਦਾ ਟਾਕਰਾ ਕਰ ਰਹੇ ਦੇਸ਼ਾਂ ਵਿਚ ਭਾਰਤ ਥੱਲਿਓਂ 94 ਨੰਬਰ ਉੱਤੇ ਹੈ। ਗ਼ਰੀਬਾਂ ਦੇ ਮਾਮਲੇ ਵਿਚ ਸਾਡਾ ਦੇਸ਼ ਨੇਪਾਲ ਜਿਸਦਾ ਦਰਜਾ 73, ਪਾਕਿਸਤਾਨ ਜਿਸਦਾ ਦਰਜਾ 88, ਬੰਗਲਾ ਦੇਸ਼ ਜਿਸਦਾ ਦਰਜਾ 75, ਇੰਡੋਨੇਸ਼ੀਆ ਜਿਸਦਾ ਦਰਜਾ 70 ਹੈ ਨੂੰ ਵੀ ਪਿੱਛੇ ਛੱਡ ਗਿਆ ਹੈ ਅਤੇ ਉਨਾਂ ਦੇਸ਼ਾਂ, ਨਾਈਜੀਰੀਆ, ਰਿਵਾਡਾ, ਅਫਗਾਨਿਸਤਾਨ, ਲਾਇਬੀਰੀਆ, ਮੋਜ਼ਮਬੀਕ ਵਰਗੇ ਅਤਿ ਦੀ ਗ਼ਰੀਬੀ ਹੰਢਾ ਰਹੇ ਦੇਸ਼ਾਂ 'ਚ ਸ਼ਾਮਲ ਹੋ ਗਿਆ ਹੈ। ਇਸ ਤੋਂ ਵੀ ਵੱਡੀ ਨਿਰਾਸ਼ਤਾ ਵਾਲੀ ਗੱਲ ਇਹ ਹੈ ਕਿ ਦੇਸ਼ ਦੀ ਕੁੱਲ ਆਬਾਦੀ ਦਾ 14 ਫ਼ੀਸਦੀ ਨੂੰ ਚੰਗੇਰੀ ਖ਼ੁਰਾਕ ਦੀ ਘਾਟ ਹੈ ਅਤੇ 37.4 ਫ਼ੀਸਦੀ ਬੱਚੇ ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਘੱਟ ਭਾਰ, ਘੱਟ ਉਚਾਈ ਵਾਲੇ ਦੇਸ਼ 'ਚ ਪੈਦਾ ਹੋ ਰਹੇ ਹਨ।

ਦੇਸ਼ ਦੀ ਆਰਥਿਕ ਸਥਿਤੀ ਵਿਚ ਨਿਘਾਰ ਆ ਰਿਹਾ ਹੈ। ਗ਼ਰੀਬ ਹੋਰ ਗ਼ਰੀਬ ਹੋ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਦੇਸ਼ ਸਿਰ ਦਿਨ ਪ੍ਰਤੀ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਦੇਸ਼ ਦੇ ਸਿਰ ਕੁਲ ਮਿਲਾ ਕੇ 101.3 ਲੱਖ ਕਰੋੜ ਕਰਜ਼ਾ ਹੈ ਅਤੇ ਹਰ ਨਵਾਂ ਜਨਮ ਲੈਂਦਾ ਭਾਰਤੀ ਬੱਚਾ ਔਸਤਨ 82000 ਰੁਪਏ ਦਾ ਕਰਜ਼ਾ ਆਪਣੇ ਸਿਰ ਲੈ ਕੇ ਜੰਮਦਾ ਹੈ। ਦੂਜੇ ਪਾਸੇ ਦੇਸ਼ ਦੇ ਅਮੀਰਾਂ ਦੀ ਦੌਲਤ ਵਿਚ ਇਤਨਾ ਵਾਧਾ ਹੋ ਰਿਹਾ ਹੈ। ਪ੍ਰਧਾਨ ਮੰਤਰੀ ਦੇ ਸੂਬੇ ਗੁਜਰਾਤ ਦੇ ਕਾਰੋਬਾਰੀ ਅਰਬਪਤੀ ਗੌਤਮ ਅਡਾਨੀ ਦੀ ਇਸ ਵਰਾ ਕੁਲ ਆਮਦਨ ਵਿਚ 1.41 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਜਦਕਿ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੇ ਧਨ ਦੇ ਅੰਬਾਰਾਂ ਵਿਚ 1.21 ਲੱਖ ਕਰੋੜ ਦਾ ਇਸ ਸਾਲ ਵਾਧਾ ਹੋਇਆ। ਅਡਾਨੀ ਦੀ ਕੁਲ ਜਾਇਦਾਦ ਇਸ ਵੇਲੇ 2.25 ਲੱਖ ਕਰੋੜ ਹੈ ਅਤੇ ਮੁਕੇਸ਼ ਅੰਬਾਨੀ ਦੀ ਜਾਇਦਾਦ ਇਸ ਵੇਲੇ 5.55 ਲੱਖ ਕਰੋੜ ਹੈ। ਦੇਸ ਦੇ ਹਾਲਾਤ ਇਹ ਹਨ ਕਿ ਬੇਰੁਜ਼ਗਾਰੀ ਵਿਚ ਵਾਧੇ, ਨੌਕਰੀਆਂ ਛੁੱਟ ਜਾਣ ਕਾਰਨ ਲੋਕਾਂ ਦੇ ਪਹਿਲਾਂ ਹੀ ਛੋਟੇ ਪੇਟ ਹੋਰ ਛੋਟੇ ਹੋ ਗਏ ਹਨ ਅਤੇ ਉਨਾਂ ਨੂੰ ਦੋ ਡੰਗ ਦੀ ਰੋਟੀ ਦੇ ਜੁਗਾੜ ਲਈ ਦਰ ਦਰ ਧੱਕੇ ਖਾਣ 'ਤੇ ਮਜਬੂਰ ਹੋਣਾ ਪੈ ਰਿਹਾ ਹੈ ਜਦਕਿ ਸਰਕਾਰੀ ਨੀਤੀਆਂ ਨੇ ਵੱਡਿਆਂ ਦੇ ਘਰ 'ਸੋਨੇ' ਦੇ ਬਣਾ ਦਿੱਤੇ ਹਨ। ਭਾਰਤ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਾਲੀ ਸਰਕਾਰ ਨੇ ਸਿਰਫ਼ ਦੇਸ਼ ਦੀ ਆਰਥਿਕਤਾ ਨੂੰ ਹੀ ਕੰਗਾਲ ਨਹੀਂ ਕੀਤਾ, ਇਸ ਦੇ ਲੋਕਤੰਤਰੀ ਢਾਂਚੇ ਨੂੰ ਤਹਿਸ ਨਹਿਸ਼ ਕਰਨ, ਸੂਬਿਆਂ ਦੇ ਸਾਰੇ ਅਧਿਕਾਰ ਆਪਣੇ ਹੱਥ ਕਰਕੇ ਉਨਾਂ ਨੂੰ ਸਿਰਫ਼ ਮਿਊਂਸਪਲ ਕਾਰਪੋਰੇਸ਼ਨਾਂ ਬਣਾ ਦਿੱਤਾ ਹੈ ਅਤੇ ਦੇਸ਼ 'ਚ ਇਕ ਧਿਰ, ਇਕ ਪੁਰਖੀ ਇੱਕ ਰੰਗੀ ਰਾਜ ਲਿਆਉਣ ਲਈ ਸ਼ਤਰੰਜ ਵਿਛੌਣੇ ਵਾਂਗਰ ਵਿਛਾ ਦਿੱਤੀ ਹੈ। ਇਕ ਬੋਲੀ-ਇਕ ਧਰਮ-ਇਕ ਰਾਸ਼ਟਰ-ਇਕ ਪਾਰਟੀ ਅਜੰਡਾ ਨੂੰ ਲਾਗੂ ਕਰਦਿਆਂ, ਦੇਸ਼ ਵਿਚ ਨਾਗਰਿਕਤਾ ਬਿੱਲ ਪਾਸ ਕਰਨਾ, ਜੰਮੂ-ਕਸ਼ਮੀਰ ਦਾ ਵੱਢਾਂਗਾ ਕਰਕੇ ਉੱਥੇ 370 ਧਾਰਾ ਖ਼ਤਮ ਕਰਨਾ, ਕਾਰਪੋਰੇਟੀ ਰੰਗੀ ਸਿੱਖਿਆ ਨੀਤੀ ਲਿਆਉਣਾ ਅਤੇ ਫਿਰ ਦੇਸ਼ ਦੇ ਕਿਸਾਨਾਂ ਤੋਂ ਜ਼ਮੀਨ ਹਥਿਆ ਕੇ ਸੱਭੋ ਕੁਝ ਕਾਰਪੋਰੇਟੀਆਂ ਹੱਥ ਫੜਾਉਣ ਲਈ ਤਿੰਨ ਖੇਤੀ ਕਾਨੂੰਨ ਪਾਸ ਕਰਨੇ ਇਹੋ ਜਿਹੀਆਂ ਕਾਰਵਾਈਆਂ ਹਨ, ਜੋ ਸੂਬਿਆਂ ਦੇ ਅਧਿਕਾਰਾਂ ਉੱਤੇ ਤਾਂ ਸੱਟ ਮਾਰਨ ਵਾਲੀਆਂ ਹੀ ਹਨ, ਪਰ ਨਾਲ-ਨਾਲ ਲੋਕਾਂ ਨੂੰ ਜਾਇਦਾਦ-ਵਿਹੂਣੇ, ਅਸਲੋਂ ਨੌਕਰ ਅਤੇ ਨਿਹੱਥੇ ਬਣਾਉਣ ਵਾਲੀਆਂ ਹਨ। ਦੇਸ਼ ਦੀਆਂ ਰਾਸ਼ਟਰੀ ਬੈਂਕਾਂ ਸਮੇਤ 23 ਸਰਕਾਰੀ ਅਦਾਰਿਆਂ (ਰੇਲਵੇ ਅਤੇ ਏਅਰ ਇੰਡੀਆ) ਦਾ ਨਿੱਜੀਕਰਨ, ਦੇਸ਼ ਦੇ ਲੋਕਾਂ ਨੂੰ ਗ਼ੁਲਾਮੀ ਦੇ ਦੌਰ ਵੱਲ ਧੱਕਣ ਦਾ ਸਾਧਨ ਬਣਨ ਵਾਲੇ ਕਾਰਜ ਹਨ, ਜੋ ਅਡਾਨੀਆਂ-ਅੰਬਾਨੀਆਂ ਵੱਲੋਂ ਸਿਰਜੀ ਦੇਸ਼ ਵਿਚਲੀ ਹਾਕਮ ਧਿਰ ਬਿਨਾਂ ਕਿਸੇ ਦੇ ਡਰ ਤੋਂ, ਪੂਰੀ ਹੈਂਕੜਬਾਜ਼ੀ ਅਤੇ ਜ਼ਿੱਦ ਨਾਲ ਨੇਪਰੇ ਚਾੜ ਰਹੀ ਹੈ। ਰਾਸ਼ਟਰੀ ਬੈਂਕ ਦੀ ਤੋੜ-ਭੰਨ ਤੱਕ ਹੀ ਗੱਲ ਜੇਕਰ ਸੀਮਤ ਰਹਿੰਦੀ ਤਾਂ ਸ਼ਾਇਦ ਸਰਕਾਰ ਦੀ ਨੀਤੀ ਕੁਝ ਲੁਕਵੀਂ ਰਹਿੰਦੀ, ਪਰ ਸਰਕਾਰ ਵੱਲੋਂ ਵੱਡੀਆਂ ਕੰਪਨੀਆਂ ਨੂੰ ਪ੍ਰਾਈਵੇਟ ਬੈਂਕਾਂ ਦੀਆਂ ਪ੍ਰੋਮੋਟਰ ਬਣਾਉਣ ਦੀ ਕਵਾਇਦ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਸ਼ੁਰੂ ਕਰ ਦਿੱਤੀ ਹੈ। ਜਿਸ ਤੋਂ ਸਾਫ਼ ਹੈ ਕਿ ਇਹ ਕੰਪਨੀਆਂ ਲਾਇਸੈਂਸ ਪੂੰਜੀ ਦੀ 1000 ਕਰੋੜ ਦੀ ਰਾਸ਼ੀ ਰਿਜ਼ਰਵ ਕਰਕੇ ਆਪਣੀਆਂ ਪ੍ਰਾਈਵੇਟ ਬੈਂਕਾਂ ਖੋਲ ਸਕਣਗੀਆਂ। ਇਹ ਸਭ ਕੁਝ ਦੇਸ਼ ਦੀ ਤਰੱਕੀ ਅਤੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੇ ਨਾਮ ਉੱਤੇ ਹੋ ਰਿਹਾ ਹੈ। ਅਰਥਚਾਰੇ ਨੂੰ ਵਡੇਰੀ ਸੱਟ ਮਾਰਦਿਆਂ ਸਮਾਜਿਕ ਢਾਂਚੇ ਵਿਚ ਜਿਹੋ ਜਿਹਾ ਵਿਗਾੜ ਅੱਜ ਜਿਸ ਤਰਾਂ ਦੇਸ਼ ਵਿਚ ਦਿੱਖ ਰਿਹਾ ਹੈ, ਇਹ ਆਜ਼ਾਦੀ ਦੇ 70 ਸਾਲਾਂ ਵਿਚ ਕਦੇ ਵੀ ਵੇਖਣ ਲਈ ਨਹੀਂ ਸੀ ਮਿਲਿਆ। ਲਵ ਜਿਹਾਦ ਦੇ ਨਾਮ ਉੱਤੇ ਦੇਸ਼ ਦੇ ਲੋਕਾਂ ਨੂੰ ਵੰਡਣ ਦੀ ਸਾਜ਼ਿਸ਼ ਯੂ.ਪੀ. ਸਰਕਾਰ ਵੱਲੋਂ ਘੜੀ ਜਾ ਰਹੀ ਹੈ। ਇਹ ਜਾਣਦਿਆਂ ਹੋਇਆ ਵੀ ਕਿ ਵਿਆਹ ਨਿੱਜੀ ਮਾਮਲਾ ਹੈ, ਇਸ ਉੱਤੇ ਲਗਾਈ ਕੋਈ ਵੀ ਬੰਦਿਸ਼ ਲਈ ਕਾਨੂੰਨ ਬਣਾਉਣਾ ਅਸੰਵਿਧਾਨਿਕ ਹੈ, ਪਰ ਲਵਜਿਹਾਦ ਧਰਮ ਪਰਿਵਰਤਨ ਕਾਨੂੰਨ ਯੂ.ਪੀ. ਵਿਚ ਮਿੱਥ ਕੇ ਪਾਸ ਕਰਨ ਦੀ ਤਿਆਰੀ ਹੋ ਰਹੀ ਹੈ।

ਫ਼ਿਰਕੂ ਵੰਡ, ਜਾਤ-ਪਾਤ ਦੀ ਵੰਡ ਪਾ ਕੇ ਵੋਟਾਂ ਹਥਿਆਉਣ ਦੀ ਹੋੜ ਅੱਜ ਦੇ ਹਕੂਮਤੀ ਦੌਰ ਤੋਂ ਪਹਿਲਾਂ ਸ਼ਾਇਦ ਕਦੇ ਨਹੀਂ ਵੇਖਿਆ ਹੋਵੇਗਾ। ਵਿਰੋਧੀਆਂ ਦੀਆਂ ਸਰਕਾਰਾਂ ਦੀ ਤੋੜ-ਭੰਨ ਅਤੇ ਸਿਰਜਨਾ, ਸੀ.ਬੀ.ਆਈ., ਈ.ਡੀ., ਚੋਣ ਕਮਿਸ਼ਨ, ਇੱਥੋਂ ਤੱਕ ਕਿ ਉੱਚ ਅਦਾਲਤਾਂ ਦੇ ਦਬਾਅ ਦੇ ਰੂਪ ਵਿਚ ਵੇਖੀ ਜਾ ਸਕਦੀ ਹੈ। ਹਰ ਹੀਲੇ ਚੋਣ ਜਿੱਤਣ ਲਈ ਹਰ ਹਰਬਾ ਵਰਤਣ ਦੀ ਉਦਾਹਰਨ ਭਲਾ ਬਿਹਾਰ ਤੋਂ ਬਿਨਾਂ ਹੋਰ ਕਿੱਥੇ ਵੇਖੀ ਜਾ ਸਕੇਗੀ? ਕਿਸਾਨਾਂ ਦਾ ਹੱਕੀ ਅੰਦੋਲਨ ਫੇਲ ਕਰਨ ਲਈ ਕਿਸੇ ਸੂਬੇ ਦੀ ਨਾਕਾਬੰਦੀ ਕਰਕੇ ਉਸ ਸੂਬੇ ਦੇ ਲੋਕਾਂ ਨੂੰ ਸਬਕ ਸਿਖਾਉਣ ਦੀ ਉਦਾਹਰਨ ਪੰਜਾਬ ਤੋਂ ਬਿਨਾਂ ਕੀ ਹੋਰ ਕਿਧਰੇ ਵੇਖਣ ਨੂੰ ਮਿਲੀ ਹੈ? ਪਾਰਲੀਮੈਂਟ ਵਿਚ ਬਿਨਾਂ ਬਹਿਸ ਕੀਤਿਆਂ ਪਾਸ ਕੀਤੇ ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿਚ ਧਰਨਾ ਲਾ ਕੇ ਬੈਠੀਆਂ ਮੁਸਲਿਮ ਬੀਬੀਆਂ ਨੂੰ ਸਿਆਸੀ ਹੱਥ ਕੰਡੇ ਵਰਤ ਕੇ ਉਠਾ ਦਿੱਤਾ ਗਿਆ। 370 ਧਾਰਾ ਦਾ ਵਿਰੋਧ ਕਰਨ ਵਾਲੇ ਨੇਤਾਵਾਂ ਨੂੰ ਨਜ਼ਰਬੰਦ ਕਰਕੇ, ਕਸ਼ਮੀਰੀਆਂ ਨਾਲ ਦੇਸ਼ ਵਿਚ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ, ਚਿੰਤਕਾਂ, ਲੇਖਕਾਂ, ਵਿਦਿਆਰਥੀਆਂ ਉੱਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਕੇ ਉਨਾਂ ਨੂੰ ਜੇਲੀਂ ਤੁੰਨ ਦਿੱਤਾ ਗਿਆ। ਉਨਾਂ ਨੂੰ ਟੁਕੜੇ-ਟੁਕੜੇ ਗੈਂਗ ਦਾ ਭਾਜਪਾ ਵੱਲੋਂ ਨਾਮ ਦਿੱਤਾ ਗਿਆ। ਅਸਲ ਵਿਚ ਤਾਂ ਭਾਜਪਾ ਆਪਣੇ ਸਾਰੇ ਸਿਆਸੀ ਵਿਰੋਧੀਆਂ ਨੂੰ ਗੈਂਗ ਦਾ ਦਰਜਾ ਦਿੰਦੀ ਹੈ ਭਾਵੇਂ ਉਹ ਸਿਆਸੀ ਵਿਰੋਧੀ ਹੋਣ, ਕੋਈ ਸੰਗਠਨ ਹੋਣ ਜਾਂ ਵਿਦਿਆਰਥੀ।

ਦੇਸ਼ ਦੇ ਸਿਆਸਤਦਾਨਾਂ ਦੀ ਦਸ਼ਾ ਦਾ ਇਕ ਝਲਕਾਰਾ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲਿਆ ਹੈ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ (ਏ.ਡੀ.ਆਰ.) ਦੀ ਇਕ ਰਿਪੋਰਟ ਮੁਤਾਬਿਕ ਬਿਹਾਰ ਵਿਧਾਨ ਸਭਾ ਲਈ ਚੁਣੇ ਗਏ 68 ਫ਼ੀਸਦੀ, ਵਿਧਾਨ ਸਭਾ ਮੈਂਬਰਾਂ ਦਾ ਰਿਕਾਰਡ ਮਾੜਾ ਹੈ, ਉਨਾਂ ਉੱਤੇ ਅਪਰਾਧਿਕ ਮਾਮਲਿਆਂ ਦੇ ਕੇਸ ਦਰਜ ਹਨ। ਇਹ ਅੰਕੜੇ 243 ਵਿਧਾਨ ਮੈਂਬਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਅਧਿਕਾਰਤ ਐਫੀਡੇਵਿਟਾਂ ਦੇ ਅਧਾਰ ਉੱਤੇ ਇਕੱਠੇ ਕੀਤੇ ਗਏ ਹਨ। ਪਿਛਲੇ ਸਾਲ 2019 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ 43 ਫ਼ੀਸਦੀ ਕਾਨੂੰਨ ਘਾੜੇ ਇਹੋ ਜਿਹੇ ਚੁਣੇ ਗਏ ਹਨ, ਜਿਨਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਭਾਜਪਾ ਦੇ ਐਮ.ਪੀਆਂ ਹੱਥ ਝੰਡੀ ਹੈ, ਉਨਾਂ ਦੇ 116 ਮੈਂਬਰ ਪਾਰਲੀਮੈਂਟ ਅਪਰਾਧਿਕ ਪਿਛੋਕੜ ਵਾਲੇ ਹਨ। ਇਸ ਸਬੰਧ ਵਿਚ ਸੁਪਰੀਮ ਕੋਰਟ ਦੀ ਬੇਵੱਸੀ ਹੀ ਕਹੀ ਜਾ ਸਕਦੀ ਹੈ ਕਿ ਉਸ ਵੱਲੋਂ ਕਹਿਣ ਦੇ ਬਾਵਜੂਦ ਵੀ ਪਾਰਲੀਮੈਂਟ ਵਿਚ ਕੋਈ ਕਾਨੂੰਨ ਇਸ ਸਬੰਧੀ ਪਾਸ ਨਹੀਂ ਕੀਤਾ ਜਾ ਰਿਹਾ ਜਿਹੜਾ ਅਪਰਾਧਿਕ ਮਾਮਲਿਆਂ ਵਾਲੇ ਲੱਠ ਮਾਰਾਂ ਨੂੰ ਦੇਸ਼ ਦੀ ਪਾਰਲੀਮੈਂਟ ਵਿਚ ਜਾਣ ਤੋਂ ਰੋਕੇ ਹਾਲਾਂਕਿ ਮੌਜੂਦਾ ਪ੍ਰਧਾਨ ਮੰਤਰੀ ਦੇਸ਼ ਵਿਚ ਭ੍ਰਿਸ਼ਟਾਚਾਰ ਮੁਕਤ ਸੁਸ਼ਾਸ਼ਨ ਅਤੇ ਹਰ ਇਕ ਨੂੰ ਇਨਸਾਫ਼ ਅਤੇ ਹਰ ਇਕ ਦਾ ਵਿਕਾਸ ਕਰਨ ਦੀ ਹਾਮੀ ਭਰਦੇ ਵੱਡੇ-ਵੱਡੇ ਭਾਸ਼ਣ ਦਿੰਦੇ ਹਨ।

ਨਰਿੰਦਰ ਮੋਦੀ ਸਰਕਾਰ ਦੀ ਗਾਲੜੀ ਕਾਰਗੁਜ਼ਾਰੀ ਕਾਰਨ ਅੱਜ ਦੇਸ਼ ਦਾ ਅਰਥਚਾਰਾ ਤਬਾਹ ਹੋ ਚੁੱਕਾ ਹੈ। ਬੇਰੁਜ਼ਗਾਰੀ, ਭੁੱਖਮਰੀ ਨੇ ਪੈਰ ਪਸਾਰ ਲਏ ਹਨ। ਦੇਸ਼ ਵਿਚ ਨਿਆਂ ਤੰਤਰ ਫੇਲ ਹੋ ਚੁੱਕਾ ਹੈ। ਬਾਬੂਸ਼ਾਹੀ, ਅਫ਼ਸਰਸ਼ਾਹੀ ਔਖੇ ਸਾਹ ਲੈ ਰਹੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਦੀਆਂ ਹੋਰ ਸਿਆਸੀ ਧਿਰਾਂ ਸਰਕਾਰ ਦੇ ਝੂਠ ਦਾ ਪਟਾਰਾ ਖੋਲਣ ਵਿਚ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਾਮਯਾਬ ਨਹੀਂ ਹੋ ਰਹੀਆਂ। ਸਰਕਾਰ ਝੂਠੇ ਅੰਕੜੇ ਪੇਸ਼ ਕਰਦੀ ਹੈ ਅਤੇ ਆਪ ਖ਼ਰੀਦੇ ਚੈਨਲਾਂ ਰਾਹੀਂ ਧੂੰਆਂਧਾਰ ਪ੍ਰਚਾਰ ਕਰਦੀ ਹੈ। ਨਿੱਤ ਦਿਹਾੜੇ ਪੁਰਾਣੀਆਂ ਸਕੀਮਾਂ ਨਵੀਂ ਬੋਤਲ 'ਚ ਪਾ ਕੇ ਸਰਕਾਰ ਵੱਲੋਂ ਇਵੇਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਜੋ ਦੱਸਦੀਆਂ ਹਨ ਕਿ ਸਿਰਫ਼ ਇਹਨਾਂ ਨਾਲ ਹੀ ਲੋਕਾਂ ਦਾ ਪਾਰ ਉਤਾਰਾ ਹੋ ਸਕਦਾ ਹੈ। ਮੋਦੀ ਸਰਕਾਰ ਨੇ ਦੇਸ਼ ਦੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਦੋ ਲੱਖ ਕਰੋੜ ਦਾ ਪੈਕੇਜ ਦੇਸ਼ ਨੂੰ ਦੇਣ ਦੀ ਗੱਲ ਕਹੀ ਪਰ ਇਸ ਵਿਚ ਨਵਾਂ ਸਿਰਫ਼ ਮਾਮੂਲੀ ਧਨ ਹੀ ਨਵਾਂ ਸੀ, ਬਾਕੀ ਸਭ ਅੰਕੜਿਆਂ ਦੀ ਖੇਲ ਸੀ। ਮੋਦੀ ਸਰਕਾਰ ਨੇ ਆਪਣੇ ਘਰਾਂ ਨੂੰ ਜਾਣ ਵਾਲੀ ਪ੍ਰਵਾਸੀ ਲੇਬਰ ਨੂੰ ਰੇਲ ਕਿਰਾਇਆ ਮੁਆਫ਼ ਕਰਨ ਦੀ ਗੱਲ ਕੀਤੀ, ਪਰ ਅਸਲ ਵਿਚ ਇਹ ਵੀ ਇਕ ਅਡੰਬਰ ਨਿਕਲਿਆ। (ਪਰ ਕੀ ਅਸਲ ਸਚਾਈ ਜਾਣਨ ਲਈ ਅਸੀਂ ਆਰ.ਟੀ.ਆਈ. ਰਾਹੀਂ ਸੂਚਨਾ ਪ੍ਰਾਪਤ ਕਰਕੇ ਸਰਕਾਰ ਦਾ ਭਾਂਡਾ ਨਹੀਂ ਫੋੜ ਸਕਦੇ?) ਬਿਨਾਂ ਸ਼ੱਕ ਦੇਸ਼ ਦੇ ਹਾਕਮ ਦਾ ਆਈ.ਟੀ.ਸੈਲ ਕਾਮਯਾਬੀ ਨਾਲ ਆਪਣੇ ਅਜੰਡੇ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ, ਪਰ ਕੀ ਲੋਕ ਹਿਤੈਸ਼ੀ ਧਿਰਾਂ ਸੋਸ਼ਲ ਮੀਡੀਆ ਰਾਹੀਂ ਇਸਦਾ ਮੁਕਾਬਲਾ ਨਹੀਂ ਕਰ ਸਕਦੀਆਂ? ਭਾਵੇਂ ਕਿ ਹਾਕਮ ਧਿਰ ਨੇ ਚੱਲ ਰਹੇ ਈ ਚੈਨਲਾਂ ਅਤੇ ਨਿਊਜ਼ ਈ ਚੈਨਲਾਂ ਉੱਤੇ ਪਾਬੰਦੀਆਂ ਲਗਾਉਂਦਿਆਂ ਇਕ ਆਰਡੀਨੈਂਸ ਰਾਹੀਂ ਇਹਨਾਂ ਨੂੰ ਸੂਚਨਾ ਅਤੇ ਬਰਾਡਕਾਸਟਿੰਗ ਮੰਤਰਾਲੇ ਦੇ ਅਧੀਨ ਲੈ ਆਂਦਾ ਹੈ।

ਦੇਸ਼ ਦੇ ਹਾਲਾਤ ਸਾਜਗਾਰ ਨਹੀਂ ਹਨ। ਦੇਸ਼ ਰਸਾਤਲ ਵੱਲ ਜਾ ਰਿਹਾ ਹੈ। ਦੇਸ਼ ਦਾ ਹਾਕਮ ਆਪਣਾ ਹਿੰਦੂਤਵ ਅਜੰਡਾ ਲਾਗੂ ਕਰਕੇ, ਦੇਸ਼ ਨੂੰ ਕਾਰਪੋਰੇਟਾਂ ਦੀ ਗ਼ੁਲਾਮੀ ਵੱਲ ਅੱਗੇ ਵਧਾ ਰਿਹਾ ਹੈ। ਉਹ ਦੇਸ਼ ਜਿਹੜਾ ਆਪਣੇ ਸੱਭਿਆਚਾਰਕ ਵਿਰਸੇ ਦੀ ਚੰਗੇਰੀ ਪਛਾਣ ਕਾਰਨ ਦੁਨੀਆ ਭਰ ਵਿਚ ਮਸ਼ਹੂਰ ਸੀ, ਜਿਹੜਾ ਦੁਨੀਆ ਦੇ ਸਭ ਤੋਂ ਵੱਡਾ ਲੋਕਤੰਤਰ ਵਜੋਂ ਜਾਣਿਆ ਜਾਂਦਾ ਸੀ, ਅੱਜ ਹਾਕਮ ਸਿਰ ਦੀਆਂ ਸੌੜੀਆਂ ਨੀਤੀਆਂ ਕਾਰਨ ਆਪਣੀ ਪਹਿਚਾਣ ਗੁਆਉਂਦਾ ਜਾ ਰਿਹਾ ਹੈ।

ਪ੍ਰੋਫੈਸ਼ਨਲੀ ਕੁਆਲੀਫਾਈਡ ਵਰ ਚਾਹੀਦਾ
ਜੱਟ ਸਿੱਖ ਸਿੱਧੂ, ਕੰਨਿਆ ਸਤੰਬਰ, 1988, 5'5", ਮਾਸਟਰ ਡਿਗਰੀ ਫਿਜਿਓਥੇਰੈਪੀ,
ਟੋਰਾਂਟੋ ਪੀ. ਆਰ. ਸਿਰਫ ਮਾਲਵਾ ਰਾਬਤਾ ਕਰੇ।
ਇੰਡੀਅਣ ਦਿਨ ਸਮੇਂ ਵਟਸਐਪ 9417026846
BEAUTIFUL JATT SIKH SIDHU, YOUNG GIRL,1988, 5'5",
MASTER DEGREE IN PHYSIOTHERAPY,
TORONTO P.R. , ONLY MALWA AREA CAN CONTACT.
WHATSAPP INDIAN DAY TIME ONLY
+91 - 9417026846


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com